**Golden State Realty** | **JASSI GILL** Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763



WWW.FATEH.CO
NEW
PRIDE OF PUNJAB
PREMIUM PUNJABI TIMEPIECES
ਸ਼ਾਨਦਾਰ ਪੰਜਾਬੀ ਘੜੀਆਂ:
ਸਾਡਾ ਵਕਤ, ਸਾਡੀ ਪਹਿਚਾਣ
WWW.FATEH.CO





COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 48; November 30, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ 'ਚ ਭਾਜਪਾ ਦੀ ਫੂਕ ਨਿੱਕਲੀ

### 'ਆਪ' ਨੂੰ ਅਕਾਲੀ ਦਲ ਦੀ ਗੈਰ-ਹਾਜ਼ਰੀ ਰਾਸ ਆਈ



**ਚੰਡੀਗੜ੍ਹ:** ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ (ਗਿੱਦੜਬਾਹਾ, ਚੱਬੇਵਾਲ, ਡੇਰਾ ਬਾਬਾ ਨਾਨਕ ਤੇ ਬਰਨਾਲਾ) ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਸੂਬੇ ਵਿਚ ਸਿਆਸੀ ਧਿਰਾਂ ਦੇ ਭਵਿੱਖ ਬਾਰੇ ਸਪਸ਼ਟ ਸੰਕੇਤ ਦਿੱਤੇ ਹਨ। ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਮਿਲੀ ਨਮੋਸ਼ੀ ਭਰੀ ਹਾਰ ਤੋਂ ਉੱਭਰਦਿਆਂ ਆਮ ਆਦਮੀ ਪਾਰਟੀ (ਆਪ) ਨੇ ਇਨ੍ਹਾਂ ਚੋਣਾਂ 'ਚ ਮੁੜ ਆਪਣਾ ਰੰਗ ਦਿਖਾਇਆ ਹਾਲਾਂਕਿ ਪਾਰਟੀ ਆਪਣਾ ਗੜ੍ਹ ਬਰਨਾਲਾ ਸੀਟ ਬਚਾਉਣ ਵਿਚ ਨਕਾਮ ਰਹੀ। ਬਰਨਾਲਾ ਤੋਂ ਕਾਂਗਰਸ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 'ਆਪ' ਉਮੀਦਵਾਰ ਅਤੇ ਮੌਜੂਦਾ ਸੰਸਦ ਮੈਂਬਰ ਮੀਤ ਹੇਅਰ ਦੇ ਕਰੀਬੀ ਹਰਿੰਦਰ ਸਿੰਘ ਧਾਲੀਵਾਲ ਨੂੰ 2157 ਵੋਟਾਂ ਦੇ ਫ਼ਰਕ ਨਾਲ ਹਰਾ ਕੇ 'ਆਪ' ਦੀ 'ਰਾਜਾਧਾਨੀ' ਕਹੇ ਜਾਂਦੇ ਬਰਨਾਲਾ ਵਿਚ 'ਪੰਜੇ' ਦਾ ਝੰਡਾ ਲਹਿਰਾਇਆ ਹੈ।

ਲੋਕ ਸਭਾ ਦੀਆਂ 13 ਸੀਟਾਂ ਉਤੇ 18.56 ਫ਼ੀਸਦੀ ਵੋਟਾਂ ਹਾਸਲ ਕਰ ਕੇ ਪੰਜਾਬ ਦੀ ਸਿਆਸਤ ਵਿਚ ਮਜ਼ਬੂਤੀ ਨਾਲ ਅੱਗੇ ਵਧਣ ਦਾ ਦਾਅਵਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਮਨੀ ਚੋਣਾਂ ਦੌਰਾਨ ਪੈਰ ਨਹੀਂ ਲੱਗ ਸਕੇ। ਇਨ੍ਹਾਂ ਚੋਣਾਂ ਨੇ ਸਪਸ਼ਟ ਇਸ਼ਾਰਾ ਕੀਤਾ ਹੈ ਕਿ ਭਗਵਾ ਧਿਰ ਲਈ ਪੰਜਾਬ ਅਜੇ ਦੂਰ ਦੀ ਕੌਡੀ ਹੈ। ਭਾਜਪਾ ਉਮੀਦਵਾਰਾਂ ਦੀਆਂ ਤਿੰਨ ਹਲਕਿਆਂ ਵਿਚ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ ਹੀ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਰਹੇ ਹਨ। ਭਾਜਪਾ ਨੇ ਹਲਕਾ ਗਿੱਦੜਬਾਹਾ ਤੋਂ ਚਾਰ ਵਾਰ ਵਿਧਾਇਕ ਚੁਣੇ ਗਏ ਮਨਪ੍ਰੀਤ ਸਿੰਘ ਬਾਦਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ ਪਰ ਸ੍ਰੀ ਬਾਦਲ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ। ਕੇਂਦਰ 'ਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਾਲੀ ਭਾਜਪਾ ਨੇ ਭਾਵੇਂ ਚਾਰੇ ਹਲਕਿਆਂ ਵਿਚ ਸਿੱਖ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਭਗਵਾ ਪਾਰਟੀ ਲਈ ਇਹ ਦਾਅ-ਪੇਚ ਵੀ ਸੂਬੇ 'ਚ ਫਿੱਟ ਨਹੀਂ ਬੈਠ ਸਕੇ।

ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ 13 ਵਿਚੋਂ ਸੱਤ ਸੀਟਾਂ ਜਿੱਤਣ ਵਾਲੀ ਕਾਂਗਰਸ ਪਾਰਟੀ ਦਾ ਪ੍ਰਦਰਸ਼ਨ ਸੂਬਾਈ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਕੋਈ ਖਾਸ ਨਹੀਂ ਰਿਹਾ। ਕਾਂਗਰਸ ਚਾਰ ਸੀਟਾਂ ਵਿਚ ਵਿਚੋਂ ਸਿਰਫ ਬਰਨਾਲਾ ਵਿਧਾਨਾ ਸਭਾ ਹਲਕੇ ਵਿਚ ਹੀ ਜਿੱਤ ਦਰਜ ਕਰ ਸਕੀ। ਕਾਂਗਰਸ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਬਰਨਾਲਾ ਤੋਂ 'ਆਪ' ਦੇ ਆਪਣੇ ਵਿਰੋਧੀ ਹਰਿੰਦਰ ਸਿੰਘ ਧਾਲੀਵਾਲ ਨੂੰ 2157 ਵੋਟਾਂ ਨਾਲ ਹਰਾਇਆ। ਜ਼ਿਕਰਯੋਗ ਹੈ ਕਿ ਕਾਂਗਰਸ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਾਕੀ ਤਿੰਨ ਹਲਕੇ ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਜਿੱਤੇ ਸਨ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗਿੱਦੜਬਾਹਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਿੰਪੀ ਢਿੱਲੋਂ ਨੂੰ 1349 ਵੋਟਾਂ ਨਾਲ ਹਰਾਇਆ ਸੀ।

ਇਨ੍ਹਾਂ ਨਤੀਜਿਆਂ 'ਚ ਜਿੰਨੀ ਚਰਚਾ ਸੱਤਾਧਾਰੀ ਪਾਰਟੀ ਦੀਆਂ ਜਿੱਤਾਂ ਦੀ ਹੋ ਰਹੀ ਹੈ, ਓਨੀ ਹੀ ਚਰਚਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਮੈਦਾਨ ਤੋਂ ਦੂਰ ਰਹਿਣ ਦੀ ਵੀ ਹੋ ਰਹੀ ਹੈ ਕਿਉਂਕਿ ਅਕਾਲੀ ਦਲ ਦੀਆਂ ਵੋਟਾਂ 'ਆਪ' ਵੱਲ ਨੂੰ ਖਿਸਕੀਆਂ ਹਨ ਜਿਨ੍ਹਾਂ ਫ਼ੈਸਲਾਕੁਨ ਭੂਮਿਕਾ ਅਦਾ ਕੀਤੀ। ਜ਼ਿਮਨੀ ਚੋਣਾਂ ਦੇ 'ਆਪ' ਪੱਖੀ ਨਤੀਜਿਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਦੇਣ ਦੱਸਦਿਆਂ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜੇਕਰ ਇਨ੍ਹਾਂ ਚੋਣਾਂ 'ਚ ਅਕਾਲੀ ਦਲ ਹਿੱਸਾ ਲੈਂਦਾ ਤਾਂ 'ਆਪ' ਦੀ ਹਾਰ ਯਕੀਨੀ ਸੀ।

'ਆਪ' ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਗੜ੍ਹ ਵਿਚਲੀਆਂ ਸੀਟਾਂ 'ਤੇ ਹੂੰਝਾ ਫੇਰਿਆ ਹੈ। ਤੈਅ ਹੈ ਕਿ ਸ਼੍ਰੋਮਣੀ ਅਕਾਲੀ ਦਲ

*(ਬਾਕੀ ਸਫਾ 6 'ਤੇ)*

## ਕਿਸਾਨਾਂ ਵੱਲੋਂ ਆਰ-ਪਾਰ ਦੀ ਲੜਾਈ ਲਈ ਰਣਨੀਤੀ



**ਚੰਡੀਗੜ੍ਹ:** ਕਿਸਾਨ ਅੰਦੋਲਨ ਦੌਰਾਨ ਕੇਂਦਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਖਨੌਰੀ ਅਤੇ ਸ਼ੰਭੂ ਬਾਰਡਰ ਉਤੇ ਲੱਗੇ ਮੋਰਚਿਆਂ ਤੋਂ ਹੁਣ ਆਰ-ਪਾਰ ਦੀ ਲੜਾਈ ਦੀ ਰਣਨੀਤੀ ਬਣਨ ਲੱਗੀ ਹੈ। ਕਿਸਾਨ ਆਗੂਆਂ ਵੱਲੋਂ ਖਨੌਰੀ ਬਾਰਡਰ ਉਤੇ ਮਰਨ ਵਰਤ ਸ਼ੁਰੂ ਕਰਨ ਅਤੇ 6 ਦਸੰਬਰ ਨੂੰ ਦਿੱਲੀ ਕੂਚ ਦੇ ਐਲਾਨ ਨਾਲ ਹਾਲਾਤ ਟਕਰਾਅ ਵਾਲੇ ਬਣ ਗਏ ਹਨ।

ਇਥੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦਿੱਲੀ ਅੰਦੋਲਨ ਦੀ ਚੌਥੀ ਵਰ੍ਹੇਗੰਢ ਮੌਕੇ ਮਰਨ ਵਰਤ ਸ਼ੁਰੂ ਕਰਨਾ ਸੀ ਪਰ ਇਸ ਤੋਂ ਪਹਿਲਾਂ ਹੀ ਵੱਡੀ ਗਿਣਤੀ ਵਿਚ ਪੁੱਜੀ ਪੁਲਿਸ ਨੇ ਮੋਰਚੇ ਵਾਲੀ ਥਾਂ 'ਤੇ ਧਾਵਾ ਬੋਲਿਆ ਅਤੇ ਕਿਸਾਨ ਆਗੂ ਨੂੰ ਜਬਰੀ ਚੁੱਕ ਕੇ ਲੈ ਗਈ। ਜਗਜੀਤ ਸਿੰਘ ਡੱਲੇਵਾਲ ਦੀ ਗੈਰ-ਮੌਜੂਦਗੀ ਵਿਚ ਬੀ.ਕੇ.ਯੂ. (ਸਿੱਧੂਪੁਰ) ਦੇ ਆਗੂ ਸੁਖਜੀਤ ਸਿੰਘ ਹਰਦੋਝੰਡੇ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਮੰਗਾਂ ਦੀ ਪੂਰਤੀ ਤੱਕ ਮਰਨ ਵਰਤ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਇਸ ਘਟਨਾ ਦਾ ਪਤਾ ਲੱਗਦਿਆਂ ਹੀ ਪੰਜਾਬ ਵਿਚੋਂ ਵੱਡੀ ਗਿਣਤੀ ਕਿਸਾਨਾਂ ਨੇ ਹਰਿਆਣਾ ਦੀ ਹੱਦ 'ਤੇ ਲੱਗੇ ਇਸ ਮੋਰਚੇ ਵੱਲ ਚਾਲੇ ਪਾ ਦਿੱਤੇ ਹਨ। ਕਿਸਾਨ ਜਥੇਬੰਦੀਆਂ ਦਾ ਦੋਸ਼ ਹੈ ਕਿ ਪੁਲਿਸ ਸਵਖਤੇ ਹੀ ਪੰਡਾਲ 'ਚ ਦਾਖਲ ਹੋ ਗਈ ਤੇ ਮਰਨ ਵਰਤ ਦੀ ਤਿਆਰੀ ਕਰ ਰਹੇ ਡੱਲੇਵਾਲ ਨੂੰ ਲੈ ਕੇ ਚਲੇ ਗਈ। ਆਗੂਆਂ ਨੇ ਪੰਡਾਲ ਦੀ ਭੰਨ੍ਹ-ਤੋੜ ਦਾ ਵੀ ਦੋਸ਼ ਲਾਇਆ ਹੈ। ਸ੍ਰੀ ਡੱਲੇਵਾਲ ਨੇ ਐਲਾਨ ਕੀਤਾ ਸੀ ਕਿ ਐਮ.ਐਸ.ਪੀ. ਸਣੇ ਕਿਸਾਨਾਂ ਦੀਆਂ ਹੋਰਨਾਂ ਮੰਗਾਂ ਮੰਨਵਾਉਣ ਲਈ ਉਹ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ ਹਨ। ਇਸ ਸਾਲ ਫਰਵਰੀ ਤੋਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਾਲੇ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਅਤੇ ਹਰਿਆਣਾ ਦੀ ਹੱਦ ਉੱਪਰ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਸੰਘਰਸ਼ ਜਾਰੀ ਹੈ। ਇਸ ਕਿਸਾਨ ਮੋਰਚੇ ਨੇ ਐਮ.ਐਸ.ਪੀ. ਨੂੰ ਕਾਨੂੰਨੀ ਮਾਨਤਾ ਦਿਵਾਉਣ ਅਤੇ ਕਰਜ਼ ਮੁਆਫ਼ੀ ਜਿਹੀਆਂ ਕਈ ਮੰਗਾਂ ਮਨਵਾਉਣ ਲਈ 'ਦਿੱਲੀ ਚਲੋ' ਦਾ ਸੱਦਾ ਦਿੱਤਾ ਸੀ ਜਿਸ ਤਹਿਤ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਪੁਲਿਸ ਅਤੇ ਕੇਂਦਰੀ ਬਲਾਂ ਨੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਵਿਆਪਕ ਰੋਕਾਂ ਲਾਉਣ ਜਿਹੇ ਸਖ਼ਤ ਕਦਮ ਚੁੱਕੇ ਸਨ। ਪਿਛਲੇ ਨੌਂ ਮਹੀਨਿਆਂ ਤੋਂ ਕੇਂਦਰ ਅਤੇ ਕਿਸਾਨਾਂ ਵਿਚਕਾਰ ਬਣੇ ਤਣਾਅ ਅਤੇ ਜਮੂਦ ਨੂੰ ਤੋੜਨ ਲਈ ਵੱਖ-ਵੱਖ ਪੱਧਰਾਂ 'ਤੇ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ, ਪਰ ਅਸਫਲ ਰਹੀਆਂ। ਹੁਣ ਕਿਸਾਨ ਜਥੇਬੰਦੀਆਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ।


**GOLDEN STATE REALITY**

"Realtor You Can Trust"
CRE Group Inc.

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773

Sam Chahal MBA
Sohanpreet Singh
Realtor - Lic# 01504071

Contact for Real Estate and Mortgage Needs
P: 916-612-5773
E: Samchahal@hotmail.com





Follow us on:
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



**GLOBAL TRUCK PERMITS**
18 years of experience





Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency Call anytime at **847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available

T B F
THE BAINS FIRM



Manpreet S. Bains

## Personal Injury and Wrongful Death Attorneys

Case Results*

**$10 MILLION**
Motorcycle vs. Truck Collision

**$8 MILLION**
Wrongful Death

**$5.25 MILLION**
Traumatic Brain Injury

**$1.1 MILLION**
Burn Injury

**$1.1 MILLION**
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

**CONTACT US AT:**

**Phone:** (510) 474-0028 • **E-mail:** info@thebainsfirm.com

**www.thebainsfirm.com**

# ਡਰਾਈਵਰਾਂ ਲਈ ਸੁਨਹਿਰੀ ਮੌਕਾ !

*ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।*

Prestige Freight



ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।

WE'RE HIRING!

OTR Drivers
Michigan Terminal
MI to TX dedicated runs

Contact Us For Details


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**+1 (734) 209-1964**
+1 (734) 228 6300

# Homeopathicvibes

## Harminder Singh Gill

**Homeopathic Consultant and Practitioner**



*D.H.M.S; B.C.I.H*
(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ । | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |
|---|---|---|

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# 'ਆਪ' ਦੀ ਅੱਖ ਹਿੰਦੂ ਵੋਟਾਂ ਉਤੇ, ਅਮਨ ਅਰੋੜਾ ਨੂੰ ਸੌਂਪੀ ਪੰਜਾਬ ਦੀ ਕਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਇਕਾਈ ਵਿਚ ਆਗਾਮੀ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਵੱਡਾ ਫੇਰਬਦਲ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ 'ਆਪ' ਦੀ ਕਮਾਨ ਸੌਂਪ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਥਾਂ ਹੁਣ ਅਮਨ ਅਰੋੜਾ ਲੈਣਗੇ, ਜਿਨ੍ਹਾਂ ਨੂੰ ਪੰਜਾਬ 'ਚ ਵੱਡਾ ਹਿੰਦੂ ਚਿਹਰਾ ਹੋਣ ਦੇ ਮੱਦੇਨਜ਼ਰ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ।



ਉਨ੍ਹਾਂ ਦੇ ਨਾਲ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜੋ ਵਿਧਾਇਕ ਬੁੱਧ ਰਾਮ ਦੀ ਥਾਂ ਲੈਣਗੇ। ਮੁੱਖ ਮੰਤਰੀ ਨੇ ਖ਼ੁਦ ਇਨ੍ਹਾਂ ਦੋਵੇਂ ਆਗੂਆਂ ਨੂੰ ਪਾਰਟੀ ਦੀ ਨਵੀਂ ਜ਼ਿੰਮੇਵਾਰੀ ਸੌਂਪੀ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ।

ਮੁੱਖ ਮੰਤਰੀ ਭਗਵੰਤ ਮਾਨ ਜਨਵਰੀ 2017 ਵਿਚ 'ਆਪ' ਦੇ ਪ੍ਰਧਾਨ ਬਣਾਏ ਗਏ ਸਨ ਅਤੇ ਪਾਰਟੀ ਨੇ 12 ਜੂਨ 2023 ਨੂੰ ਵਿਧਾਇਕ ਬੁੱਧ ਰਾਮ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਸੀ। ਮੁੱਖ ਮੰਤਰੀ ਨੇ 27 ਅਕਤੂਬਰ ਨੂੰ ਚੱਬੇਵਾਲ 'ਚ ਚੋਣ ਪ੍ਰਚਾਰ ਦੌਰਾਨ 'ਆਪ' ਦੀ ਪ੍ਰਧਾਨਗੀ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਪਾਰਟੀ ਨੇ ਸੂਬੇ ਵਿਚ ਹਿੰਦੂ ਵੋਟਰਾਂ ਨੂੰ ਖਿੱਚਣ ਲਈ ਪ੍ਰਮੁੱਖ ਹਿੰਦੂ ਚਿਹਰਾ ਹੋਣ ਕਰਕੇ ਅਮਨ ਅਰੋੜਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਭਾਜਪਾ ਵੱਲੋਂ ਹਿੰਦੂ ਭਾਈਚਾਰੇ ਨੂੰ ਆਕਰਸ਼ਿਤ ਕੀਤਾ ਜਾ ਰਿਹਾ ਹੈ, ਜਿਸ ਨੂੰ ਠੱਲ੍ਹਣ ਲਈ 'ਆਪ' ਨੇ ਇਹ ਪੈਂਤੜਾ ਵਰਤਿਆ ਹੈ। ਦਸੰਬਰ ਵਿਚ ਸੂਬੇ ਦੀਆਂ 42 ਨਗਰ ਕੌਂਸਲਾਂ ਅਤੇ ਪੰਜ ਨਗਰ ਨਿਗਮਾਂ ਦੀ ਚੋਣ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਸ਼ਹਿਰੀ ਚੋਣਾਂ ਤੋਂ ਪਹਿਲਾਂ ਅਮਨ ਅਰੋੜਾ ਨੂੰ 'ਆਪ' ਦੀ ਅਗਵਾਈ ਦਿੱਤੀ ਗਈ ਹੈ। 'ਆਪ' ਨੇ ਮਾਝੇ ਵਿਚ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਵਾਸਤੇ ਸ਼ੈਰੀ ਕਲਸੀ ਨੂੰ ਅੱਗੇ ਲਾਇਆ ਹੈ। ਪਤਾ ਲੱਗਾ ਹੈ ਕਿ 'ਆਪ' ਦੇ ਸੀਨੀਅਰ ਲੀਡਰਸ਼ਿਪ ਦੀ ਸਮਝ ਸੀ ਕਿ ਪਾਰਟੀ ਦੇ ਵਾਲੰਟੀਅਰਾਂ ਤੇ ਆਗੂਆਂ ਵਿਚ ਕੁਝ ਸਮੇਂ ਤੋਂ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਇਸ ਨੂੰ ਦੂਰ ਕਰਨ ਲਈ ਨਵੇਂ ਕਦਮ ਚੁੱਕੇ ਗਏ ਹਨ। ਪਾਰਟੀ ਲੀਡਰਸ਼ਿਪ ਇਸ ਗੱਲੋਂ ਸੰਤੁਸ਼ਟ ਸੀ ਕਿ ਪੰਜਾਬ ਵਿਚ ਦਲਿਤ ਭਾਈਚਾਰੇ 'ਚੋਂ ਕੈਬਨਿਟ ਵਿਚ ਛੇ ਮੰਤਰੀ ਹਨ ਅਤੇ ਮੁੱਖ ਮੰਤਰੀ ਦਾ ਅਹੁਦਾ ਜੱਟ ਸਿੱਖ ਕੋਲ ਹੈ। ਅਮਨ ਅਰੋੜਾ ਤੇ ਸ਼ੈਰੀ ਕਲਸੀ ਨੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ।

'ਆਪ' ਨੇ ਪਾਰਟੀ ਪ੍ਰਧਾਨ ਦੀ ਨਿਯੁਕਤੀ ਦੇ ਨਾਲ ਕਾਰਜਕਾਰੀ ਪ੍ਰਧਾਨ ਲਾ ਕੇ ਪੰਜਾਬ ਦੀ ਸਿਆਸਤ ਵਿਚ ਨਵਾਂ ਬਦਲਾਅ ਕੀਤਾ ਹੈ। ਆਮ ਤੌਰ 'ਤੇ ਸਿਆਸੀ ਪਾਰਟੀਆਂ ਵੱਲੋਂ ਹੁਣ ਤੱਕ ਪਾਰਟੀ ਪ੍ਰਧਾਨ ਦੇ ਨਾਲ ਉਪ ਪ੍ਰਧਾਨ ਤਾਂ ਲਾਏ ਜਾਂਦੇ ਰਹੇ ਹਨ ਪਰ ਕਿਸੇ ਨਵੇਂ ਪ੍ਰਧਾਨ ਦੀ ਨਿਯੁਕਤੀ ਨਾਲ ਕਾਰਜਕਾਰੀ ਪ੍ਰਧਾਨ ਕਦੇ ਨਹੀਂ ਲਾਇਆ ਗਿਆ।

### ਮੁੱਖ ਮੰਤਰੀ ਨੇ ਨਵੇਂ ਆਗੂਆਂ ਨੂੰ ਦਿੱਤੀ ਵਧਾਈ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਨਵ-ਨਿਯੁਕਤ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਇਹ ਆਗੂ ਸੰਗਠਨ ਨੂੰ ਬੁਲੰਦੀਆਂ ਉਤੇ ਲੈ ਕੇ ਜਾਣਗੇ ਅਤੇ ਪੰਜਾਬ ਵਿਚ 'ਆਪ' ਦੀ ਮਜ਼ਬੂਤੀ ਲਈ ਕੰਮ ਕਰਨਗੇ। ਮੁੱਖ ਮੰਤਰੀ ਨੇ ਦੋਵੇਂ ਆਗੂਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਰੋਸਾ ਜ਼ਾਹਿਰ ਕੀਤਾ ਕਿ ਨਵੇਂ ਆਗੂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰਨਗੇ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਦੋਵੇਂ ਆਗੂਆਂ ਨੂੰ ਵਧਾਈ ਦਿੱਤੀ ਹੈ।

# ਪਾਕਿਸਤਾਨ ਵੱਲੋਂ ਗੁਰੂ ਨਾਨਕ ਬਾਰੇ ਵਿਸ਼ੇਸ਼ ਸਿੱਕਾ ਜਾਰੀ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਰਕਾਰ ਨੇ ਯਾਦਗਾਰੀ ਸਿੱਕੇ ਜਾਰੀ ਹਨ ਜੋ ਸਿੱਖ ਸ਼ਰਧਾਲੂਆਂ ਦੇ ਜਥੇ ਦੀ ਵਾਪਸੀ ਮੌਕੇ ਜਥੇ ਦੇ ਆਗੂਆਂ ਨੂੰ ਵਾਹਗਾ ਸਰਹੱਦ 'ਤੇ ਭੇਟ ਕੀਤੇ।

ਜਾਰੀ ਕੀਤੇ ਸਿੱਕੇ ਸੁਨਹਿਰੀ ਰੰਗ ਦੇ ਹਨ ਜਿਨ੍ਹਾਂ ਉੱਪਰ ਇਕ ਪਾਸੇ ਅੰਗਰੇਜ਼ੀ ਅਤੇ ਦੂਜੇ ਪਾਸੇ ਉਰਦੂ ਵਿਚ ਅੱਖਰ ਉੱਕਰੇ ਹੋਏ ਹਨ। ਇਕ ਪਾਸੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਤਸਵੀਰ ਹੈ ਅਤੇ ਅੰਗਰੇਜ਼ੀ ਵਿਚ 555ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਉੱਕਰਿਆ ਹੋਇਆ ਹੈ। ਹੇਠਾਂ 1469-2024 ਲਿਖਿਆ ਹੋਇਆ ਹੈ। ਇਹ ਸਿੱਕੇ ਸੁੰਦਰ ਡੱਬੇ ਵਿਚ ਪੈਕ ਕੀਤੇ ਹੋਏ ਹਨ ਜਿਸ ਉੱਪਰ ਗੁਰੂ ਨਾਨਕ ਜੀ ਦੀ ਤਸਵੀਰ ਹੈ ਅਤੇ ਅੰਦਰਲੇ ਪਾਸੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਸਿੱਖਾਂ ਨੂੰ 555ਵੇਂ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਹੋਈਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਨਾਮ ਸਿੰਘ ਜੱਸਲ ਨੇ ਦੱਸਿਆ ਕਿ ਵਾਪਸੀ ਮੌਕੇ ਵਾਹਗਾ ਸਰਹੱਦ ਵਿਖੇ ਪੀ.ਐਸ.ਜੀ.ਪੀ.ਸੀ. ਅਤੇ ਪਾਕਿਸਤਾਨ ਸਰਕਾਰ ਦੇ ਅਧਿਕਾਰੀਆਂ ਵੱਲੋਂ ਸਿੱਖ ਜਥੇ ਦੇ ਲੀਡਰਾਂ ਨੂੰ ਇਹ ਯਾਦਗਾਰੀ ਸਿੱਕੇ ਭੇਟ ਕੀਤੇ ਗਏ ਹਨ।




Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

---

Ramgharia Family looking for a suitable match for their Canada PR 25, 5'4" daughter. Girl has Done Computer engineering diploma and currently studying Cybersecurity in bachelors. She is working as Cyber security supervisor. Please Contact us at : 639-895-1350. 46-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

---

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

---

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ। 41-44


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

# ਵਿਪਸਾ ਵੱਲੋਂ ਮਹਾਨ ਸ਼ਾਇਰ ਸੁਰਜੀਤ ਪਾਤਰ ਨੂੰ ਸਮਰਪਿਤ ਸਾਹਿਤਕ ਕਾਨਫਰੰਸ

## *ਪੰਜਾਬੀ ਬੋਲੀ, ਕਵਿਤਾ ਅਤੇ ਕਹਾਣੀ ਬਾਰੇ ਗੰਭੀਰ ਵਿਚਾਰ ਚਰਚਾ ਹੋਈ; ਪੰਜਾਬੀ ਸਾਹਿਤ ਪ੍ਰੇਮੀਆਂ ਵਲੋਂ ਕਾਨਫਰੰਸ ਨੂੰ ਭਰਵਾਂ ਹੁੰਗਾਰਾ*

**ਹੇਵਰਡ: (ਹਰਦਮ ਮਾਨ/ ਜਗਜੀਤ ਨੌਸ਼ਹਿਰਵੀ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਕੈਲੀਫੋਰਨੀਆ ਵੱਲੋਂ ਆਪਣੀ 24ਵੀਂ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ ਬੀਤੇ ਦਿਨੀਂ ਹੇਵਰਡ (ਕੈਲੀਫੋਰਨੀਆ) ਵਿਖੇ ਕਰਵਾਈ ਗਈ। ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮਰਪਿਤ ਇਸ ਦੋ ਰੋਜ਼ਾ ਕਾਨਫਰੰਸ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ।

ਕਾਨਫਰੰਸ ਦੇ ਪਹਿਲੇ ਦਿਨ ਗੁਲਸ਼ਨ ਦਿਆਲ, ਕੰਵਲਦੀਪ ਕੌਰ ਅਤੇ ਲਾਜ ਨੀਲਮ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਵਾਗਤੀ ਸੈਸ਼ਨ ਦੀ ਸ਼ੁਰੂਆਤ ਵਿਪਸਾ ਦੇ ਰੂਹੇ-ਰਵਾਂ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਦੇ ਮੋਹ ਭਰੇ ਸ਼ਬਦਾਂ ਨਾਲ ਹੋਈ। ਕੁਲਵਿੰਦਰ ਨੇ ਅਕੈਡਮੀ ਦੀ ਸਥਾਪਨਾ, ਸਰਗਰਮੀਆਂ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸ ਨੇ ਵਿਪਸਾਅ ਦੀ ਕਾਰਜਕਾਰਨੀ ਨਾਲ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਇਸ ਵਰ੍ਹੇ ਪ੍ਰਧਾਨ, ਜਗਜੀਤ ਨੌਸ਼ਹਿਰਵੀ ਜਨਰਲ ਸਕੱਤਰ, ਲਾਜ ਨੀਲਮ ਸੈਣੀ ਸਾਹਿਤ ਸਕੱਤਰ ਅਤੇ ਗੁਲਸ਼ਨ ਦਿਆਲ ਤੇ ਤਾਰਾ ਸਾਗਰ ਨੇ ਵਿੱਤ ਸਕੱਤਰ ਵਜੋਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਇਸ ਸਾਲ ਸਦੀਵੀ ਵਿਛੋੜਾ ਦੇ ਗਏ ਵਿਪਸਾਅ ਮੈਂਬਰ ਸ. ਹਰਭਜਨ ਢਿੱਲੋਂ ਅਤੇ



























ਚਰਨਜੀਤ ਸਿੰਘ ਪੰਨੂ, ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਅਮਰਜੀਤ ਕੌਰ ਪੰਨੂੰ ਮੀਤ-ਜਨਾਬ ਆਜ਼ਾਦ ਜਲੰਧਰੀ ਨੂੰ ਯਾਦ ਕਰਦਿਆਂ

*(ਬਾਕੀ ਅਗਲੇ ਸਫੇ ’ਤੇ)*

*(ਪਿਛਲਲੇ ਸਫੇ ਦੀ ਬਾਕੀ)*

ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਇਸ ਉਪਰੰਤ ਸੁਰਜੀਤ ਪਾਤਰ ਯਾਦਗਾਰੀ ਸੈਸ਼ਨ ਸ਼ੁਰੂ ਹੋਇਆ।

ਕੁਲਵਿੰਦਰ ਨੇ ਕਿਹਾ ਕਿ ਸਾਡੇ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਅਕਤੂਬਰ 2002 ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਸਥਾਪਨਾ ਕਰਨ ਸਮੇਂ ਡਾ. ਸੁਰਜੀਤ ਪਾਤਰ ਸਾਡੇ ਨਾਲ ਮੌਜੂਦ ਸਨ ਅਤੇ ਅਕੈਡਮੀ ਦਾ ਪਹਿਲਾ ਸਮਾਗਮ ਵੀ ਉਨ੍ਹਾਂ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ ਸੀ। ਡਾ. ਪਾਤਰ 2006, 2009, 2012 ਅਤੇ 2015 ਵਿਚ ਅਕੈਡਮੀ ਦੀਆਂ ਕਾਨਫਰੰਸਾਂ ਵਿਚ ਸ਼ਾਮਿਲ ਹੋ ਕੇ ਸਾਨੂੰ ਆਪਣਾ ਅਸ਼ੀਰਵਾਦ ਦਿੰਦੇ ਰਹੇ। ਡਾ. ਸੁਰਜੀਤ ਪਾਤਰ ਦੇ ਵਿਛੋੜੇ ਨੂੰ ਪੰਜਾਬੀ ਪਿਆਰਿਆਂ ਲਈ ਬਹੁਤ ਹੀ ਦੁਖਦਾਈ ਦੱਸਦਿਆਂ ਕੁਲਵਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਮਹਾਨ ਦੇਣ ਨੂੰ ਮੁੱਖ ਰੱਖਦਿਆਂ ਅਕੈਡਮੀ ਨੇ ਇਹ ਦੋ ਰੋਜ਼ਾ ਕਾਨਫਰੰਸ ਉਨ੍ਹਾਂ ਨੂੰ ਸਮਰਪਿਤ ਕੀਤੀ ਹੈ।

ਕਾਨਫਰੰਸ ਦੇ ਸਪਾਂਸਰ ਡਾ. ਸਰਬਜੀਤ ਸਿੰਘ ਹੁੰਦਲ, ਸੁਰਿੰਦਰ ਸਿੰਘ ਸੁੰਨੜ, ਡਾ. ਦਲਵੀਰ ਸਿੰਘ ਪੰਨੂ, ਅਤੇ ਗੁਰਦੀਪ ਸਿੰਘ ਸੇਖੋਂ ਦੇ ਨਾਲ ਪ੍ਰਧਾਨ ਕੁਲਵਿੰਦਰ, ਸ਼ਾਇਰ ਜਸਵਿੰਦਰ, ਡਾ. ਲਖਵਿੰਦਰ ਜੌਹਲ, ਅਤੇ ਡਾ. ਵਰਿਆਮ ਸਿੰਘ ਸੰਧੂ ਸਟੇਜ 'ਤੇ ਸੁਸ਼ੋਭਿਤ ਹੋਏ। ਇਸ ਸੈਸ਼ਨ ਦੀ ਕਾਰਵਾਈ ਡਾ. ਸੁਖਵਿੰਦਰ ਕੰਬੋਜ ਨੇ ਨਿਭਾਈ। ਕਾਨਫਰੰਸ ਦੇ ਮੁੱਖ ਸਪਾਂਸਰ ਸ. ਜਸਵੀਰ ਸਿੰਘ ਗਿੱਲ ਆਪਣੇ ਕਾਰੋਬਾਰੀ ਰੁਝੇਵਿਆਂ ਕਾਰਨ ਕਾਨਫਰੰਸ ਵਿਚ ਸ਼ਾਮਲ ਨਾ ਹੋ ਸਕੇ।

ਡਾ. ਸੁਰਜੀਤ ਪਾਤਰ ਦੇ ਨਿੱਘੇ ਦੋਸਤ ਡਾ. ਸਰਬਜੀਤ ਸਿੰਘ ਹੁੰਦਲ ਨੇ ਕਿਹਾ ਕਿ ਪਾਤਰ ਸਾਹਿਬ ਕੋਲ ਕਵਿਤਾ ਲਿਖਣ ਦਾ ਵੱਡਾ ਹੁਨਰ ਅਤੇ ਵੱਡੀ ਸੋਚ ਸੀ। ਉਹ ਮਹਾਨ ਕਵੀ ਹੋਣ ਦੇ ਨਾਲ ਨਾਲ ਬਹੁਤ ਹੀ ਵਧੀਆ ਇਨਸਾਨ ਸਨ ਅਤੇ ਉਨ੍ਹਾਂ ਦੀ ਹਲੀਮੀ ਭਰਪੂਰ ਸ਼ਖਸੀਅਤ ਸਭ ਨੂੰ ਮੋਹ ਲੈਂਦੀ ਸੀ। ਉਨ੍ਹਾਂ ਪਾਤਰ ਸਾਹਿਬ ਦੇ ਕੁਝ ਸ਼ਿਅਰਾਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਪੰਜਾਬੀ ਕਵਿਤਾ, ਸਭਿਆਚਾਰ, ਪੰਜਾਬ ਦੀ ਉਚਤਾ, ਸੁੱਚਤਾ, ਰਿਸ਼ਤਿਆਂ ਤੇ ਸਾਹਿਤਕ ਅਮੀਰੀ ਨੂੰ ਸੁਰਜੀਤ ਪਾਤਰ ਨੇ ਬਹੁਤ ਉਚੇ ਮੁਕਾਮ 'ਤੇ ਪਹੁੰਚਾਇਆ। ਜੋ ਹਰਮਨ ਪਿਆਰਤਾ ਉਨ੍ਹਾਂ ਦੇ ਹਿੱਸੇ ਆਈ ਉਹ ਹੋਰ ਕਿਸੇ ਸ਼ਾਇਰ ਦੇ ਹਿੱਸੇ ਨਹੀਂ ਆਈ। ਜਲੰਧਰ ਤੋਂ ਆਏ ਉਘੇ ਕਵੀ ਅਤੇ ਆਲੋਚਕ ਡਾ. ਲਖਵਿੰਦਰ ਸਿੰਘ ਜੌਹਲ ਨੇ ਪਾਤਰ ਸਾਹਿਬ ਨਾਲ ਬਿਤਾਏ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਤਰ ਸਾਹਿਬ ਦੀ ਸਹਿਜ ਸ਼ਖਸੀਅਤ ਤੋਂ ਜ਼ਿੰਦਗੀ ਵਿਚ ਵਿਚਰਨ ਦਾ ਸਲੀਕਾ ਹਾਸਲ ਕੀਤਾ।

ਡਾ. ਸੁਰਜੀਤ ਪਾਤਰ ਨਾਲ ਬਹੁਤ ਲੰਮੇਰੀ ਦੋਸਤੀ ਅਤੇ ਸਾਹਿਤਕ ਸਾਂਝ ਰੱਖਣ ਵਾਲੇ ਪੰਜਾਬੀ ਦੇ ਨਾਮਵਰ ਗਲਪਕਾਰ ਡਾ. ਵਰਿਆਮ ਸਿੰਘ ਸੰਧੂ ਨੇ ਪਾਤਰ ਸਾਹਿਬ ਨਾਲ ਆਪਣੀਆਂ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ। ਆਪਣੇ ਵਿਲੱਖਣ ਲਹਿਜ਼ੇ ਵਿਚ ਉਨ੍ਹਾਂ ਪਾਤਰ ਦੀ ਕਵਿਤਾ ਗ਼ਜ਼ਲ ਵਿਚ ਮਹਾਨਤਾ ਦੇ ਨਾਲ ਨਾਲ ਉਨ੍ਹਾਂ ਦੇ ਹਲੀਮੀ ਸੁਭਾਅ ਦੀਆਂ ਕਈ ਉਦਾਹਰਣਾਂ ਦਿੰਦਿਆਂ ਉਨ੍ਹਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਪਾਤਰ ਸਾਹਿਬ ਕਿਸੇ ਵੀ ਗੱਲ, ਵਿਚਾਰ ਦਾ ਪ੍ਰਗਟਾਵਾ ਬਹੁਤ ਸੋਚ ਵਿਚਾਰ ਤੋਂ ਬਾਅਦ ਕਰਦੇ ਸਨ। ਉਨ੍ਹਾਂ ਕਦੇ ਵੀ ਪਾਤਰ ਸਾਹਿਬ ਨੂੰ ਗੁੱਸੇ ਹੁੰਦਿਆਂ ਨਹੀਂ ਦੇਖਿਆ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ 'ਸੁਰਜੀਤ ਪਾਤਰ ਪੰਜਾਬੀ ਸਾਹਿਤ ਵਿਚ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਦੇ ਦਿਲਾਂ ਵਿਚ ਅਤੇ ਵਿਸ਼ਵ ਸਾਹਿਤ ਵਿਚ ਹਮੇਸ਼ਾ ਜ਼ਿੰਦਾ ਰਹੇਗਾ, ਪਾਤਰ ਕਦੇ ਨਹੀਂ ਮਰੇਗਾ'।

ਡਾ. ਦਲਵੀਰ ਸਿੰਘ ਪੰਨੂ, ਸੁਰਿੰਦਰ ਸਿੰਘ ਸੁੰਨੜ, ਗੁਰਦੀਪ ਸਿੰਘ ਸੇਖੋਂ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਵੀ ਮਰਹੂਮ ਸ਼ਾਇਰ ਸੁਰਜੀਤ ਪਾਤਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ, ਡਾ. ਲਖਵਿੰਦਰ ਜੌਹਲ, ਡਾ. ਸਰਬਜੀਤ ਸਿੰਘ ਹੁੰਦਲ, ਡਾ. ਦਲਬੀਰ ਸਿੰਘ ਪੰਨੂ, ਸੁਰਿੰਦਰ ਸੁੰਨੜ, ਗੁਰਦੀਪ ਸਿੰਘ ਸੇਖੋਂ, ਨਾਮਵਰ ਸ਼ਾਇਰ ਜਸਵਿੰਦਰ ਨੇ ਕੀਤੀ।

ਇਸ ਉਪਰੰਤ ਸ਼ਾਇਰਾ ਸੁਰਜੀਤ ਸਖੀ ਨੇ ਸੰਗੀਤਕ ਮਹਿਫ਼ਲ ਲਈ ਮੰਚ ਦੀ ਜ਼ਿੰਮੇਵਾਰੀ ਸੰਭਾਲਦਿਆਂ ਭਾਰਤ ਤੋਂ ਹੁਣੇ ਜਿਹੇ ਪਰਵਾਸ ਕਰਕੇ ਆਈ ਸੁਰੀਲੀ ਜੋੜੀ ਸੁਰਿੰਦਰ ਪਾਲ ਸਿੰਘ ਅਤੇ ਮੀਨੂੰ ਸਿੰਘ ਨੂੰ ਸੱਦਾ ਦਿੱਤਾ। ਉਨ੍ਹਾਂ ਨੇ ਸ਼ਬਦ ਗਾਇਨ ਤੋਂ ਬਾਅਦ ਪਾਤਰ ਦੀ ਗ਼ਜ਼ਲ ਅਤੇ ਸਖੀ ਦਾ ਗੀਤ ਗਾ ਕੇ ਮਾਹੌਲ ਸੰਜੀਦਾ ਬਣਾ ਦਿੱਤਾ।

ਸੁਖਦੇਵ ਸਾਹਿਲ ਨੇ ਸੁਰਜੀਤ ਪਾਤਰ, ਕੁਲਵਿੰਦਰ, ਜਸਵਿੰਦਰ, ਜਗਜੀਤ, ਸੁਰਿੰਦਰ ਸੀਰਤ ਅਤੇ ਹਰਜਿੰਦਰ ਕੰਗ ਆਦਿ ਦੀਆਂ ਗ਼ਜ਼ਲਾਂ ਨੂੰ ਸੁਰ ਦੇ ਕੇ ਸ਼ਾਮ ਨੂੰ ਸੁਰਮਈ ਰੰਗ ਵਿਚ ਢਾਲ ਦਿੱਤਾ। ਪਰਮਿੰਦਰ ਗੁਰੀ, ਬੀਨਾ ਸਾਗਰ, ਜੇ. ਐਸ ਚੰਦਨ, ਲਖਵਿੰਦਰ ਕੌਰ ਲੱਕੀ ਅਤੇ ਹੋਰ ਗਾਇਕਾਂ ਨੇ ਵੀ ਪਾਤਰ ਦੀਆਂ ਗ਼ਜ਼ਲਾਂ ਦਾ ਗਾਇਨ ਕੀਤਾ।

ਕਾਨਫਰੰਸ ਦੇ ਦੂਜੇ ਦਿਨ ਦਾ ਆਗ਼ਾਜ਼ ਅਕੈਡਮੀ ਦੀ ਸਰਗਰਮ ਮੈਂਬਰ ਲਾਜ ਨੀਲਮ ਸੈਣੀ ਵੱਲੋਂ ਅਕੈਡਮੀ ਦੀਆਂ ਪਿਛਲੇ ਇੱਕ ਸਾਲ ਦੌਰਾਨ ਹੋਈਆਂ ਸਰਗਰਮੀਆਂ ਦੀ ਰਿਪੋਰਟ ਪੜ੍ਹਨ ਨਾਲ ਹੋਇਆ। ਉਪਰੰਤ ਅਮਰੀਕੀ ਪੰਜਾਬੀ ਕਵਿਤਾ ਅਤੇ ਅਮਰੀਕੀ ਪੰਜਾਬੀ ਕਹਾਣੀ ਬਾਰੇ ਵਿਸ਼ੇਸ਼ ਵਿਚਾਰ ਚਰਚਾ ਹੋਈ ਅਤੇ ਕਵੀ ਦਰਬਾਰ ਹੋਇਆ।

ਅਮਰੀਕੀ ਪੰਜਾਬੀ ਕਵਿਤਾ ਦੇ ਸੈਸ਼ਨ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਦਵਾਨ ਡਾ. ਮੋਹਨ ਤਿਆਗੀ ਨੇ ਅਮਰੀਕਾ ਵਿਚ ਪੰਜਾਬੀ ਸ਼ਾਇਰਾਂ ਵੱਲੋਂ ਲਿਖੀ ਜਾ ਰਹੀ ਕਵਿਤਾ ਬਾਰੇ ਪਰਚਾ ਪੜ੍ਹਿਆ। ਅਮਰੀਕਾ ਦੇ ਪੰਜਾਬੀ ਕਵੀਆਂ ਅਤੇ ਉਨ੍ਹਾਂ ਵੱਲੋਂ ਰਚੀ ਜਾ ਰਹੀ ਕਵਿਤਾ ਦੇ ਸੰਦਰਭ ਵਿਚ ਉਨ੍ਹਾਂ ਆਪਣੇ ਖੋਜ ਪੱਤਰ ਰਾਹੀਂ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਸੰਤੋਖ ਸਿੰਘ ਮਿਨਹਾਸ, ਸੁਹਿੰਦਰਬੀਰ ਅਤੇ ਸੁਰਿੰਦਰ ਸੁੰਨੜ ਵਲੋਂ ਪਰਚੇ ਅਤੇ ਚਰਚਾ ਦੌਰਾਨ ਕੁਝ ਅਹਿਮ ਸਵਾਲ ਉਠਾਏ ਗਏ। ਡਾ. ਤਿਆਗੀ ਨੇ ਜਵਾਬ ਵਿੱਚ ਕਿਹਾ ਕਿ ਇਸ ਪਰਚੇ ਦੀਆਂ ਕਈ ਸੀਮਾਵਾਂ ਸਨ ਜਿਸ ਕਰਕੇ ਸਾਰੇ ਕਵੀ ਅਤੇ ਸਾਰਾ ਪਰਵਾਸ ਕਾਲ ਇਸ ਵਿੱਚ ਸ਼ਾਮਲ ਨਹੀਂ ਹੋ ਸਕਿਆ

ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਸ਼ਾਇਰ ਜਸਵਿੰਦਰ, ਡਾ. ਸਰਬਜੀਤ ਹੁੰਦਲ, ਸੁਰਜੀਤ ਕੌਰ ਟੋਰਾਂਟੋ, ਸੁਰਿੰਦਰ ਸੁੰਨੜ ਅਤੇ ਦਿਲ ਨਿੱਝਰ ਸ਼ਾਮਿਲ ਹੋਏ। ਸੰਚਾਲਨਾ ਪ੍ਰੋ. ਸੁਰਿੰਦਰ ਸੀਰਤ ਨੇ ਕੀਤੀ। ਸੀਰਤ ਨੇ ਅਮਰੀਕੀ ਪੰਜਾਬੀ ਕਵਿਤਾ ਬਾਰੇ ਵਿਚਾਰ ਪੇਸ਼ ਕੀਤੇ।

ਡਾ. ਲਖਵਿੰਦਰ ਜੌਹਲ ਨੇ ਅਮਰੀਕਾ ਵਿਚਲੀ ਪੰਜਾਬੀ ਕਵਿਤਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸਲ ਵਿਚ ਹੁਣ ਪ੍ਰਵਾਸ ਦੀ ਪਰਿਭਾਸ਼ਾ ਖਤਮ ਹੋ ਗਈ ਹੈ ਅਤੇ ਅਮਰੀਕਾ ਵਿਚ ਜੋ ਕਵਿਤਾ ਰਚੀ ਜਾ ਰਹੀ ਹੈ ਉਸ ਵਿਚ ਪ੍ਰਵਾਸ ਦੀ ਕੋਈ ਵੇਦਨਾ ਨਹੀਂ ਤੇ ਨਾ ਹੀ ਕੋਈ ਹੂ ਹੇਰਵਾ ਹੈ। ਅਮਰੀਕੀ ਪੰਜਾਬੀ ਕਵਿਤਾ ਇਨ੍ਹਾਂ ਅਲਾਮਤਾਂ ਤੋਂ ਅੱਗੇ ਨਿਕਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਅੱਜ ਦੀ ਸਮੁੱਚੀ ਪੰਜਾਬੀ ਕਵਿਤਾ ਵਿਚ ਪੰਜਾਬੀ ਦੁਨਿਆਵੀ ਵੇਦਨਾ ਦਾ ਜ਼ਿਕਰ ਹੈ, ਫਿਕਰ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਡਾ. ਰਾਜੇਸ਼ ਸ਼ਰਮਾ ਨੇ ਪੰਜਾਬੀ ਅਕਾਦਮਿਕ ਆਲੋਚਨਾ ਬਾਰੇ ਬਹੁਤ ਹੀ ਗੰਭੀਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਅਸਲ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਅਕਾਦਮਿਕ ਆਲੋਚਨਾ ਬਾਂਝ ਹੋ ਗਈ ਹੈ। ਅਸੀਂ ਸਾਹਿਤ ਨੂੰ ਇੱਕ ਦਸਤਾਵੇਜ ਦੇ ਤੌਰ 'ਤੇ ਪੜ੍ਹਦੇ ਹਾਂ, ਕਿਸੇ ਸਾਹਿਤਕ ਕਿਰਤ ਨੂੰ ਅਸੀਂ ਯਾਦਗਾਰੀ ਅਮਰ ਮਹਾਂ ਕਿਰਤ ਦੇ ਤੌਰ 'ਤੇ ਨਹੀਂ ਵਾਚਦੇ। ਉਨ੍ਹਾਂ ਪੰਜਾਬੀ ਲੇਖਕਾਂ, ਸ਼ਾਇਰਾਂ ਅਤੇ ਵਿਦਵਾਨਾਂ ਬਾਰੇ ਵੀ ਕਈ ਸਵਾਲ ਸਭ ਦੇ ਸਾਹਮਣੇ ਰੱਖੇ। ਡਾ. ਰਾਜੇਸ਼ ਸ਼ਰਮਾ ਦੇ ਵਿਚਾਰ ਇਸ ਦੋ ਦਿਨਾਂ ਕਾਨਫਰੰਸ ਦੀ ਮੁੱਖ ਪ੍ਰਾਪਤੀ ਕਹੇ ਜਾ ਸਕਦੇ ਹਨ ਜੋ ਪੰਜਾਬੀ ਸਾਹਿਤ, ਪੰਜਾਬੀ ਆਲੋਚਨਾ ਦਾ ਭਵਿੱਖੀ ਰੂਪ ਨਿਰਧਾਰਤ ਕਰਨ ਵਿਚ ਬਹੁਤ ਸਾਰਥਿਕ ਹੋ ਸਕਦੇ ਹਨ। ਸੁਰਿੰਦਰ ਸੁੰਨੜ ਨੇ ਸੁਰਜੀਤ ਪਾਤਰ ਜੀ ਨਾਲ ਆਪਣੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ।

ਦੂਜਾ ਸੈਸ਼ਨ ਅਮਰੀਕਾ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਸੀ ਜਿਸ ਵਿਚ ਨਾਮਵਰ ਕਹਾਣੀਕਾਰ ਡਾਕਟਰ ਵਰਿਆਮ ਸਿੰਘ ਸੰਧੂ ਦੇ ਸੁਝਾਅ ਅਨੁਸਾਰ ਕਾਨਫਰੰਸ ਵਿਚ ਹਾਜ਼ਰ ਕਹਾਣੀਕਾਰਾਂ ਨੇ ਆਪਣੇ ਬਾਰੇ, ਆਪਣੀ ਕਹਾਣੀ ਕਲਾ ਖੁਦ ਵਿਚਾਰ ਪੇਸ਼ ਕੀਤੇ। ਇਨ੍ਹਾਂ ਕਹਾਣੀਕਾਰਾਂ ਵਿਚ ਲਾਜ ਨੀਲਮ ਸੈਣੀ, ਹਰਪ੍ਰੀਤ ਕੌਰ ਧੂਤ, ਸੁਰਜੀਤ ਕੌਰ ਟੋਰਾਂਟੋ, ਰਾਜਵੰਤ ਰਾਜ, ਅਮਰਜੀਤ ਪੰਨੂੰ, ਡਾ. ਗੁਰਪ੍ਰੀਤ ਧੁੱਗਾ ਅਤੇ ਹਰਜਿੰਦਰ ਸਿੰਘ ਪੰਧੇਰ ਨੇ ਆਪਣੀਆਂ ਕਹਾਣੀਆਂ ਅਤੇ ਲਿਖਣ ਕਲਾ ਬਾਰੇ ਸੰਖੇਪ ਵਿਚਾਰ ਪੇਸ਼ ਕੀਤੇ। ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅਮਰੀਕਾ ਦੇ ਇਨ੍ਹਾਂ ਕਹਾਣੀਕਾਰਾਂ ਵੱਲੋਂ ਬਹੁਤ ਵਧੀਆ ਕਹਾਣੀ ਲਿਖੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਅਸਲ ਵਿਚ ਕਹਾਣੀ ਛੋਟਾ, ਵੱਡਾ ਹੋਣਾ ਕੋਈ ਮਾਅਨੇ ਨਹੀਂ ਰੱਖਦਾ ਪਰ ਲੋੜ ਇਸ ਗੱਲ ਦੀ ਹੈ ਕਿ ਕਹਾਣੀ ਮੁਕੰਮਲ ਹੋਣੀ ਚਾਹੀਦੀ ਹੈ। ਕਹਾਣੀ ਦੀ ਲੰਬਾਈ ਪਹਿਲਾਂ ਹੀ ਨਿਰਧਾਰਤ ਕਰ ਕੇ ਕਹਾਣੀ ਲਿਖਣੀ ਕਹਾਣੀ ਨਾਲ ਇਨਸਾਫ ਨਹੀਂ ਹੈ। ਉਨ੍ਹਾਂ ਆਪਣੀਆਂ ਲੰਬੀਆਂ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਤੇ ਨਾਲ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਅਫਸੋਸ ਹੈ ਕਿ ਹਾਲੇ ਤੱਕ ਕਿਸੇ ਵੀ ਵਿਦਵਾਨ ਜਾਂ ਆਲੋਚਕ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਸਹੀ ਪਰਿਖੇਪ ਵਿਚ ਨਹੀਂ ਸਮਝਿਆ।

ਕਾਨਫਰੰਸ ਦੇ ਆਖਰੀ ਸੈਸ਼ਨ ਵਿਚ ਹੋਏ ਕਵੀ ਦਰਬਾਰ ਵਿਚ ਹਾਜ਼ਰ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ, ਗ਼ਜ਼ਲਾਂ, ਗੀਤਾਂ ਰਾਹੀਂ ਕਾਨਫਰੰਸ ਨੂੰ ਖੂਬਸੂਰਤ ਕਾਵਿਕ ਮਾਹੌਲ ਵਿਚ ਰੰਗ ਦਿੱਤਾ। ਕਵੀ ਦਰਬਾਰ ਦੀ ਪ੍ਰਧਾਨਗੀ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਜਸਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਪ੍ਰਿਤਪਾਲ ਕੌਰ ਉਦਾਸੀ, ਸਤੀਸ਼ ਗੁਲਾਟੀ, ਡਾ. ਸੁਹਿੰਦਰਬੀਰ, ਕ੍ਰਿਸ਼ਨ ਭਨੋਟ, ਕੁਲਵਿੰਦਰ ਖਹਿਰਾ ਅਤੇ ਹਰਦਮ ਮਾਨ ਨੇ ਕੀਤੀ।

ਕਵੀ ਦਰਬਾਰ ਵਿਚ ਮਾਸਟਰ ਕਰਤਾਰ ਸਿੰਘ ਰੋਡੇ, ਅਮਰਜੀਤ ਜੌਹਲ, ਪ੍ਰਿੰ. ਹਜ਼ੂਰਾ ਸਿੰਘ, ਅਮਰ ਸੂਫੀ, ਜਯੋਤੀ ਸਿੰਘ, ਸੁੱਖੀ ਧਾਲੀਵਾਲ, ਸੁਰਜੀਤ ਕੌਰ ਸੈਕਰਾਮੈਂਟੋ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਹਰਪ੍ਰੀਤ ਕੌਰ ਧੂਤ, ਸੁਰਜੀਤ ਸਖੀ, ਡਾ. ਲਖਵਿੰਦਰ ਜੌਹਲ, ਸਤੀਸ਼ ਗੁਲਾਟੀ, ਡਾ. ਸੁਹਿੰਦਰਬੀਰ, ਰਾਜਵੰਤ ਕੌਰ ਸੰਧੂ, ਜਸਵਿੰਦਰ, ਹਰਦਮ ਮਾਨ, ਰਾਜਵੰਤ ਰਾਜ, ਅਵਤਾਰ ਗੋਂਦਾਰਾ, ਅਰਤਿੰਦਰ ਸੰਧੂ, ਅੰਜੂ ਮੀਰਾ, ਪ੍ਰਿਤਪਾਲ ਕੌਰ ਉਦਾਸੀ, ਡਾ. ਗੁਰਪ੍ਰੀਤ ਧੁੱਗਾ, ਸੁਖਪਾਲ ਸਿੰਘ ਕੋਟ ਬਖਤੂ, ਚਰਨਜੀਤ ਸਿੰਘ ਪੰਨੂੰ, ਕ੍ਰਿਸ਼ਨ ਭਨੋਟ, ਡਾ. ਬਿਕਰਮ ਸੋਹੀ, ਜਸਵੰਤ ਸ਼ਾਦ, ਦਲਵੀਰ ਕੌਰ ਯੂ.ਕੇ. ਡਾ. ਸੁਖਪਾਲ ਸੰਘੇੜਾ, ਲਖਵਿੰਦਰ ਕੌਰ ਲੱਕੀ, ਕੁਲਵਿੰਦਰ ਖਹਿਰਾ, ਸੁਰਜੀਤ ਕੌਰ ਟੋਰਾਂਟੋ, ਮੋਹਨ ਤਿਆਗੀ, ਇੰਦਰਜੀਤ ਗਰੇਵਾਲ, ਕਮਲ ਬੰਗਾ, ਗੁਰਦੀਪ, ਨੰਨੂ ਸਹੋਤਾ, ਹਰਜੀਤ ਹਠੂਰ, ਜਸਵੰਤ ਸ਼ੀਂਹਮਾਰ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਅਮਰਜੀਤ ਕੌਰ ਪੰਨੂ, ਐਸ਼ ਕੁਮ ਐਸ਼, ਗਗਨਦੀਪ ਮਾਹਲ ਨੇ ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕੀਤੀਆਂ।

ਨਾਮਵਰ ਸ਼ਾਇਰ ਦੇ ਸ਼ਿਅਰ 'ਗਜ਼ਬ ਦੇ ਮੋੜ 'ਤੇ ਪਹੁੰਚੀ ਕਹਾਣੀ, ਨਾ ਧਰਤੀ ਵਿਚ ਤੇ ਨਾ ਅੱਖਾਂ 'ਚ ਪਾਣੀ, ਕਿ ਜਿਸ ਵਿਚ ਠੇਲ੍ਹਦੇ ਹਾਂ ਖ਼ਾਬ ਆਪਾਂ, ਕਿਤੇ ਅੱਗ ਦੀ ਭਰੀ ਨਾ ਨਹਿਰ ਹੋਵੇ' ਨਾਲ ਕਵੀ ਦਰਬਾਰ ਆਪਣੇ ਸਿਖਰ 'ਤੇ ਪੁੱਜਿਆ। ਕਵੀ ਦਰਬਾਰ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਖ਼ੂਬਸੂਰਤ ਅਤੇ ਦਿਲਕਸ਼ ਅੰਦਾਜ਼ ਵਿਚ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਨਾਮਵਰ ਸ਼ਾਇਰ ਜਸਵਿੰਦਰ ਨੇ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਦੌਰਾਨ ਸੁਰਿੰਦਰ ਸੀਰਤ, ਸੁਰਜੀਤ ਸਖੀ, ਚਰਨਜੀਤ ਪੰਨੂੰ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਹਰਪ੍ਰੀਤ ਕੌਰ ਧੂਤ ਨੇ ਵੀ ਸਟੇਜ ਸੰਚਾਲਨ ਬਾਖੂਬੀ ਕੀਤਾ।

ਇਸ ਮੌਕੇ ਅਕੈਡਮੀ ਦੇ ਕਾਰਜਕਾਰੀ ਮੈਂਬਰਾਂ ਲਾਜ ਨੀਲਮ ਸੈਣੀ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਚਰਨਜੀਤ ਸਿੰਘ ਪੰਨੂੰ, ਪਵਿੱਤਰ ਕੌਰ ਮਾਟੀ, ਹਰਪ੍ਰੀਤ ਕੌਰ ਧੂਤ ਅਤੇ ਹੋਰ ਕਈ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕਰਨ ਤੋਂ ਇਲਾਵਾ ਅਤੇ ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਕੱਕੀ ਰੇਤ ਦੇ ਵਰਕੇ' ਅਤੇ 'ਕਾਲੇ ਹਰਫ਼ਾਂ ਦੀ ਲੋਅ', ਕੁਲਵਿੰਦਰ ਦੇ ਗ਼ਜ਼ਲ ਸੰਗ੍ਰਿਹ 'ਸ਼ਾਮ ਦੀ ਸ਼ਾਖ ਤੇ' ਦੇ ਨਵੇਂ ਐਡੀਸ਼ਨ, ਸਿੱਧੂ ਦਮਦਮੀ ਦੀ ਪੁਸਤਕ 'ਅਰਦਾਸ ਕਰਦੀਆਂ ਮਾਵਾਂ', ਅਰਤਿੰਦਰ ਸੰਧੂ ਦੀ ਪੁਸਤਕ 'ਬਿਸਾਤ', ਮੁਕੇਸ਼ ਸ਼ਰਮਾ ਦੀ 'ਅਪੇ ਨਾਲ ਬਾਤ' ਵੀ ਲੋਕ ਅਰਪਣ ਕੀਤੀਆਂ ਗਈਆਂ।

ਸਰੀ (ਕਨੈਡਾ) ਤੋਂ ਆਏ ਪ੍ਰਸਿੱਧ ਰੰਗਕਰਮੀ ਅਤੇ ਫਿਲਮ ਨਿਰਮਾਤਾ ਗੁਰਦੀਪ ਭੁੱਲਰ ਵੱਲੋਂ ਬਣਾਈ ਲਘੂ ਫ਼ਿਲਮ "ਘੰਟੀ" ਦਿਖਾਈ ਗਈ। ਨਸ਼ਿਆਂ 'ਤੇ ਆਧਾਰਤ 15 ਮਿੰਟ ਦੀ ਇਸ ਖ਼ਾਮੋਸ਼ ਫ਼ਿਲਮ ਨੇ ਅਜਿਹਾ ਪ੍ਰਭਾਵ ਸਿਰਜਿਆ ਕਿ ਦਰਸ਼ਕ ਕੁਝ ਪਲਾਂ ਲਈ ਸੁੰਨ ਹੋ ਗਏ। ਪ੍ਰੋ. ਹਰਿੰਦਰਜੀਤ ਸਿੰਘ ਸੰਧੂ ਨੇ ਫ਼ਿਲਮ ਅਤੇ ਨਿਰਦੇਸ਼ਕ ਭੁੱਲਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਦਰਸ਼ਕਾਂ ਦਾ ਧੰਨਵਾਦ ਕਿਤਾ। ਅਵਤਾਰ ਰੈਕਰਡਜ਼ ਗਰੁੱਪ ਵਲੋਂ ਲੋਪੋਕੇ ਬ੍ਰਦਰਜ਼ ਦਾ ਗਾਇਆ ਗੀਤ "ਇਤਿਹਾਸ" ਵੀ ਇਸ ਮੌਕੇ ਰਿਲੀਜ਼ ਕੀਤਾ ਗਿਆ। ਇਸ ਗੀਤ ਬਾਰੇ ਜਸਵੰਤ ਸ਼ਾਦ ਨੇ ਜਾਣਕਾਰੀ ਦਿੱਤੀ।

ਐਸ਼ ਕੁਮ ਐਸ਼ ਵੱਲੋਂ ਵਿਪਸਾਅ ਦੀ ਬਣਾਈ ਵੈੱਬਸਾਈਟ (www.vipsacaliforina.org) ਦਾ ਉਦਘਾਟਨ ਡਾ. ਵਰਿਆਮ ਸਿੰਘ ਸੰਧੂ ਨੇ ਕੀਤਾ। ਕੈਨੇਡਾ ਤੋਂ ਆਏ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਲਾਈ ਚਿੱਤਰ ਪ੍ਰਦਰਸ਼ਨੀ ਅਤੇ ਮੁਕੇਸ਼ ਸ਼ਰਮਾ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਵੱਲੋਂ ਲਗਾਇਆ ਕਿਤਾਬਾਂ ਦਾ ਸਟਾਲ ਪਾਠਕਾਂ ਨੇ ਬਹੁਤ ਸਲਾਹਿਆ।

ਇਸ ਕਾਨਫਰੰਸ ਨੂੰ ਨੇਪਰੇ ਚਾੜ੍ਹਨ ਵਿਚ ਆਸ਼ਾ ਸ਼ਰਮਾ, ਅਸ਼ੋਕ ਭੌਰਾ, ਜੋਤ ਰਣਜੀਤ ਕੌਰ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪ੍ਰੋ. ਸੁਖਦੇਵ ਸਿੰਘ, ਡਾ. ਬਲਵਿੰਦਰ ਸਿੰਘ, ਕੰਵਲਦੀਪ ਕੌਰ, ਸੁਰਿੰਦਰ ਸਿੰਘ ਧਨੋਆ, ਸੰਦੀਪ ਕੌਰ, ਧਰਵਿੰਦਰ ਸਿੰਘ, ਬਲਵਿੰਦਰ ਕੌਰ ਮੰਡ, ਮਲਵਿੰਦਰ ਸਿੰਘ ਮੰਡ, ਕੁਲਵੰਤ ਨਿੱਝਰ, ਸਰਬਜੀਤ ਸਿੰਘ ਗਿੱਲ ਅਤੇ ਬਲਵਿੰਦਰ (ਲਾਲੀ) ਧਨੋਆ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਨਰਿੰਦਰ ਬੱਗਾ ਅਤੇ ਵਿਜੇ ਸਿੰਘ ਦੀ ਸਾਂਝੀ ਅਤੇ ਅਵਾਜ਼ੀ ਟੀਮ ਨੇ ਸਟੇਜ ਦਾ ਪ੍ਰਬੰਧ ਬੜੀ ਕੁਸ਼ਲਤਾ ਨਾਲ ਨਿਭਾਇਆ।

ਪੰਜਾਬੀ ਕਮਿਊਨਿਟੀ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਇਸ ਕਾਨਫਰੰਸ ਵਿਚ ਹਾਜ਼ਰੀ ਲਵਾਈ ਜਿਨ੍ਹਾਂ ਵਿਚ ਮਹਿੰਗਾ ਸਿੰਘ ਸੰਧੂ, ਬਲਬੀਰ ਸਿੰਘ ਐਮ.ਏ (ਪਰਦੇਸ ਟਾਈਮਜ਼), ਸਤਨਾਮ ਸਿੰਘ ਖਾਲਸਾ (ਸਾਡੇ ਲੋਕ ਪੇਪਰ), ਸਰਪੰਚ ਅਵਤਾਰ ਸਿੰਘ ਸੰਧੂ, ਜਸਪਾਲ ਸਿੰਘ ਢਿੱਲੋਂ, ਡਾ. ਅਜੀਤਪਾਲ ਸਿੰਘ ਸੰਧੂ ਸ਼ਾਮਲ ਹਨ।

ਅੰਤ ਵਿਚ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਜਸਪ੍ਰੀਤ ਕੌਰ (ਪੰਜਾਬ ਟਾਈਮਜ਼) ਸਮੇਤ ਆਏ ਸਾਰੇ ਮਹਿਮਾਨਾਂ ਨੂੰ ਵਿਪਸਾਅ ਦਾ ਯਾਦਗਾਰੀ ਸ਼ਾਲ ਭੇਟ ਕਰ ਕੇ ਸਨਮਾਨਿਤ ਕੀਤਾ। ਕੁਲਵਿੰਦਰ ਨੇ ਕਾਨਫਰੰਸ ਨੂੰ ਸਫਲਤਾ ਤੀਕ ਪਹੁੰਚਾਉਣ ਲਈ ਆਪਣੀ ਸਮੁੱਚੀ ਕਾਰਜਸ਼ੀਲ ਟੀਮ ਅਤੇ ਹਾਜ਼ਰ ਵਿਦਵਾਨਾਂ ਮਹਿਮਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਭਵਿੱਖ ਵਿਚ ਵੀ ਅਜਿਹੇ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ।







**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸੁਖਬੀਰ ਸਣੇ ਹੋਰ ਅਕਾਲੀ ਆਗੂ ਅਕਾਲ ਤਖ਼ਤ 'ਤੇ ਤਲਬ

**ਅੰਮ੍ਰਿਤਸਰ:** ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮਾਮਲੇ ਵਿਚ ਅਗਲੇਰੀ ਕਾਰਵਾਈ ਤਹਿਤ ਸੁਖਬੀਰ ਸਿੰਘ ਬਾਦਲ ਅਤੇ ਹੋਰ ਆਗੂਆਂ ਨੂੰ 2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਹੈ। ਉਨ੍ਹਾਂ ਇਸ ਸਬੰਧੀ ਜ਼ਰੂਰੀ ਵਿਚਾਰ-ਵਟਾਂਦਰਾ ਕਰਨ ਵਾਸਤੇ 2 ਦਸੰਬਰ ਨੂੰ ਬਾਅਦ ਦੁਪਹਿਰ ਇਕ ਵਜੇ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾਈ ਹੈ।

ਅਕਾਲ ਤਖ਼ਤ ਸਕੱਤਰੇਤ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਲ 2007 ਤੋਂ 2017 ਵਾਲੀ ਅਕਾਲੀ ਸਰਕਾਰ ਦੀ ਸਮੁੱਚੀ ਸਿੱਖ ਕੈਬਨਿਟ, ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀ ਕੋਰ ਕਮੇਟੀ ਅਤੇ 2015 ਵੇਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ 2 ਦਸੰਬਰ ਨੂੰ ਤਲਬ ਕੀਤਾ ਗਿਆ ਹੈ। ਸਕੱਤਰੇਤ ਵੱਲੋਂ ਸਬੰਧ ਆਗੂਆਂ ਨੂੰ ਪੱਤਰ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਸਮੁੱਚੇ ਸਕੱਤਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੌਜੂਦ ਰਹਿਣ ਲਈ ਕਿਹਾ ਗਿਆ ਹੈ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਰਾਹੀਂ ਜਾਣਕਾਰੀ ਦਿੱਤੀ ਹੈ ਕਿ ਪਾਰਟੀ ਨਾਲ ਸਬੰਧਤ ਸਾਰੇ ਆਗੂਆਂ, ਵਰਕਰਾਂ ਅਤੇ ਬੁਲਾਰਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਨਹੀਂ ਕਰਨਗੇ ਅਤੇ ਨਾ ਹੀ ਪ੍ਰਤੀਕਰਮ ਦੇਣਗੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੇ ਗਏ ਆਦੇਸ਼ ਦੇ ਮੁਤਾਬਕ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂ ਨਿਮਾਣੇ ਸਿੱਖ ਵਜੋਂ ਨਿਰਧਾਰਤ ਮਿਤੀ ਨੂੰ ਅਕਾਲ ਤਖ਼ਤ ਵਿਖੇ ਪੇਸ਼ ਹੋਣਗੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦਾ ਆਦੇਸ਼ ਸਿਰ-ਮੱਥੇ ਉਤੇ ਪ੍ਰਵਾਨ ਹੋਵੇਗਾ।

## ਬਾਬਾ ਦਯਾ ਸਿੰਘ ਨੂੰ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ

**ਅੰਮ੍ਰਿਤਸਰ:** ਨਿਹੰਗ ਜਥੇਬੰਦੀ ਸੰਪਰਦਾਇ ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਰਹੇ ਸਵਰਗੀ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਮਰਨ ਉਪਰੰਤ ਅਕਾਲ ਤਖ਼ਤ ਤੋਂ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗੁਰਬਾਣੀ ਦੇ ਕੀਰਤਨ ਅਤੇ ਅਰਦਾਸ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਖ਼ਤ ਦੀ ਫਸੀਲ ਤੋਂ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਸ਼੍ਰੋਮਣੀ ਪੰਥ ਸੇਵਕ ਦੀ ਉਪਾਧੀ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਸਨਮਾਨ ਦਲ ਪੰਥ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੂੰ ਸੌਂਪਿਆ ਗਿਆ।

ਜ਼ਿਕਰਯੋਗ ਹੈ ਕਿ 15 ਜੁਲਾਈ 2024 ਨੂੰ ਅਕਾਲ ਤਖ਼ਤ ਸਾਹਿਬ ਵਿਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਬਾਬਾ ਦਯਾ ਸਿੰਘ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਹੋਇਆ ਸੀ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਾਬਾ ਦਯਾ ਸਿੰਘ ਵੱਲੋਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਦਯਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੁੰਦਿਆਂ ਸਿੱਖ ਪੰਥ ਲਈ ਵੱਡਮੁੱਲੀਆਂ ਸੇਵਾਵਾਂ ਕੀਤੀਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਤਤਪਰ ਰਹੇ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਇਹ ਸਨਮਾਨ ਦਿੱਤਾ ਜਾ ਰਿਹਾ ਹੈ।

## ਅਜਾਇਬ ਘਰ 'ਚ ਜਰਨੈਲ ਪੰਜਹੱਥਾ ਤੇ ਬਾਬਾ ਦਯਾ ਸਿੰਘ ਦੀਆਂ ਤਸਵੀਰਾਂ ਲਾਈਆਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸਥਿਤ ਕੇਂਦਰੀ ਸਿੱਖ ਅਜਾਇਬਘਰ ਵਿਚ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਬਹਾਦਰ ਜਰਨੈਲ ਨਿਧਾਨ ਸਿੰਘ ਪੰਜਹੱਥਾ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਨਿਭਾਈ। ਇਸ ਮੌਕੇ ਸ੍ਰੀ ਧਾਮੀ ਨੇ ਦੱਸਿਆ ਕਿ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਨੇ ਦੇਸ਼ਾਂ ਵਿਦੇਸ਼ਾਂ ਵਿਚ ਵਿਚਰ ਕੇ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ ਅਤੇ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਲੜ ਲਾਇਆ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਬਹਾਦਰ ਸਿੱਖ ਜਰਨੈਲ ਨਿਧਾਨ ਸਿੰਘ ਪੰਜਹੱਥਾ ਨੇ ਸੰਨ 1823 ਈਸਵੀ ਵਿਚ ਨੌਸ਼ਹਿਰੇ ਦੀ ਜੰਗ ਵਿਚ ਵੀਰਤਾ ਦੇ ਜੌਹਰ ਦਿਖਾਉਂਦੇ ਹੋਏ ਪੰਜ ਦੁਸ਼ਮਣ ਪਠਾਣ ਜਰਨੈਲਾਂ ਨੂੰ ਮਾਰ ਕੇ ਉਨ੍ਹਾਂ ਤੋਂ ਖੋਹੀਆਂ ਪੰਜ ਤਲਵਾਰਾਂ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕੀਤੀਆਂ ਸਨ, ਜਿਸ ਬਦਲੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਇਨਾਮ ਵਜੋਂ ਬਖ਼ਸ਼ੀ ਪੰਜ ਹਜ਼ਾਰ ਰੁਪਏ ਦੀ ਜਗੀਰ ਤੇ ਪੰਜ ਹੱਥੇ ਦਾ ਖ਼ਿਤਾਬ ਦਿੱਤਾ।

## ਪੰਜਾਬ ਸਰਕਾਰ ਨੇ ਗੰਨੇ ਦੇ ਭਾਅ ਵਿਚ ਵਧਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੰਨੇ ਦੇ ਪਿੜਾਈ ਸੀਜ਼ਨ ਦੇ ਪਹਿਲੇ ਦਿਨ ਸਾਲ 2024-25 ਲਈ ਗੰਨੇ ਦੀ ਕੀਮਤ ਵਿਚ 10 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਗੰਨੇ ਦਾ ਭਾਅ 391 ਤੋਂ ਵਧਾ ਕੇ 401 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਅਗੇਤੀਆਂ ਕਿਸਮਾਂ ਲਈ ਗੰਨੇ ਦਾ ਸਟੇਟ ਐਗਰੀਡ ਪ੍ਰਾਈਸ 401 ਰੁਪਏ ਅਤੇ ਦਰਮਿਆਨੀਆਂ ਤੇ ਪਿਛੇਤੀਆਂ ਕਿਸਮਾਂ ਲਈ 391 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਨਵੇਂ ਵਾਧੇ ਮਗਰੋਂ ਪੰਜਾਬ ਵਿਚ ਗੰਨੇ ਦਾ ਭਾਅ ਹਰਿਆਣਾ ਨਾਲੋਂ ਵਧ ਹੋ ਗਿਆ ਹੈ। ਹਰਿਆਣਾ ਵਿਚ ਗੰਨੇ ਦਾ ਭਾਅ 400 ਰੁਪਏ ਪ੍ਰਤੀ ਕੁਇੰਟਲ ਹੈ। ਕਿਸਾਨ ਧਿਰਾਂ ਨੇ ਪੰਜਾਬ ਸਰਕਾਰ ਤੋਂ ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਤੈਅ ਕਰਨ ਦੀ ਮੰਗ ਕੀਤੀ ਸੀ।

# ਪੰਜਾਬ 'ਚ ਭਾਜਪਾ ਦੀ ਫੂਕ ਨਿੱਕਲੀ

*(ਪਹਿਲੇ ਸਫੇ ਦੀ ਬਾਕੀ)*

ਦੇ ਉਮੀਦਵਾਰਾਂ ਦੀ ਗ਼ੈਰ-ਮੌਜੂਦਗੀ ਦਾ ਫ਼ਾਇਦਾ 'ਆਪ' ਨੂੰ ਮਿਲਿਆ ਹੈ। ਪੇਂਡੂ ਸੀਟਾਂ ਉਤੇ 'ਆਪ' ਦਾ ਦਬਦਬਾ ਰਿਹਾ, ਜਦੋਂ ਕਿ ਸ਼ਹਿਰੀ ਸੀਟ ਬਰਨਾਲਾ 'ਤੇ ਕਾਂਗਰਸ ਨੇ ਆਪਣੀ ਲੀਡ ਕਾਇਮ ਕੀਤੀ। ਚਾਰੇ ਸੀਟਾਂ ਦੇ ਸਮੁੱਚੀ ਵੋਟ ਫ਼ੀਸਦੀ 'ਚ 'ਆਪ' ਨੂੰ ਸਭ ਤੋਂ ਵੱਧ 46.72 ਫ਼ੀਸਦੀ ਵੋਟਾਂ ਮਿਲੀਆਂ। ਕਾਂਗਰਸ ਨੂੰ 34.59 ਤੇ ਭਾਜਪਾ ਨੂੰ 10.15 ਫ਼ੀਸਦੀ ਵੋਟ ਹਾਸਲ ਹੋਏ ਹਨ। ਚੋਣ ਮੈਦਾਨ ਵਿਚ ਨਿੱਤਰੇ ਕੁੱਲ 45 ਉਮੀਦਵਾਰਾਂ 'ਚੋਂ 35 ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਭਾਜਪਾ ਦੇ ਚਾਰ ਉਮੀਦਵਾਰਾਂ 'ਚੋਂ ਸਿਰਫ਼ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਹੀ ਆਪਣੀ ਜ਼ਮਾਨਤ ਬਚਾਅ ਸਕੇ।

'ਆਪ' ਨੇ ਮਾਝੇ ਅਤੇ ਦੁਆਬੇ ਵਿਚ ਆਪਣੀ ਇਕ-ਇਕ ਸੀਟ ਦਾ ਵਾਧਾ ਕਰ ਲਿਆ ਹੈ। 'ਆਪ' ਦੀ ਇਸ ਜਿੱਤ ਦਾ ਅਸਰ ਆਗਾਮੀ ਨਗਰ ਨਿਗਮ ਚੋਣਾਂ ਅਤੇ ਦਿੱਲੀ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ। ਹਲਕਾ ਗਿੱਦੜਬਾਹਾ ਵਿਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਿਸੇ ਤੀਜੀ ਧਿਰ ਦਾ ਖਾਤਾ ਖੁੱਲ੍ਹਿਆ ਹੈ। ਦੋ ਵਾਰ ਹਾਰ ਦੇਖਣ ਤੋਂ ਬਾਅਦ ਅਕਾਲੀ ਦਲ ਦਾ ਗੜ੍ਹ ਸਮਝੇ ਜਾਂਦੇ ਗਿੱਦੜਬਾਹਾ ਵਿਚ 'ਆਪ' ਨੇ ਪਹਿਲੀ ਵਾਰ ਜਿੱਤ ਹਾਸਲ ਕੀਤੀ ਹੈ। ਇਸ ਹਲਕੇ ਤੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਅਤੇ ਮਨਪ੍ਰੀਤ ਸਿੰਘ ਬਾਦਲ ਚਾਰ ਵਾਰ ਜੇਤੂ ਰਹੇ ਹਨ। ਮਰਹੂਮ ਹਰਚਰਨ ਸਿੰਘ ਬਰਾੜ ਨੇ ਵੀ ਇਸ ਹਲਕੇ ਤੋਂ ਚੋਣ ਜਿੱਤੀ ਸੀ। ਡੇਰਾ ਬਾਬਾ ਨਾਨਕ ਕਾਂਗਰਸ ਦਾ ਗੜ੍ਹ ਰਿਹਾ ਹੈ ਜਿੱਥੋਂ ਚਾਰ ਵਾਰ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਅਤੇ ਦੋ ਵਾਰ ਉਨ੍ਹਾਂ ਦੇ ਪਿਤਾ ਸੰਤੋਖ ਸਿੰਘ ਰੰਧਾਵਾ ਚੋਣ ਜਿੱਤ ਚੁੱਕੇ ਹਨ। ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਨੇ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਹਰਾਇਆ ਹੈ। ਬਰਨਾਲਾ ਹਲਕੇ 'ਚ ਪਹਿਲਾਂ ਅੱਠ ਵਾਰ ਅਕਾਲੀ ਦਲ ਅਤੇ ਪੰਜ ਵਾਰ ਕਾਂਗਰਸ ਚੋਣ ਜਿੱਤ ਚੁੱਕੀ ਹੈ। ਕਾਂਗਰਸ ਨੇ ਬਰਨਾਲਾ ਦੀ ਜ਼ਿਮਨੀ ਚੋਣ ਜਿੱਤ ਕੇ ਸਾਲ 1965 ਵਿਚ ਹੋਈ ਜ਼ਿਮਨੀ ਚੋਣ ਦੀ ਜਿੱਤ ਦਾ ਇਤਿਹਾਸ ਦੁਹਰਾ ਦਿੱਤਾ ਹੈ।

ਦੱਸ ਦਈਏ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਤੋਂ ਚੁਣੇ ਹੋਏ ਵਿਧਾਇਕ ਮੀਤ ਹੇਅਰ (ਆਪ), ਰਾਜਾ ਵੜਿੰਗ (ਕਾਂਗਰਸ), ਸੁਖਜਿੰਦਰ ਰੰਧਾਵਾ (ਕਾਂਗਰਸ) ਤੇ ਰਾਜ ਕੁਮਾਰ ਚੱਬੇਵਾਲ (ਆਪ) ਸੰਸਦ ਮੈਂਬਰ ਬਣ ਗਏ ਸਨ। ਸੀਟਾਂ ਖਾਲੀ ਹੋਣ ਤੋਂ ਬਾਅਦ ਹੁਣ ਇੱਥੇ ਜ਼ਿਮਨੀ ਚੋਣ ਕਰਵਾਈ ਗਈ ਸੀ।

ਹਾਲਾਂਕਿ ਇੱਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਫ਼ਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ ਤੇ ਜਿੱਤ ਦਾ ਫ਼ਰਕ ਕਾਫ਼ੀ ਘੱਟ ਰਿਹਾ। ਸੂਬੇ ਦੇ ਸਿਆਸੀ ਦ੍ਰਿਸ਼ ਨੂੰ ਦੇਖਦਿਆਂ ਇਨ੍ਹਾਂ ਚੋਣਾਂ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਕਾਫ਼ੀ ਕੁਝ ਦਾਅ ਉੱਤੇ ਵੀ ਲੱਗਾ ਹੋਇਆ ਸੀ ਕਿਉਂਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਆਸਾਂ ਮੁਤਾਬਕ ਨਹੀਂ ਰਹੀ ਸੀ ਤੇ ਸੂਬੇ ਦੀਆਂ ਕੁੱਲ 13 ਸੀਟਾਂ ਵਿਚੋਂ ਸੱਤਾਧਾਰੀ ਧਿਰ ਸਿਰਫ਼ 3 ਹੀ ਜਿੱਤ ਸਕੀ ਸੀ।

## ਰਾਜੋਆਣਾ ਦੀ ਰਹਿਮ ਸਬੰਧੀ ਅਰਜ਼ੀ ਸੰਵੇਦਨਸ਼ੀਲ ਮਾਮਲਾ: ਕੇਂਦਰ

**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਸਜ਼ਾ-ਏ-ਮੌਤ ਪ੍ਰਾਪਤ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਸਬੰਧੀ ਅਰਜ਼ੀ ਦਾ ਮਾਮਲਾ ਸੰਵੇਦਨਸ਼ੀਲ ਹੈ ਅਤੇ ਇਸ 'ਤੇ ਵਿਚਾਰ ਲਈ ਉਨ੍ਹਾਂ ਨੂੰ ਹਾਲੇ ਹੋਰ ਸਮਾਂ ਚਾਹੀਦਾ ਹੈ। ਇਸ ਮਗਰੋਂ ਬੈਂਚ ਨੇ ਅਰਜ਼ੀ ਉਤੇ ਸੁਣਵਾਈ ਚਾਰ ਹਫ਼ਤਿਆਂ ਲਈ ਟਾਲ ਦਿੱਤੀ।

ਜਸਟਿਸ ਬੀ.ਆਰ. ਗਵਈ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਰਾਜੋਆਣਾ ਦੀ ਅਰਜ਼ੀ ਉਤੇ ਸੁਣਵਾਈ ਕੀਤੀ ਜਾ ਰਹੀ ਹੈ ਜਿਸ 'ਚ ਉਨ੍ਹਾਂ ਮੰਗ ਕੀਤੀ ਹੈ ਕਿ ਰਹਿਮ ਦੀ ਪਟੀਸ਼ਨ ਉਤੇ ਫੈਸਲਾ ਲੈਣ 'ਚ ਵਾਧੂ ਦੇਰੀ ਹੋਣ ਕਾਰਨ ਉਸ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਬਦਲਣ ਦੇ ਨਿਰਦੇਸ਼ ਦਿੱਤੇ ਜਾਣ। ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਇਹ ਮਾਮਲਾ ਸੰਵੇਦਨਸ਼ੀਲ ਹੈ ਅਤੇ ਕੁਝ ਏਜੰਸੀਆਂ ਨਾਲ ਵਿਚਾਰ-ਵਟਾਂਦਰਾ ਕਰਨਾ ਹੋਵੇਗਾ। ਇਸ ਮਾਮਲੇ 'ਚ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਕੇ.ਐਮ. ਨਟਰਾਜ ਨੇ ਕਿਹਾ ਕਿ ਸਰਕਾਰ ਵੱਲੋਂ ਮਾਮਲੇ ਦੀ ਨਜ਼ਰਸਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਸੰਵੇਦਨਸ਼ੀਲ ਹੋਣ ਕਾਰਨ ਇਸ 'ਚ ਹਾਲੇ ਕੁਝ ਹੋਰ ਜਾਣਕਾਰੀ ਲੈਣ ਦੀ ਲੋੜ ਹੈ। ਸੁਪਰੀਮ ਕੋਰਟ ਨੇ 18 ਨਵੰਬਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਆਪਣੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ ਸੀ।

## ਦਮਦਮੀ ਟਕਸਾਲ ਵੱਲੋਂ ਭਾਜਪਾ ਨੂੰ ਸਮਰਥਨ ਦੇਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਦਮਦਮੀ ਟਕਸਾਲ ਵੱਲੋਂ ਮਹਾਰਾਸ਼ਟਰ ਵਿਚ ਚੋਣਾਂ ਦੌਰਾਨ ਭਾਜਪਾ ਨੂੰ ਸਮਰਥਨ ਦੇਣ ਦਾ ਮੁੱਦਾ ਭਖ ਗਿਆ ਹੈ। ਇਸ ਮਾਮਲੇ 'ਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਫ਼ੈਸਲਾ ਠੀਕ ਨਹੀਂ ਹੈ ਅਤੇ ਬਿਨਾਂ ਸ਼ਰਤ ਸਮਰਥਨ ਨਹੀਂ ਸੀ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਆਖਿਆ ਕਿ ਸਿੱਖ ਮਾਮਲਿਆਂ 'ਚ ਸਰਕਾਰਾਂ ਲਗਾਤਾਰ ਸਿੱਖਾਂ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ

**ਫਰਿਜ਼ਨੋ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ







ਸਿਆਲਕੋਟੀ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ ਤੇ ਸੁਰੈਣ ਸਿੰਘ ਛੋਟਾ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ, ਜੋ ਸ਼ਹੀਦਾਂ ਨੂੰ ਇੱਕ ਧਰਮ ਵਿਸ਼ੇਸ਼ ਦੀਆਂ ਵਲਗਣਾਂ 'ਚ ਕੈਦ ਕਰਨ, ਉਨ੍ਹਾਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਮਲੀਆਮੇਟ ਕਰਨ ਦੀਆਂ ਕੋਝੀਆਂ ਚਾਲਾਂ ਨੂੰ ਨਾਕਾਮ ਕਰਨ ਲਈ ਨਿਰੰਤਰ ਬੱਝਵੇਂ ਯਤਨ ਕਰਨ ਦੇ ਸੱਦੇ ਨਾਲ ਸੰਪੰਨ ਹੋ ਗਿਆ।

ਸਮਾਗਮ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਕਿਹਾ ਕਿ ਸਾਡੇ ਇਨ੍ਹਾਂ ਸ਼ਹੀਦਾਂ ਨੇ ਜਿੱਥੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਦੀ ਆਹੂਤੀ ਦਿੱਤੀ, ਓਥੇ ਗ਼ਦਰੀ ਬਾਬਿਆਂ ਨੇ ਸਾਨੂੰ ਇਨ੍ਹਾਂ ਦੇਸ਼ਾਂ ਵਿਚ ਵੀ ਸਿਰ ਚੁੱਕ ਕੇ ਜੀਊਣ ਜੋਗੇ ਬਣਾਇਆ। ਅੱਜ ਜੇ ਸਾਡੇ ਭਾਈਚਾਰੇ ਦੇ ਲੋਕ ਅਸੰਬਲੀ, ਵੱਖ-ਵੱਖ ਸਕੂਲ ਡਿਸਟ੍ਰਿਕਟ ਬੋਰਡ ਮੈਂਬਰ ਤੇ ਹੋਰ ਉੱਚ ਅਹੁਦਿਆਂ 'ਤੇ ਪਹੁੰਚ ਰਹੇ ਹਨ ਤਾਂ ਇਸ ਦਾ ਸਿਹਰਾ ਵੀ ਗ਼ਦਰੀ ਸੂਰਬੀਰਾਂ ਨੂੰ ਜਾਂਦਾ ਹੈ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਬਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਜਿਨ੍ਹਾਂ ਸ਼ਹੀਦਾਂ ਨੂੰ ਅੱਜ ਅਸੀਂ ਯਾਦ ਕਰ ਰਹੇ ਹਾਂ, ਉਨ੍ਹਾਂ ਦੀ ਕੁਰਬਾਨੀ ਲਾਸਾਨੀ ਹੈ। ਕੁੱਲ 25 ਦੇਸ਼ ਭਗਤਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਜਿਨ੍ਹਾਂ ਵਿਚੋਂ ਅਠਾਰਾਂ ਦੀ ਸਜ਼ਾ ਗਵਰਨਰ ਨੇ ਖੁਦ ਮੁਆਫ ਕਰ ਦਿੱਤੀ ਸੀ ਤੇ ਸਰਾਭਾ ਸਮੇਤ ਇਨ੍ਹਾਂ ਸੱਤਾਂ ਗ਼ਦਰੀਆਂ ਦੀ ਸਜ਼ਾ ਬਹਾਲ ਰੱਖੀ ਸੀ। ਉਹ ਆਖ਼ਰੀ ਸਾਹ ਤੱਕ ਦੇਸ਼ ਦੀ ਆਜ਼ਾਦੀ ਹਾਸਲ ਕਰਨ ਪ੍ਰਤੀ ਆਪਣੇ ਅਕੀਦੇ 'ਤੇ ਕਾਇਮ ਰਹੇ। ਕਿਸੇ ਨੇ ਵੀ ਮੁਆਫ਼ੀ ਮੰਗ ਕੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਛੋਟੀ ਉਮਰੇ ਸ਼ਹਾਦਤ ਦਾ ਜਾਮ ਪੀਣ ਵਾਲੇ ਸੂਰਬੀਰ ਵਜੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਦੀ ਮਿਸਾਲ ਦੇਸ਼ ਦੇ ਇਤਿਹਾਸ ਵਿਚ ਅੱਜ ਤੱਕ ਨਹੀਂ ਮਿਲਦੀ। ਏਨੀ ਛੋਟੀ ਉਮਰ 'ਚ ਪ੍ਰਬਲ ਇਨਕਲਾਬੀ ਜਜ਼ਬੇ ਦੇ ਨਾਲ ਨਾਲ ਬੌਧਿਕਤਾ ਦੇ ਪੱਧਰ ਨੂੰ ਏਨੀ ਉਚਾਈ ਤੱਕ ਲਿਜਾਣਾ ਕੋਈ ਛੋਟੀ ਗੱਲ ਨਹੀਂ। ਗ਼ਦਰੀ ਤੇ ਹੋਰ ਦੇਸ਼ ਭਗਤਾਂ ਨਾਲ ਸੰਬੰਧਤ ਯਾਦਗਾਰਾਂ ਨੂੰ ਮਲੀਆਮੇਟ ਕਰਨ ਦੀਆਂ ਕੁਚਾਲਾਂ ਪ੍ਰਤੀ ਚੌਕਸੀ ਦਾ ਸੱਦਾ ਦਿੰਦਿਆਂ ਉਨ੍ਹਾ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣਾ ਤੇ ਅਗਲੀਆਂ ਪੀੜ੍ਹੀਆਂ ਦੇ ਹੱਥਾਂ 'ਚ ਸੌਂਪਣਾ ਸਾਡੀ ਸਭਨਾਂ ਦੀ ਇਖਲਾਕੀ ਜ਼ਿੰਮੇਵਾਰੀ ਹੈ। ਇਸ ਮੌਕੇ ਸੁਰਿੰਦਰ ਸਿੰਘ ਮੰਢਾਲੀ, ਪਰਵੀਨ ਸ਼ਰਮਾ (ਪੰਜਾਬੀ ਰੇਡੀਓ), ਪਰਗਟ ਸਿੰਘ ਧਾਲੀਵਾਲ, ਡਾ. ਅਰਜਨ ਸਿੰਘ ਜੋਸਨ, ਕੁੰਦਨ ਸਿੰਘ ਧਾਮੀ, ਮਲਕੀਤ ਸਿੰਘ ਕਿੰਗਰਾ ਤੇ ਗੁਰਨਾਮ ਸਿੰਘ ਨੇ ਵੀ ਸੰਬੋਧਨ ਕੀਤਾ।

ਸਮਾਗਮ ਦੌਰਾਨ ਸ. ਨਰਿੰਦਰ ਸਿੰਘ ਸਹੋਤਾ ਨੂੰ ਸੈਲਮਾ ਯੂਨੀਫਾਈਡ ਸਕੂਲ ਡਿਸਟ੍ਰਿਕਟ ਦਾ ਦੂਸਰੀ ਵਾਰ ਬੋਰਡ ਮੈਂਬਰ ਬਣਨ ਅਤੇ ਜਸਪ੍ਰੀਤ ਸਿੱਧੂ ਨੂੰ ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਦਾ ਬੋਰਡ ਮੈਂਬਰ ਬਣਨ 'ਤੇ ਫੋਰਮ ਵੱਲੋਂ ਸਨਮਾਨਤ ਵੀ ਕੀਤਾ ਗਿਆ ਤੇ ਆਸ ਪ੍ਰਗਟਾਈ ਕਿ ਉਹ ਸਮਾਜ ਸੇਵਾ ਕਰਦਿਆਂ ਆਪਣੇ ਭਾਈਚਾਰੇ ਦੇ ਮਾਣ 'ਚ ਵਾਧਾ ਕਰਨਗੇ। ਵਰਣਨਯੋਗ ਹੈ ਕਿ ਇਹ ਦੋਵੇਂ ਨੌਜਵਾਨ ਆਗੂ ਕੈਲੀਫੋਰਨੀਆ ਦੇ ਸਰਕਾਰੀ ਸਕੂਲਾਂ 'ਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ।

ਇਸ ਮੌਕੇ ਜੀ ਐਚ ਜੀ ਅਕਾਡਮੀ ਦੀ ਨਿੱਕੀਆਂ ਬੱਚੀਆਂ ਨੇ ਗਿੱਧਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਇਨ੍ਹਾਂ ਬੱਚੀਆਂ ਦੀ ਹੌਸਲਾ ਹਫਜ਼ਾਈ ਸ਼ਾਨ-ਇ-ਪੰਜਾਬ ਸਟੋਰ ਦੇ ਮਾਲਕ ਸ. ਸੁਖਦੇਵ ਸਿੰਘ ਅਤੇ ਨਿਊ ਇੰਡੀਆ ਸਵੀਟਸ ਦੇ ਮਾਲਕ ਸ. ਜਸਵਿੰਦਰ ਸਿੰਘ ਨੇ ਕੀਤੀ।

ਹਰਜੀਤ ਸਿੰਘ ਮਰਸੈਂਡ ਤੇ ਪੱਪੀ ਭਦੌੜ ਨੇ ਆਪਣੇ ਗੀਤਾਂ ਨਾਲ ਸਮਾਂ ਬੰਨ੍ਹੀਂ ਰੱਖਿਆ। ਵਿਦਿਆਰਥਣ ਸੁਮੀਤ ਕੌਰ ਕਿੰਗਰਾ ਨੇ ਆਪਣੀ ਸੰਖੇਪ ਤਕਰੀਰ ਨਾਲ ਹਾਜ਼ਰੀ ਲਵਾਈ।

ਪੂਰਾ ਹਾਲ ਸਰੋਤਿਆਂ ਨਾਲ ਭਰਿਆ ਪਿਆ ਸੀ। ਸਮਾਗਮ ਦੌਰਾਨ ਗ਼ਦਰ ਲਹਿਰ ਨਾਲ ਸੰਬੰਧਤ ਕ੍ਰਾਂਤੀਕਾਰੀ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪੂਰੇ ਸਮਾਗਮ ਦੌਰਾਨ ਚਾਹ, ਪਕੌੜੇ ਤੇ ਮਿਠਾਈ ਦਾ ਲੰਗਰ ਅਤੁੱਟ ਵਰਤਿਆ।

ਫੋਰਮ ਦੇ ਪ੍ਰਧਾਨ ਸ. ਨਵਦੀਪ ਧਾਲੀਵਾਲ ਦੀ ਪ੍ਰਧਾਨਗੀ ਅਤੇ ਮਹਿੰਦਰ ਸਿੰਘ ਢਾਹ ਤੇ ਬਲਦੇਵ ਸਿੰਘ ਧਾਲੀਵਾਲ ਦੀ ਰਹਿਨੁਮਾਈ 'ਚ ਹੋਏ ਇਸ ਸਮਾਗਮ ਨੂੰ ਸਫਲ ਬਣਾਉਣ 'ਚ ਗੁਰਮੀਤ ਗਿੱਲ, ਪਰਮਜੀਤ ਢਿੱਲੋਂ, ਜਗਤਾਰ ਸਿੰਘ ਸੰਧੂ, ਸ਼ਰਨ ਧਾਲੀਵਾਲ, ਬਹਾਦਰ ਸਿੰਘ ਭੰਗਲ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਸਟੇਜ ਦੀ ਕਾਰਵਾਈ ਇੰਦਰਜੀਤ ਚੁਗਾਵਾਂ ਤੇ ਹਰਮਨ ਗਿੱਲ ਨੇ ਨਿਭਾਈ। ਫੋਰਮ ਦੇ ਪ੍ਰਧਾਨ ਸ. ਨਵਦੀਪ ਧਾਲੀਵਾਲ ਨੇ ਇੰਡੀਆ ਓਵਨ ਮੈਨੇਜਮੈਂਟ ਦਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੁਕੰਮਲ ਸਹਿਯੋਗ ਲਈ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ ਵੱਲੋਂ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਵਰਤਾਰੇ ਦੀ ਆਲੋਚਨਾ

**ਕਰਤਾਰਪੁਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਦੇ 400 ਸਾਲਾ ਜਨਮ ਦਿਹਾੜੇ ਸਬੰਧੀ ਸ਼ਤਾਬਦੀ ਸਮਾਗਮ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਕਰਤਾਰਪੁਰ ਵਿਚ ਪੰਥਕ ਰਵਾਇਤਾਂ ਮੁਤਾਬਕ ਕਰਵਾਏ ਗਏ। ਮੁੱਖ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਸਮੇਤ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।



ਇਸ ਮੌਕੇ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਾਤਾ ਗੁਜਰ ਕੌਰ ਜੀ ਉਹ ਮਹਾਨ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਨਿਖਾਰਨ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ ਉਮਰੇ ਆਪਣੇ ਅਕੀਦੇ ਉੱਪਰ ਕਾਇਮ ਰਹਿੰਦਿਆਂ ਵੱਡੀ ਸ਼ਹਾਦਤ ਦੇਣ ਲਈ ਦ੍ਰਿੜ੍ਹ ਕੀਤਾ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਵਰਤਾਰੇ ਦੀ ਸਖ਼ਤ ਆਲੋਚਨਾ ਕੀਤੀ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਥ ਵਿਰੋਧੀਆਂ ਵੱਲੋਂ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਕੇ ਸਿੱਖ ਕੌਮ ਦੀ ਵੱਖਰੀ ਹੋਂਦ ਤੇ ਹਸਤੀ ਨੂੰ ਰਲਗੱਡ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਤੇਜਾ ਸਿੰਘ ਖੁਡਾ ਕੁਰਾਲਾ, ਸ਼੍ਰੋਮਣੀ ਕਮੇਟੀ ਮੈਂਬਰ ਰਣਜੀਤ ਸਿੰਘ ਕਾਹਲੋਂ ਅਤੇ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਵਿਚਾਰ ਸਾਂਝੇ ਕੀਤੇ।

## ਸਾਜ਼ਿਸ਼ਾਂ ਤੋਂ ਚੇਤੰਨ ਰਹਿਣਾ ਜ਼ਰੂਰੀ: ਗਿਆਨੀ ਹਰਪ੍ਰੀਤ ਸਿੰਘ

**ਤਲਵੰਡੀ ਸਾਬੋ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮਾਤਾ ਗੁਜਰ ਕੌਰ ਸਬਰ, ਸਿਦਕ, ਸਹਿਣਸ਼ੀਲਤਾ ਦਾ ਮਹਾਨ ਸੋਮਾ ਅਤੇ ਵਿਸ਼ਾਲ ਜਿਗਰੇ ਵਾਲੇ ਸਨ। ਉਨ੍ਹਾਂ ਕਿਹਾ ਕਿ ਪੰਥ ਨੂੰ ਧਾਰਮਿਕ ਤੇ ਰਾਜਸੀ ਤੌਰ 'ਤੇ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਤੋਂ ਚੇਤੰਨ ਰਹਿਣਾ ਜ਼ਰੂਰੀ ਹੈ। ਉਨ੍ਹਾਂ ਅਕਾਲ ਤਖ਼ਤ ਦੀ ਗੱਲ ਕਰਦਿਆਂ ਕਿਹਾ ਕਿ ਇਹ ਇਕ ਇਮਾਰਤ ਨਹੀਂ, ਸਗੋਂ ਇਕ ਸਿਧਾਂਤ ਹੈ। ਇਮਾਰਤ ਨੂੰ ਤਾਂ ਢਾਹਿਆ ਜਾ ਸਕਦਾ ਹੈ, ਪਰ ਸਿਧਾਂਤ ਤੇ ਸੰਕਲਪ ਮੇਟੇ ਨਹੀਂ ਜਾ ਸਕਦੇ। ਉਨ੍ਹਾਂ ਕੌਮ ਨੂੰ ਆਪਣੀਆਂ ਸੰਸਥਾਵਾਂ ਦੇ ਸਿਧਾਂਤ 'ਤੇ ਪਹਿਰਾ ਦੇਣ ਲਈ ਕਿਹਾ।

# ਸੁਖਬੀਰ ਸਿੰਘ ਬਾਦਲ ਬਾਰੇ ਫੈਸਲਾ ਛੇਤੀ ਕੀਤਾ ਜਾਵੇਗਾ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਤਨਖਾਹੀਆ ਕਰਾਰ ਦਿੱਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਬਾਰੇ ਬਹੁਤ ਜਲਦ ਹੀ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਗੱਲ ਇੱਥੇ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ 'ਚ ਸ਼ਮੂਲੀਅਤ ਕਰਨ ਉਪਰੰਤ ਆਖੀ।

ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਮਸਲਾ ਬਹੁਤ ਵੱਡਾ ਹੈ ਅਤੇ ਦੁਨੀਆ ਭਰ ਦੇ ਸਿੱਖਾਂ ਦੀ ਇਸ ਪਾਸੇ ਨਜ਼ਰ ਹੈ, ਜਿਸ ਲਈ ਬਹੁਤ ਜਲਦੀ ਹੀ ਸਮੂਹ ਜਥੇਦਾਰ ਸਹਿਬਾਨ ਦੀ ਬੈਠਕ ਬੁਲਾਈ ਜਾ ਰਹੀ ਹੈ ਅਤੇ ਫ਼ੈਸਲਾ ਲਿਆ ਜਾਵੇਗਾ। ਸੁਖਬੀਰ ਬਾਦਲ ਨੂੰ ਧਾਰਮਿਕ ਜਾਂ ਰਾਜਨੀਤਕ ਸਜ਼ਾ ਦੇਣ ਸਬੰਧੀ ਸਵਾਲ ਉਤੇ ਜਥੇਦਾਰ ਟਾਲਾ ਵੱਟ ਗਏ ਅਤੇ ਕਿਹਾ, "ਇਸ ਬਾਰੇ ਸਮੇਂ ਅਨੁਸਾਰ ਵੇਖਿਆ ਜਾਵੇਗਾ।" ਜਥੇਦਾਰ ਨੇ ਕਿਹਾ ਕਿ ਅਕਾਲੀ ਦਲ ਤੋਂ ਬਿਨਾਂ ਪੰਜਾਬ ਵਿਕਾਸ ਨਹੀਂ ਕਰ ਸਕਦਾ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕੀਤੀ ਹੈ। ਇਸ ਲਈ ਕੌਮ ਦੀ 100 ਸਾਲ ਪੁਰਾਣੀ ਜਥੇਬੰਦੀ ਨੂੰ ਤਕੜਾ ਕਰਨਾ ਜ਼ਰੂਰੀ ਹੈ। ਉਨ੍ਹਾਂ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵੱਲੋਂ ਮੀਡੀਆ 'ਚ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਕਿਹਾ ਕਿ ਉਨ੍ਹਾਂ ਨੂੰ ਹਰ ਪਦਵੀ ਦਾ ਸਤਿਕਾਰ ਕਰਨਾ ਚਾਹੀਦਾ ਹੈ।




ਇਸ ਤੋਂ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਰਵਾਈ 68ਵੀਂ ਸਿੱਖ ਵਿੱਦਿਅਕ ਕਾਨਫ਼ਰੰਸ ਦੇ ਸਮਾਪਤੀ ਸਮਾਰੋਹ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਜਥੇਦਾਰ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਪੀਕਰ ਕੁਲਤਾਰ ਸੰਧਵਾਂ ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪੰਜਾਬ, ਪੰਜਾਬੀਅਤ ਤੇ ਪੰਜਾਬੀ ਮਾਂ ਬੋਲੀ ਦੀ ਰਾਖੀ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ।

ਜਥੇਦਾਰ ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ ਧਾਮੀ ਤੇ ਕੁਲਤਾਰ ਸੰਧਵਾਂ ਨੇ ਕਿਹਾ ਕਿ ਹੁਣ ਸਮੇਂ ਦੀ ਲੋੜ ਹੈ ਕਿ ਪੰਜਾਬੀ ਭਾਸ਼ਾ ਮਨਸੂਈ ਬੌਧਿਕਤਾ (ਏਆਈ) ਦਾ ਸਹਾਰਾ ਲੈਂਦੇ ਹੋਏ ਅੱਗੇ ਵਧੇ।

ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੁੜ ਅਪੀਲ ਕੀਤੀ ਸੀ ਕਿ ਉਨ੍ਹਾਂ ਦੇ ਮਾਮਲੇ 'ਤੇ ਜਲਦੀ ਵਿਚਾਰ ਕਰਕੇ ਉਸ ਦਾ ਨਿਬੇੜਾ ਕੀਤਾ ਜਾਵੇ। ਉਨ੍ਹਾਂ ਨੇ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਨਿਮਰਤਾ ਸਹਿਤ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਵਿਖੇ ਪੇਸ਼ ਹੋਣਾ ਚਾਹੁੰਦੇ ਹਨ।

ਸੁਖਬੀਰ ਬਾਦਲ ਨੇ ਇਹ ਪੱਤਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਲਿਖਿਆ ਸੀ ਪਰ ਇਹ ਹੁਣ ਜਨਤਕ ਹੋਇਆ ਹੈ। ਸੁਖਬੀਰ ਨੇ ਇਸ ਤੋਂ ਪਹਿਲਾਂ ਖੁਦ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਆ ਕੇ ਤੇ ਪੱਤਰ ਦੇ ਕੇ ਮਾਮਲੇ 'ਤੇ ਜਲਦੀ ਵਿਚਾਰ ਕਰਨ ਦੀ ਅਪੀਲ ਕੀਤੀ ਸੀ। ਤਨਖ਼ਾਹੀਆ ਕਰਾਰ ਦਿੱਤੇ ਜਾਣ ਦੇ ਅਗਲੇ ਦਿਨ ਹੀ ਉਨ੍ਹਾਂ ਨੇ ਅਕਾਲ ਤਖ਼ਤ ਵਿਖੇ ਪੁੱਜ ਕੇ ਆਪਣਾ ਖਿਮਾਯਾਚਨਾ ਪੱਤਰ ਦੇ ਦਿੱਤਾ ਸੀ। ਇਸੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵੀ ਦੋ ਵਾਰ ਜਥੇਦਾਰ ਗਿਆਨੀ ਰਘਬੀਰ ਸਿੰਘ ਮਿਲ ਕੇ ਮਾਮਲੇ ਨੂੰ ਜਲਦੀ ਵਿਚਾਰਨ ਦੀ ਅਪੀਲ ਕੀਤੀ ਸੀ।

# ਜ਼ਿਮਨੀ ਚੋਣਾਂ: ਪੰਜਾਬ ਵਿਚ 'ਆਪ' ਦੀ ਬੱਲੇ-ਬੱਲੇ, ਕਾਂਗਰਸ ਪੱਲੇ ਇਕ ਸੀਟ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਉਤੇ ਜ਼ਿਮਨੀ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤਿੰਨ ਸੀਟਾਂ ਜਿੱਤੀਆਂ ਹਨ, ਜਦਕਿ ਵਿਰੋਧੀ ਧਿਰ ਕਾਂਗਰਸ ਦੀ ਝੋਲੀ ਇਕ ਸੀਟ ਪਈ ਹੈ। 'ਆਪ' ਦੇ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਅਤੇ ਚੱਬੇਵਾਲ ਤੋਂ ਇਸ਼ਾਂਕ ਕੁਮਾਰ ਨੇ ਜਿੱਤ ਹਾਸਲ ਕੀਤੀ ਹੈ। ਕਾਂਗਰਸ ਦੇ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 'ਆਪ' ਦਾ ਗੜ੍ਹ ਬਰਨਾਲਾ ਹਲਕੇ 'ਚ ਚੋਣ ਜਿੱਤੀ ਹੈ। ਪੰਜਾਬ ਵਿਧਾਨ ਸਭਾ ਵਿਚ 'ਆਪ' ਦੇ ਵਿਧਾਇਕਾਂ ਦੀ ਗਿਣਤੀ ਹੁਣ 92 ਤੋਂ ਵੱਧ ਕੇ 94 ਹੋ ਗਈ ਹੈ, ਜਦੋਂ ਕਿ ਕਾਂਗਰਸ ਦੇ ਵਿਧਾਇਕ 18 ਤੋਂ ਘੱਟ ਕੇ 16 ਰਹਿ ਗਏ ਹਨ।

ਕਾਂਗਰਸ ਨੂੰ ਜ਼ਿਮਨੀ ਚੋਣਾਂ ਵਿਚ ਜ਼ੋਰਦਾਰ ਝਟਕਾ ਲੱਗਿਆ ਹੈ ਕਿਉਂਕਿ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਵੱਕਾਰੀ ਸੀਟਾਂ ਬਚਾਉਣ ਵਿਚ ਅਸਫ਼ਲ ਰਹੇ। 'ਆਪ' ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਗੜ੍ਹ ਵਿਚਲੀਆਂ ਸੀਟਾਂ 'ਤੇ ਹੂੰਝਾ ਫੇਰਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਗ਼ੈਰ-ਮੌਜੂਦਗੀ ਦਾ ਫ਼ਾਇਦਾ 'ਆਪ' ਨੂੰ ਮਿਲਿਆ ਹੈ।

ਪੇਂਡੂ ਸੀਟਾਂ ਉਤੇ 'ਆਪ' ਦਾ ਦਬਦਬਾ ਰਿਹਾ, ਜਦੋਂ ਕਿ ਸ਼ਹਿਰੀ ਸੀਟ ਬਰਨਾਲਾ 'ਤੇ ਕਾਂਗਰਸ ਨੇ ਆਪਣੀ ਲੀਡ ਕਾਇਮ ਕੀਤੀ। ਚਾਰੇ ਸੀਟਾਂ ਦੇ ਸਮੁੱਚੀ ਵੋਟ ਫ਼ੀਸਦੀ 'ਚ 'ਆਪ' ਨੂੰ ਸਭ ਤੋਂ ਵੱਧ 46.72 ਫ਼ੀਸਦੀ ਵੋਟਾਂ ਮਿਲੀਆਂ। ਕਾਂਗਰਸ ਨੂੰ 34.59 ਤੇ ਭਾਜਪਾ ਨੂੰ 10.15 ਫ਼ੀਸਦੀ ਵੋਟ ਹਾਸਲ ਹੋਏ ਹਨ। ਚੋਣ ਮੈਦਾਨ ਵਿਚ ਨਿੱਤਰੇ ਕੁੱਲ 45 ਉਮੀਦਵਾਰਾਂ 'ਚੋਂ 35 ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਭਾਜਪਾ ਦੇ ਚਾਰ ਉਮੀਦਵਾਰਾਂ 'ਚੋਂ ਸਿਰਫ਼ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਹੀ ਆਪਣੀ ਜ਼ਮਾਨਤ ਬਚਾਅ ਸਕੇ। ਚੋਣ ਕਮਿਸ਼ਨ ਵੱਲੋਂ ਐਲਾਨੇ ਨਤੀਜਿਆਂ ਅਨੁਸਾਰ 'ਆਪ' ਨੂੰ ਹਲਕਾ ਚੱਬੇਵਾਲ ਤੋਂ ਸਭ ਤੋਂ ਵੱਡੇ ਫ਼ਰਕ ਨਾਲ ਜਿੱਤ ਮਿਲੀ ਹੈ। 'ਆਪ' ਦੇ ਡਾ. ਇਸ਼ਾਂਕ ਕੁਮਾਰ (51,904 ਵੋਟਾਂ) ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਰਣਜੀਤ ਕੁਮਾਰ (23,214 ਵੋਟਾਂ) ਨੂੰ 28,690 ਵੋਟਾਂ ਦੇ ਫ਼ਰਕ ਨਾਲ ਹਰਾਇਆ। ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਨੂੰ 8,692 ਵੋਟਾਂ ਮਿਲੀਆਂ। ਹਲਕਾ ਗਿੱਦੜਬਾਹਾ 'ਚ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਅੰਮ੍ਰਿਤਾ ਵੜਿੰਗ ਨੂੰ 21,969 ਵੋਟਾਂ ਦੇ ਫ਼ਰਕ ਨਾਲ ਹਰਾਇਆ। ਡਿੰਪੀ ਢਿੱਲੋਂ ਨੂੰ 71,644 ਜਦਕਿ ਅੰਮ੍ਰਿਤਾ ਵੜਿੰਗ ਨੂੰ 49,675 ਵੋਟਾਂ ਪ੍ਰਾਪਤ ਹੋਈਆਂ। ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਸਿਰਫ਼ 12,227 ਵੋਟਾਂ ਹੀ ਹਾਸਲ ਕਰ ਸਕੇ।

ਹਲਕਾ ਡੇਰਾ ਬਾਬਾ ਨਾਨਕ ਤੋਂ 'ਆਪ' ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੇ ਆਪਣੇ ਵਿਰੋਧੀ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਨੂੰ 5,699 ਵੋਟਾਂ ਦੇ ਫ਼ਰਕ ਨਾਲ ਹਰਾਇਆ। ਗੁਰਦੀਪ ਨੂੰ 59,104 ਅਤੇ ਜਤਿੰਦਰ ਕੌਰ ਨੂੰ 53,405 ਵੋਟਾਂ ਮਿਲੀਆਂ। ਭਾਜਪਾ ਦੇ ਰਵੀਕਰਨ ਸਿੰਘ ਕਾਹਲੋਂ ਨੂੰ ਸਿਰਫ਼ 6,505 ਵੋਟਾਂ ਹੀ ਹਾਸਲ ਹੋਈਆਂ। ਬਰਨਾਲਾ ਹਲਕੇ 'ਚ 'ਆਪ' ਉਮੀਦਵਾਰ ਨੂੰ ਹਰਾ ਕੇ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 2,157 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤ ਲਈ ਹੈ। ਕਾਲਾ ਢਿੱਲੋਂ ਨੂੰ 28,254 ਅਤੇ 'ਆਪ' ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ 26,097 ਵੋਟਾਂ ਹਾਸਲ ਹੋਈਆਂ ਹਨ। ਇਸ ਹਲਕੇ ਤੋਂ ਭਾਜਪਾ ਦੇ ਕੇਵਲ ਸਿੰਘ ਢਿੱਲੋਂ ਨੂੰ 17,958 ਵੋਟਾਂ ਮਿਲੀਆਂ ਜਦੋਂ ਕਿ ਬਾਗ਼ੀ ਉਮੀਦਵਾਰ ਗੁਰਦੀਪ ਸਿੰਘ ਬਾਠ 16,899 ਵੋਟਾਂ ਲੈਣ ਵਿਚ ਸਫ਼ਲ ਰਹੇ।

'ਆਪ' ਨੇ ਮਾਝੇ ਅਤੇ ਦੁਆਬੇ ਵਿਚ ਆਪਣੀ ਇਕ-ਇਕ ਸੀਟ ਦਾ ਵਾਧਾ ਕਰ ਲਿਆ ਹੈ। 'ਆਪ' ਦੀ ਇਸ ਜਿੱਤ ਦਾ ਅਸਰ ਆਗਾਮੀ ਨਗਰ ਨਿਗਮ ਚੋਣਾਂ ਅਤੇ ਦਿੱਲੀ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ। ਜਿਵੇਂ ਹੀ ਨਤੀਜੇ ਆਏ ਤਾਂ ਉਮੀਦਵਾਰਾਂ ਨੇ ਆਪੋ-ਆਪਣੇ ਵਰਕਰਾਂ ਨਾਲ ਜੇਤੂ ਜਲੂਸ ਕੱਢੇ। ਹਲਕਾ ਗਿੱਦੜਬਾਹਾ ਵਿਚ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਿਸੇ ਤੀਜੀ ਧਿਰ ਦਾ ਖਾਤਾ ਖੁੱਲ੍ਹਿਆ ਹੈ। ਦੋ ਵਾਰ ਹਾਰ ਦੇਖਣ ਤੋਂ ਬਾਅਦ ਅਕਾਲੀ ਦਲ ਦਾ ਗੜ੍ਹ ਸਮਝੇ ਜਾਂਦੇ ਗਿੱਦੜਬਾਹਾ 'ਚ 'ਆਪ' ਨੇ ਪਹਿਲੀ ਵਾਰ ਜਿੱਤ ਹਾਸਲ ਕੀਤੀ ਹੈ। ਇਸ ਹਲਕੇ ਤੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਅਤੇ ਮਨਪ੍ਰੀਤ ਸਿੰਘ ਬਾਦਲ ਚਾਰ ਵਾਰ ਜੇਤੂ ਰਹੇ ਹਨ। ਮਰਹੂਮ ਹਰਚਰਨ ਸਿੰਘ ਬਰਾੜ ਨੇ ਵੀ ਇਸ ਹਲਕੇ ਤੋਂ ਚੋਣ ਜਿੱਤੀ ਸੀ। ਡੇਰਾ ਬਾਬਾ ਨਾਨਕ ਕਾਂਗਰਸ ਦਾ ਗੜ੍ਹ ਰਿਹਾ ਹੈ ਜਿੱਥੋਂ ਚਾਰ ਵਾਰ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਅਤੇ ਦੋ ਵਾਰ ਉਨ੍ਹਾਂ ਦੇ ਪਿਤਾ ਸੰਤੋਖ ਸਿੰਘ ਰੰਧਾਵਾ ਚੋਣ ਜਿੱਤ ਚੁੱਕੇ ਹਨ। ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਨੇ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਹਰਾਇਆ ਹੈ। ਬਰਨਾਲਾ ਹਲਕੇ 'ਚ ਪਹਿਲਾਂ ਅੱਠ ਵਾਰ ਅਕਾਲੀ ਦਲ ਅਤੇ ਪੰਜ ਵਾਰ ਕਾਂਗਰਸ ਚੋਣ ਜਿੱਤ ਚੁੱਕੀ ਹੈ। ਕਾਂਗਰਸ ਨੇ ਬਰਨਾਲਾ ਦੀ ਜ਼ਿਮਨੀ ਚੋਣ ਜਿੱਤ ਕੇ ਸਾਲ 1965 ਵਿਚ ਹੋਈ ਜ਼ਿਮਨੀ ਚੋਣ ਦੀ ਜਿੱਤ ਦਾ ਇਤਿਹਾਸ ਦੁਹਰਾ ਦਿੱਤਾ ਹੈ।

ਜ਼ਿਮਨੀ ਚੋਣਾਂ ਵਿਚ ਦੋ ਨਵੇਂ ਚਿਹਰੇ ਡਾ. ਇਸ਼ਾਂਕ ਕੁਮਾਰ ਅਤੇ ਬਰਨਾਲਾ ਤੋਂ ਕੁਲਦੀਪ ਸਿੰਘ ਕਾਲਾ ਢਿੱਲੋਂ ਚੋਣ ਜਿੱਤੇ ਹਨ। ਚੋਣ ਜਿੱਤਣ ਵਾਲਿਆਂ ਵਿਚ ਦੋ ਟਰਾਂਸਪੋਰਟਰ ਹਨ ਜਿਨ੍ਹਾਂ 'ਚ ਡਿੰਪੀ ਢਿੱਲੋਂ ਅਤੇ ਕਾਲਾ ਢਿੱਲੋਂ ਦਾ ਨਾਮ ਸ਼ਾਮਲ ਹੈ। ਬਰਨਾਲਾ ਹਲਕੇ ਵਿਚ 'ਆਪ' ਦੀ ਹਾਰ ਲਈ ਬਾਗ਼ੀ ਉਮੀਦਵਾਰ ਗੁਰਦੀਪ ਸਿੰਘ ਬਾਠ ਜ਼ਿੰਮੇਵਾਰ ਸਮਝਿਆ ਜਾ ਰਿਹਾ ਹੈ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਲਈ ਬਰਨਾਲਾ ਸੀਟ ਤੋਂ 'ਆਪ' ਦੀ ਹਾਰ ਵੱਡਾ ਸਿਆਸੀ ਝਟਕਾ ਹੈ ਕਿਉਂਕਿ ਪਾਰਟੀ ਤਰਫ਼ੋਂ ਉਨ੍ਹਾਂ ਦੇ ਨੇੜਲੇ ਨੂੰ ਟਿਕਟ ਦਿੱਤੀ ਗਈ ਸੀ।

## ਲੋਕਾਂ ਨੇ ਪੁਰਾਣੀਆਂ ਪਾਰਟੀਆਂ ਨਕਾਰੀਆਂ: ਕੇਜਰੀਵਾਲ

**ਚੰਡੀਗੜ੍ਹ:** 'ਆਪ' ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪੁਰਾਣੀ ਪਾਰਟੀਆਂ ਨੂੰ ਨਕਾਰ ਕੇ 'ਆਪ' ਦੀ ਚੋਣ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਦਿੱਲੀ ਅਤੇ ਪੰਜਾਬ ਵਿਚ ਸਿੱਖਿਆ, ਸਿਹਤ ਤੇ ਰੁਜ਼ਗਾਰ ਦੇ ਖੇਤਰ ਵਿਚ ਮਿਸਾਲੀ ਕੰਮ ਕੀਤੇ ਹਨ। ਇਸ ਤੋਂ ਇਲਾਵਾ ਔਰਤਾਂ ਦੀ ਸਹੂਲਤ ਲਈ ਬੱਸ ਸਫ਼ਰ ਮੁਫ਼ਤ ਕੀਤਾ ਹੈ। ਕੇਜਰੀਵਾਲ ਨੇ ਕਿਹਾ ਕਿ ਸਰਕਾਰ ਦੇ ਕੰਮਾਂ ਨੂੰ ਦੇਖਦਿਆਂ ਪੰਜਾਬ ਦੇ ਲੋਕਾਂ ਨੇ ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਵਿਚ 'ਆਪ' ਨੂੰ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਆਉਂਦੇ ਦਿਨਾਂ ਵਿਚ ਪੰਜਾਬ ਦੀ ਤਰੱਕੀ ਲਈ ਹੋਰ ਵੀ ਕਈ ਮਿਸਾਲੀ ਫੈਸਲੇ ਲਏ ਜਾਣਗੇ।

## ਲੋਕਾਂ ਨੇ ਆਪ ਦੇ ਕੰਮਾਂ ਉਤੇ ਮੋਹਰ ਲਾਈ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੀਆਂ ਜ਼ਿਮਨੀ ਚੋਣਾਂ 'ਚ 'ਆਪ' ਵੱਲੋਂ ਤਿੰਨ ਸੀਟਾਂ ਜਿੱਤਣ ਮਗਰੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਸਰਕਾਰ ਵੱਲੋਂ ਢਾਈ ਸਾਲਾਂ ਵਿੱਚ ਸਿਹਤ, ਸਿੱਖਿਆ ਤੇ ਰੁਜ਼ਗਾਰ ਦੇ ਖੇਤਰ ਵਿਚ ਕੀਤੇ ਕੰਮਾਂ 'ਤੇ ਅੱਜ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਗਿੱਦੜਬਾਹਾ 'ਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਡੇਰਾ ਬਾਬਾ ਨਾਨਕ ਤੋਂ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਹਰਾ ਕੇ ਕਾਂਗਰਸ ਨੂੰ ਮੋੜਵਾਂ ਜਵਾਬ ਦਿੱਤਾ ਹੈ। ਤਿੰਨ ਸੀਟਾਂ 'ਤੇ ਭਾਜਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੁਰਾਣੀ ਪਾਰਟੀਆਂ ਲੋਕਾਂ ਨੂੰ ਝੂਠ ਬੋਲ ਕੇ ਗੁੰਮਰਾਹ ਕਰਦੀਆਂ ਰਹੀਆਂ ਹਨ।

# ਪੰਜਾਬ ਵਿਚ ਧਰੇ-ਧਰਾਏ ਰਹਿ ਹੈ ਗਏ ਭਾਰਤੀ ਜਨਤਾ ਪਾਰਟੀ ਦੇ ਦਾਅਵੇ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਉਤੇ 18.56 ਫ਼ੀਸਦ ਵੋਟਾਂ ਹਾਸਲ ਕਰ ਕੇ ਪੰਜਾਬ ਦੀ ਸਿਆਸਤ ਵਿਚ ਮਜ਼ਬੂਤੀ ਨਾਲ ਅੱਗੇ ਵਧਣ ਦਾ ਦਾਅਵਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਮਨੀ ਚੋਣਾਂ ਦੌਰਾਨ ਪੈਰ ਨਹੀਂ ਲੱਗ ਸਕੇ। ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਵਿਚ ਭਾਜਪਾ ਉਮੀਦਵਾਰਾਂ ਦੀਆਂ ਤਿੰਨ ਹਲਕਿਆਂ ਵਿਚ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ।

ਵਿਧਾਨ ਸਭਾ ਹਲਕਾ ਬਰਨਾਲਾ ਤੋਂ ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਹੀ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਰਹੇ ਹਨ। ਕੇਵਲ ਢਿੱਲੋਂ ਨੂੰ 17958 ਵੋਟਾਂ ਪਈਆਂ ਹਨ। ਭਾਜਪਾ ਨੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਚਾਰ ਵਾਰ ਵਿਧਾਇਕ ਚੁਣੇ ਗਏ ਮਨਪ੍ਰੀਤ ਸਿੰਘ ਬਾਦਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ ਪਰ ਸ੍ਰੀ ਬਾਦਲ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ।




ਮਨਪ੍ਰੀਤ ਬਾਦਲ ਨੂੰ 12227 ਵੋਟਾਂ ਮਿਲੀਆਂ ਹਨ। ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਨੂੰ 8692 ਅਤੇ ਡੇਰਾ ਬਾਬਾ ਨਾਨਕ ਤੋਂ ਭਾਜਪਾ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਨੂੰ 6505 ਵੋਟਾਂ ਹੀ ਪਈਆਂ ਹਨ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਆਗੂਆਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਗਠਜੋੜ ਨੂੰ ਸਿਰਫ਼ 6.6 ਫ਼ੀਸਦ ਵੋਟ ਪਈ ਸੀ ਜੋ ਸਾਲ 2024 ਵਿਚ ਲੋਕ ਸਭਾ ਚੋਣਾਂ ਵੇਲੇ ਵਧ ਕੇ 18.56 ਫ਼ੀਸਦ ਹੋ ਗਈ ਸੀ। ਪੰਜਾਬ ਵਿਚ ਭਾਜਪਾ ਦਾ ਵੋਟ ਪ੍ਰਤੀਸ਼ਤ ਵਧਣ ਕਰਕੇ ਭਾਜਪਾ ਆਗੂਆਂ ਵੱਲੋਂ ਇਸ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਸੀ ਪਰ ਜ਼ਿਮਨੀ ਚੋਣਾਂ ਵਿਚ ਭਾਜਪਾ ਮੁੜ ਹਾਸ਼ੀਏ 'ਤੇ ਪਹੁੰਚ ਗਈ ਹੈ। ਦੱਸਣਯੋਗ ਹੈ ਕਿ ਜ਼ਿਮਨੀ ਚੋਣਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਵੀ ਭਾਜਪਾ ਉਮੀਦਵਾਰਾਂ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਗਿਆ ਜਿਸ ਕਾਰਨ ਵੀ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

## ਭਾਜਪਾ ਦੀ ਵੰਡ ਪਾਊ ਰਾਜਨੀਤੀ ਲੋਕਾਂ ਨੇ ਨਕਾਰੀ: ਕੰਗ

**ਚੰਡੀਗੜ੍ਹ:** ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਜਪਾ ਦੇਸ਼ ਅੰਦਰ ਵੱਖ-ਵੱਖ ਫ਼ਿਰਕਿਆਂ ਵਿਚ ਵੰਡ ਪਾਉਣ ਦੀ ਰਾਜਨੀਤੀ ਕਰ ਰਹੀ ਹੈ, ਪਰ ਪੰਜਾਬੀਆਂ ਨੇ ਭਾਜਪਾ ਦੀ ਇਸ ਰਾਜਨੀਤੀ ਨੂੰ ਸਿਰੇ ਤੋਂ ਨਕਾਰਿਆ ਹੈ। ਉਨ੍ਹਾਂ ਕਿਹਾ ਕਿ ਹੁਣ ਜ਼ਿਮਨੀ ਚੋਣਾਂ ਵਿਚ ਇਕ ਵਾਰ ਫਿਰ ਭਾਜਪਾ ਹਾਸ਼ੀਏ 'ਤੇ ਚਲੀ ਗਈ। ਉਨ੍ਹਾਂ ਕਿਹਾ ਕਿ ਲੋਕ ਸਭਾ ਦੇ ਸੈਸ਼ਨ ਵਿਚ ਪੰਜਾਬ ਨਾਲ ਸਬੰਧਤ ਸਾਰੇ ਮੁੱਦਿਆਂ ਨੂੰ ਉਹ ਬੇਬਾਕੀ ਨਾਲ ਚੁੱਕਣਗੇ ਤੇ ਖ਼ਾਸ ਤੌਰ ਤੇ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਹੱਕਾਂ 'ਤੇ ਮਾਰੇ ਜਾ ਰਹੇ ਡਾਕਿਆਂ ਬਾਰੇ ਦੇਸ਼ ਦੀ ਲੋਕ ਸਭਾ ਵਿਚ ਆਪਣੀ ਆਵਾਜ਼ ਬੁਲੰਦ ਕਰਨਗੇ।

## ਸ਼ਹੀਦੀ ਪੰਦਰਵਾੜੇ ਦੌਰਾਨ ਨਿਗਮ ਚੋਣਾਂ ਨਾ ਕਰਵਾਉਣ ਦੀ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਤੇ ਪੰਜਾਬ ਰਾਜ ਚੋਣ ਕਮਿਸ਼ਨ ਤੋਂ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੇ ਸ਼ਹੀਦੀ ਪੰਦਰਵਾੜੇ ਦੌਰਾਨ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਕਰਵਾਉਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਪੰਦਰਵਾੜਾ 15 ਤੋਂ 31 ਦਸੰਬਰ ਤੱਕ ਮਨਾਇਆ ਜਾਂਦਾ ਹੈ। ਇਸੇ ਲਈ ਚੋਣਾਂ ਇਸ ਪੰਦਰਵਾੜੇ ਵਿਚ ਨਾ ਕਰਵਾਈਆਂ ਜਾਣ। ਇਹ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਆਪਣੇ ਐਕਸ ਅਕਾਊਂਟ ਰਾਹੀਂ ਆਖੀ ਹੈ। ਡਾ. ਚੀਮਾ ਨੇ ਕਿਹਾ ਕਿ ਪੰਦਰਵਾੜੇ ਦੌਰਾਨ ਲੱਖਾਂ ਲੋਕ ਅਦੁੱਤੀ ਸ਼ਹਾਦਤ ਲਈ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੇ ਸਬੰਧਤ ਸਥਾਨਾਂ 'ਤੇ ਨਤਮਸਕ ਹੁੰਦੇ ਹਨ। ਇਸ ਲਈ ਇਸ ਅਰਸੇ ਦੌਰਾਨ ਕੋਈ ਵੀ ਚੋਣ ਕਰਵਾਉਣ ਨਾਲ ਪਵਿੱਤਰ ਮਾਹੌਲ ਭੰਗ ਹੋਵੇਗਾ।

# ਸਿੱਖ ਚਿਹਰਿਆਂ ਦੇ ਬਾਵਜੂਦ ਨਾ ਲੱਗੇ ਭਗਵਾ ਧਿਰ ਦੇ ਪੈਰ

**ਚੰਡੀਗੜ੍ਹ:** ਕੇਂਦਰ ਵਿਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਾਲੀ ਭਾਜਪਾ ਨੇ ਭਾਵੇਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਵਿਚ ਸਿੱਖ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਭਗਵਾ ਪਾਰਟੀ ਲਈ ਇਹ ਦਾਅ-ਪੇਚ ਵੀ ਸੂਬੇ 'ਚ ਉਸ ਲਈ ਫਿੱਟ ਨਹੀਂ ਬੈਠ ਸਕੇ। ਪਾਰਟੀ ਨੂੰ ਮਨਪ੍ਰੀਤ ਸਿੰਘ ਬਾਦਲ ਸਣੇ ਤਿੰਨ ਹਲਕਿਆਂ 'ਚ



ਆਪਣੀਆਂ ਜ਼ਮਾਨਤਾਂ ਜ਼ਬਤ ਹੋਣ ਤੋਂ ਬਚਾਉਣ ਦਾ ਮੌਕਾ ਵੀ ਨਹੀਂ ਮਿਲਿਆ। ਭਾਜਪਾ ਨੂੰ ਕਿਸਾਨਾਂ ਦੇ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।

ਬੇਸ਼ੱਕ ਪਾਰਟੀ ਨੇ 2027 ਦੌਰਾਨ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਜ਼ਿਮਨੀ ਚੋਣਾਂ ਦੌਰਾਨ ਥਾਂ-ਥਾਂ ਨਾਅਰਾ ਦਿੱਤਾ ਗਿਆ, ਪਰ ਪਾਰਟੀ ਜ਼ਿਮਨੀ ਚੋਣਾਂ ਦੌਰਾਨ ਪੈਰ ਜਮਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਨਤੀਜਿਆਂ ਮੁਤਾਬਕ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਹਲਕਿਆਂ 'ਚ ਭਾਜਪਾ ਉਮੀਦਵਾਰ ਦੂਜੇ ਨੰਬਰ ਉਤੇ ਵੀ ਨਹੀਂ ਆ ਸਕੇ ਜਦੋਂ ਕਿ ਇਸ ਦਾ ਪੁਰਾਣਾ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਚੋਣ ਮੈਦਾਨ 'ਚੋਂ ਬਾਹਰ ਸੀ। ਬਰਨਾਲਾ ਤੋਂ ਭਾਜਪਾ ਬਰਨਾਲਾ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੀਜੇ ਨੰਬਰ 'ਤੇ ਰਹਿ ਕੇ ਆਪਣੀ ਜ਼ਮਾਨਤ ਬਚਾਉਣ 'ਚ ਸਫ਼ਲ ਹੋਏ ਦੱਸੇ ਜਾਂਦੇ ਹਨ, ਪਰ ਗਿੱਦੜਬਾਹਾ ਤੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਚੱਬੇਵਾਲ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਡੇਰਾ ਬਾਬਾ ਨਾਨਕ ਤੋਂ ਅਕਾਲੀ ਦਲ ਦੇ ਸਾਬਕਾ ਟਕਸਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਗਿੱਦੜਬਾਹਾ ਤੋਂ ਅੰਦਰ ਖਾਤੇ ਲੰਬੇ ਸਮੇਂ ਤੋਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ।

ਉਨ੍ਹਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਲੈ ਕੇ ਹੀ ਹਰਦੀਪ ਸਿੰਘ ਡਿੰਪੀ ਢਿੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ, ਜਿਨ੍ਹਾਂ ਨੂੰ ਮਗਰੋਂ ਹੁਣ ਸੱਤਾਧਾਰੀ 'ਆਪ' ਵੱਲੋਂ ਗਿੱਦੜਬਾਹਾ ਤੋਂ ਉਮੀਦਵਾਰ ਬਣਾਇਆ ਦਿੱਤਾ।

## ਬਾਦਲ ਪਰਿਵਾਰ ਲਈ ਇਕ ਹੋਰ ਝਟਕਾ

**ਚੰਡੀਗੜ੍ਹ:** ਬਾਦਲ ਪਰਿਵਾਰ ਲਈ ਜ਼ਿਮਨੀ ਚੋਣਾਂ ਸਭ ਤੋਂ ਵੱਡਾ ਝਟਕਾ ਹਨ ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਬਾਦਲ ਪਰਿਵਾਰ ਦੇ ਕਿਸੇ ਮੈਂਬਰ ਦੀ ਚੋਣਾਂ ਵਿਚ ਜ਼ਮਾਨਤ ਜ਼ਬਤ ਹੋਈ ਹੈ। ਮਨਪ੍ਰੀਤ ਸਿੰਘ ਬਾਦਲ 2022 ਦੀ ਚੋਣ ਵਿਚ ਬਠਿੰਡਾ ਤੋਂ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਰਹੇ ਸਨ ਪ੍ਰੰਤੂ ਹੁਣ ਗਿੱਦੜਬਾਹਾ ਜ਼ਿਮਨੀ ਚੋਣ ਵਿਚ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਇਸ ਤੋਂ ਪਹਿਲਾਂ ਕਦੇ ਵੀ ਬਾਦਲ ਪਰਿਵਾਰ ਨੂੰ ਇਸ ਤਰ੍ਹਾਂ ਦੇ ਹਾਲਾਤ ਨਹੀਂ ਦੇਖਣੇ ਪਏ ਹਨ। ਦੱਸਣਯੋਗ ਹੈ ਕਿ ਮਨਪ੍ਰੀਤ ਬਾਦਲ ਨੇ 1995 ਵਿਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਜਿੱਤ ਕੇ ਸਿਆਸਤ ਵਿਚ ਪੈਰ ਪਾਇਆ ਸੀ।

# ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਕਾਂਗਰਸ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ 13 ਵਿਚੋਂ ਸੱਤ ਸੀਟਾਂ ਜਿੱਤਣ ਵਾਲੀ ਕਾਂਗਰਸ ਪਾਰਟੀ ਦਾ ਪ੍ਰਦਰਸ਼ਨ ਸੂਬਾਈ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਕੋਈ ਖ਼ਾਸ ਨਹੀਂ ਰਿਹਾ। ਕਾਂਗਰਸ ਚਾਰ ਸੀਟਾਂ ਵਿਚ ਵਿਚੋਂ ਸਿਰਫ ਬਰਨਾਲਾ ਵਿਧਾਨਾ ਸਭਾ ਹਲਕੇ ਵਿਚ ਹੀ ਜਿੱਤ ਦਰਜ ਕਰ ਸਕੀ।

ਕਾਂਗਰਸ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਬਰਨਾਲਾ ਤੋਂ 'ਆਪ' ਦੇ ਆਪਣੇ ਵਿਰੋਧੀ ਹਰਿੰਦਰ ਸਿੰਘ ਧਾਲੀਵਾਲ ਨੂੰ 2157 ਵੋਟਾਂ ਨਾਲ ਹਰਾਇਆ। ਜ਼ਿਕਰਯੋਗ ਹੈ ਕਿ ਕਾਂਗਰਸ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਾਕੀ ਤਿੰਨ ਹਲਕੇ ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਜਿੱਤੇ ਸਨ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗਿੱਦੜਬਾਹਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਿੰਪੀ ਢਿੱਲੋਂ ਨੂੰ 1349 ਵੋਟਾਂ ਨਾਲ ਹਰਾਇਆ ਸੀ। ਰਾਜਾ ਵੜਿੰਗ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਚੁਣੇ



ਜਾਣ ਮਗਰੋਂ ਗਿੱਦੜਬਾਹਾ ਸੀਟ ਖਾਲੀ ਹੋ ਗਈ ਸੀ। ਕਾਂਗਰਸ ਨੇ ਇਸ ਸੀਟ ਤੋਂ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਬਾਅਦ ਵਿਚ 'ਆਪ' ਵਿਚ ਸ਼ਾਮਲ ਹੋਏ ਡਿੰਪੀ ਢਿੱਲੋਂ ਖ਼ਿਲਾਫ਼ ਚੋਣ ਮੈਦਾਨ ਵਿਚ ਉਤਾਰਿਆ ਸੀ। ਡਿੰਪੀ ਢਿੱਲੋਂ ਨੇ ਇਨ੍ਹਾਂ ਚੋਣਾਂ ਵਿਚ ਅੰਮ੍ਰਿਤਾ ਵੜਿੰਗ ਨੂੰ 21,969 ਵੋਟਾਂ ਨਾਲ ਹਰਾ ਕੇ ਆਪਣੀ ਪਿਛਲੀ ਹਾਰ ਦਾ ਬਦਲਾ ਵੀ ਲੈ ਲਿਆ ਹੈ। ਵੜਿੰਗ ਗਿੱਦੜਬਾਹਾ ਤੋਂ ਲਗਾਤਾਰ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ।

ਉਧਰ, ਸੁਖਜਿੰਦਰ ਸਿੰਘ ਰੰਧਾਵਾ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਨੂੰ 466 ਵੋਟਾਂ ਨਾਲ ਹਰਾਇਆ ਸੀ। ਉਨ੍ਹਾਂ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜਿੱਤਣ ਮਗਰੋਂ ਇਹ ਸੀਟ ਖਾਲੀ ਹੋ ਗਈ ਸੀ। ਕਾਂਗਰਸ ਨੇ ਜ਼ਿਮਨੀ ਚੋਣ ਵਿਚ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਟਿਕਟ ਦਿੱਤੀ ਸੀ। ਹਾਲਾਂਕਿ, ਉਹ 'ਆਪ' ਦੇ ਗੁਰਦੀਪ ਸਿੰਘ ਰੰਧਾਵਾ ਤੋਂ 5699 ਵੋਟਾਂ ਨਾਲ ਹਾਰ ਗਈ। ਸੁਖਜਿੰਦਰ ਰੰਧਾਵਾ ਵੀ ਡੇਰਾ ਬਾਬਾ ਨਾਨਕ ਤੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ।

ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਸਾਲ 2022 ਵਿਚ ਡਾ. ਰਾਜਕੁਮਾਰ ਚੱਬੇਵਾਲ ਨੇ ਕਾਂਗਰਸ ਦੀ ਟਿਕਟ 'ਤੇ ਚੋਣ ਲੜਦਿਆਂ ਜਿੱਤ ਦਰਜ ਕੀਤੀ ਸੀ। ਹਾਲਾਂਕਿ ਰਾਜਕੁਮਾਰ ਚੱਬੇਵਾਲ ਦੇ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਆਪ' ਵਿਚ ਸ਼ਾਮਲ ਹੋਣ ਮਗਰੋਂ ਇਹ ਸੀਟ ਖਾਲੀ ਗਈ। 'ਆਪ' ਨੇ ਜ਼ਿਮਨੀ ਚੋਣ ਵਿਚ ਰਾਜਕੁਮਾਰ ਦੇ ਪੁੱਤਰ ਡਾ. ਇਸ਼ਾਂਕ ਚੱਬੇਵਾਲ ਨੂੰ ਟਿਕਟ ਦਿੱਤੀ। ਇਸ਼ਾਂਕ ਨੇ ਕਾਂਗਰਸ ਉਮੀਦਵਾਰ ਰਣਜੀਤ ਕੁਮਾਰ ਨੂੰ 28690 ਹਰਾਇਆ।

### ਰਾਜਾ ਵੜਿੰਗ ਨੇ ਹਾਰ ਦੀ ਜ਼ਿੰਮੇਵਾਰੀ ਕਬੂਲੀ

**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜ਼ਿਮਨੀ ਚੋਣਾਂ 'ਚ ਪਾਰਟੀ ਦੇ ਤਿੰਨ ਉਮੀਦਵਾਰਾਂ ਦੀ ਹਾਰ ਦੀ ਜ਼ਿੰਮੇਵਾਰੀ ਕਬੂਲੀ ਹੈ। ਉਂਜ ਉਨ੍ਹਾਂ ਕਿਹਾ ਹੈ ਕਿ ਇਹ ਨਤੀਜੇ ਕਾਂਗਰਸ ਨੂੰ ਸੂਬੇ 'ਚ 2027 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਵਿਚ ਸਹਾਈ ਹੋਣਗੇ। ਬਰਨਾਲਾ ਤੋਂ ਕਾਂਗਰਸੀ ਉਮੀਦਵਾਰ ਕਾਲਾ ਢਿੱਲੋਂ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਿਆਂ ਵੜਿੰਗ ਨੇ ਕਿਹਾ ਕਿ ਚੋਣਾਂ ਵਿਚ ਕਾਂਗਰਸ ਦਾ ਵੋਟ ਬੈਂਕ ਨਹੀਂ ਘਟਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੇ ਵੋਟ 'ਆਪ' ਉਮੀਦਵਾਰਾਂ ਦੇ ਹੱਕ ਵਿਚ ਭੁਗਤਣ ਕਰਕੇ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਮੁੱਖ ਮੰਤਰੀ ਦੀ ਕੋਠੀ ਘੇਰਨ ਜਾਂਦੇ ਸਹਾਇਕ ਪ੍ਰੋਫੈਸਰਾਂ ਤੇ ਪੁਲਿਸ ਵਿਚਾਲੇ ਝੜਪ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ 1158 ਭਰਤੀ ਪੂਰੀ ਕਰਨ ਦੀ ਮੰਗ ਲਈ ਪੁੱਜੇ ਸਹਾਇਕ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਪੁਲਿਸ ਨਾਲ ਝੜਪ ਹੋ ਗਈ। ਇਸ ਦੌਰਾਨ ਕਈਆਂ ਦੀਆਂ ਪੱਗਾਂ ਤੇ ਚੁੰਨੀਆਂ ਲੱਥ ਗਈਆਂ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਦੋ ਵਾਰ ਝੜਪ ਹੋਈ ਅਤੇ ਲੰਮਾ ਸਮਾਂ ਮਾਹੌਲ ਤਣਾਅਪੂਰਨ ਰਿਹਾ। ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲਿਸ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਈ।

ਪੰਜਾਬ ਭਰ ਤੋਂ 1158 ਸਹਾਇਕ ਪ੍ਰੋਫੈਸਰ ਤੇ ਲਾਇਬਰੇਰੀਅਨ ਫਰੰਟ ਦੀ ਅਗਵਾਈ ਹੇਠ ਸਹਾਇਕ ਪ੍ਰੋਫੈਸਰ ਤੇ ਲਾਇਬਰੇਰੀਅਨ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ। ਇਸ ਦੌਰਾਨ ਪੁਲਿਸ ਵੱਲੋਂ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਨਾਕਾਬੰਦੀ ਕੀਤੀ ਹੋਈ ਸੀ। ਸਥਾਨਕ ਵੇਰਕਾ ਮਿਲਕ ਪਲਾਂਟ ਅੱਗੇ ਇਕੱਠੇ ਹੋਣ ਉਪਰੰਤ ਪ੍ਰਦਰਸ਼ਨਕਾਰੀ ਰੋਸ ਮਾਰਚ ਕਰਦਿਆਂ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਨੇੜੇ ਪੁੱਜੇ ਤੇ ਉਥੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਜਿਉਂ ਹੀ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਉਨ੍ਹਾਂ ਦੀ ਝੜਪ ਹੋ ਗਈ। ਇਸ ਦੌਰਾਨ ਕਈਆਂ ਦੀਆਂ ਪੱਗਾਂ ਤੇ ਚੁੰਨੀਆਂ ਲੱਥ ਗਈਆਂ ਅਤੇ ਕਈ ਜ਼ਮੀਨ 'ਤੇ ਡਿੱਗ ਪਏ।

ਫਰੰਟ ਦੇ ਆਗੂ ਬਲਵਿੰਦਰ ਸਿੰਘ ਚਹਿਲ, ਜਸਪ੍ਰੀਤ ਕੌਰ, ਪਰਮਜੀਤ ਸਿੰਘ ਅਤੇ ਮਨੀਸ਼ ਕੁਮਾਰ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਸਹਾਇਕ ਪ੍ਰੋਫੈਸਰਾਂ ਦੀਆਂ ਪੱਗਾਂ ਅਤੇ ਚੁੰਨੀਆਂ ਰੋਲੀਆਂ ਗਈਆਂ ਅਤੇ ਕੁੱਟਮਾਰ ਕੀਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਕਾਫ਼ੀ ਪ੍ਰਦਰਸ਼ਨਕਾਰੀਆਂ ਦੇ ਗੁੱਝੀਆਂ ਸੱਟਾਂ ਲੱਗੀਆਂ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 23 ਸਤੰਬਰ 2024 ਨੂੰ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬਰੇਰੀਅਨਾਂ ਦੀ ਭਰਤੀ ਸਿਰੇ ਚੜ੍ਹਾਉਣ ਲਈ ਹਰੀ ਝੰਡੀ ਦਿੱਤੀ ਸੀ ਪਰ ਸਰਕਾਰ ਨੇ ਭਰਤੀ ਵਿਚਾਲੇ ਲਟਕਾ ਦਿੱਤੀ। ਸਿਰਫ਼ 600 ਤੋਂ ਵੱਧ ਸਹਾਇਕ ਪ੍ਰੋਫੈਸਰਾਂ ਨੂੰ ਕਾਲਜਾਂ 'ਚ ਨਿਯੁਕਤ ਕਰ ਦਿੱਤਾ ਹੈ ਤੇ ਬਾਕੀ 411 ਸਹਾਇਕ ਪ੍ਰੋਫੈਸਰ ਅਤੇ ਲਾਇਬਰੇਰੀਅਨ ਉਮੀਦਵਾਰ ਨਿਯੁਕਤੀ ਉਡੀਕ ਰਹੇ ਹਨ।

## ਡੈਮਾਂ 'ਚ ਪਾਣੀ ਘਟਣ ਕਾਰਨ ਪੈਦਾ ਹੋ ਸਕਦਾ ਹੈ ਬਿਜਲੀ ਤੇ ਪਾਣੀ ਦਾ ਸੰਕਟ

**ਚੰਡੀਗੜ੍ਹ:** ਮੌਨਸੂਨ ਮਗਰੋਂ ਖ਼ਿੱਤੇ ਵਿਚ ਘੱਟ ਮੀਂਹ ਪੈਣ ਅਤੇ ਵੱਡੇ ਡੈਮਾਂ ਵਾਲੇ ਇਲਾਕਿਆਂ 'ਚ ਬਰਫ਼ ਜੰਮਣ ਕਾਰਨ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਨੇ ਪਾਣੀ ਦੀ ਉਪਲੱਬਧਤਾ ਨੂੰ ਬਾਰੇ ਚੌਕਸ ਰਹਿਣ ਦੀ ਚਿਤਾਵਨੀ ਦਿੱਤੀ ਹੈ।

ਬੋਰਡ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਜੇ ਠੰਢ ਦੇ ਮੌਸਮ ਦੌਰਾਨ ਬਹੁਤੇ ਮੀਂਹ ਨਾ ਪਏ ਤਾਂ ਪੰਜਾਬ ਅਤੇ ਹਰਿਆਣਾ ਸਮੇਤ ਹੋਰ ਸੂਬਿਆਂ ਨੂੰ ਗਰਮੀਆਂ 'ਚ ਪਾਣੀ ਅਤੇ ਬਿਜਲੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੀ.ਬੀ.ਐਮ.ਬੀ. ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਆਪਣੇ ਮੈਂਬਰ ਸੂਬਿਆਂ ਨੂੰ ਆਉਂਦੇ ਮਹੀਨਿਆਂ 'ਚ ਪਾਣੀ ਦੀ ਮੰਗ ਦਾ ਅੰਦਾਜ਼ਾ ਲਗਾਉਣ 'ਚ ਸਾਵਧਾਨੀ ਵਰਤਣ ਲਈ ਕਿਹਾ ਹੈ ਕਿਉਂਕਿ ਮੌਜੂਦਾ ਭੰਡਾਰਣ ਅਤੇ ਪ੍ਰਵਾਹ ਸਾਲ ਦੇ ਇਸ ਸਮੇਂ ਲਈ ਆਮ ਨਾਲੋਂ ਘੱਟ ਹੈ।" ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਬੀ.ਬੀ.ਐਮ.ਬੀ. ਦੇ ਮੈਂਬਰ ਹਨ ਜੋ ਭਾਖੜਾ ਅਤੇ ਪੌਂਗ ਡੈਮਾਂ ਤੋਂ ਪਾਣੀ ਲੈਂਦੇ ਹਨ।



ਭਾਖੜਾ ਡੈਮ 'ਚ ਪਾਣੀ ਦਾ ਪੱਧਰ 1,633 ਫੁੱਟ ਦਰਜ ਕੀਤਾ ਗਿਆ ਜੋ ਪਿਛਲੇ ਸਾਲ ਦੇ ਮੁਕਾਬਲੇ 'ਚ ਕਰੀਬ 15 ਫੁੱਟ ਹੇਠਾਂ ਹੈ। ਉਧਰ ਪੌਂਗ ਡੈਮ 'ਚ ਪਾਣੀ ਦਾ ਪੱਧਰ 1,343 ਫੁੱਟ ਰਿਕਾਰਡ ਹੋਇਆ ਜੋ ਪਿਛਲੇ ਸਾਲ ਨਾਲੋਂ ਕਰੀਬ 18 ਫੁੱਟ ਘੱਟ ਹੈ।

ਅਧਿਕਾਰੀ ਨੇ ਕਿਹਾ, "ਭਾਖੜਾ 'ਚ ਪਾਣੀ ਦੀ ਮੌਜੂਦਾ ਭੰਡਾਰਨ ਸਮਰੱਥਾ ਕੁੱਲ ਸਮਰੱਥਾ ਦਾ ਕਰੀਬ 63 ਫ਼ੀਸਦ ਹੈ ਜੋ ਆਮ ਨਾਲੋਂ 10 ਫ਼ੀਸਦ ਘੱਟ ਹੈ ਜਦਕਿ ਪੌਂਗ 'ਚ ਭੰਡਾਰਨ ਸਮਰੱਥਾ 50 ਫ਼ੀਸਦ ਹੈ ਜੋ ਆਮ ਨਾਲੋਂ 15 ਫ਼ੀਸਦ ਘੱਟ ਹੈ।" ਜਲਵਾਯੂ ਹਾਲਾਤ ਅਤੇ ਵਾਤਾਵਰਨ ਕਾਰਨਾਂ ਦੇ ਆਧਾਰ 'ਤੇ ਜਲ ਭੰਡਾਰਾਂ 'ਚ ਪਾਣੀ ਦਾ ਪ੍ਰਵਾਹ ਰੋਜ਼ਾਨਾ ਬਦਲਦਾ ਰਹਿੰਦਾ ਹੈ।

## ਪੰਜਾਬ ਦੀਆਂ ਮੰਡੀਆਂ ਵਿਚੋਂ 168 ਲੱਖ ਟਨ ਝੋਨੇ ਦੀ ਖਰੀਦ ਹੋਈ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ਖਰੀਦ ਆਪਣੇ ਤੈਅ ਸਮੇਂ ਤੋਂ ਦੇਰੀ ਨਾਲ ਸ਼ੁਰੂ ਹੋਣ ਕਰਕੇ ਨਵੰਬਰ ਦੇ ਅਖੀਰ ਤੱਕ ਵੀ ਮੰਡੀਆਂ ਵਿੱਚ ਖਰੀਦਿਆ ਜਾ ਰਿਹਾ ਹੈ। ਉੱਧਰ, ਸੂਬਾ ਸਰਕਾਰ ਝੋਨੇ ਦੀ ਖਰੀਦ ਦਾ ਟੀਚਾ ਪੂਰਾ ਕਰਨ ਵਿੱਚ ਅਸਮਰੱਥ ਰਹਿ ਰਹੀ ਹੈ, ਜਿਸ ਨੇ ਹੁਣ ਤੱਕ ਆਪਣੇ ਟੀਚੇ ਦੀ 90 ਫ਼ੀਸਦ ਤੋਂ ਵੱਧ ਫ਼ਸਲ ਖਰੀਦ ਲਈ ਹੈ। ਸੂਬਾ ਸਰਕਾਰ ਨੇ ਮੌਜੂਦਾ ਸੀਜ਼ਨ ਵਿੱਚ 185 ਲੱਖ ਟਨ ਝੋਨੇ ਦੀ



ਫ਼ਸਲ ਦੀ ਖਰੀਦ ਦਾ ਟੀਚਾ ਮਿੱਥਿਆ ਹੈ, ਜਿਸ ਵਿੱਚੋਂ 167.86 ਲੱਖ ਟਨ ਫ਼ਸਲ ਖਰੀਦੀ ਜਾ ਚੁੱਕੀ ਹੈ, ਪਰ ਹਾਲੇ ਵੀ ਟੀਚਾ ਬਹੁਤ ਦੂਰ ਹੈ। ਨਵੰਬਰ ਦੇ ਅਖੀਰ ਵਿੱਚ ਮੰਡੀਆਂ ਵਿੱਚ ਆਉਣ ਵਾਲੀ ਫ਼ਸਲ ਵਿੱਚ ਨਮੀ ਦੀ ਮਾਤਰਾ ਵੱਧ ਹੋਣ ਕਰਕੇ ਕਿਸਾਨਾਂ ਨੂੰ ਫ਼ਸਲਾਂ ਦਾ ਪੂਰਾ ਭਾਅ ਨਹੀਂ ਮਿਲ ਰਿਹਾ। ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ ਝੋਨੇ ਦੀ ਆਮਦ 170.15 ਲੱਖ ਟਨ ਦੀ ਹੋਈ ਹੈ, ਜਿਸ ਵਿੱਚੋਂ ਸਰਕਾਰ ਨੇ 167.86 ਲੱਖ ਟਨ ਫ਼ਸਲ ਦੀ ਹੀ ਖਰੀਦ ਕੀਤੀ ਹੈ। 159.28 ਲੱਖ ਟਨ ਫ਼ਸਲ ਦੀ ਮੰਡੀਆਂ ਵਿੱਚੋਂ ਲਿਫਟਿੰਗ ਹੋ ਚੁੱਕੀ ਹੈ।

### ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਦੋ ਕਰੋੜ ਜੁਰਮਾਨਾ

**ਪਟਿਆਲਾ:** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਰਾਲੀ ਸਾੜਨ ਵਾਲੇ 5203 ਕਿਸਾਨਾਂ ਨੂੰ 1,99,62,500 ਰੁਪਏ ਦਾ ਜੁਰਮਾਨਾ ਕੀਤਾ ਜਿਸ ਵਿਚੋਂ 11,93,5,000 ਰੁਪਏ ਇਕੱਠੇ ਕੀਤੇ ਜਾ ਚੁੱਕੇ ਹਨ। ਇਸ ਸਾਲ ਪਰਾਲੀ ਸਾੜਨ ਵਾਲੇ 5320 ਕਿਸਾਨਾਂ ਉਤੇ ਕੇਸ ਦਰਜ ਕੀਤੇ ਗਏ ਹਨ ਜਦ ਕਿ 5,159 ਨੂੰ ਰੈੱਡ ਐਂਟਰੀ ਅਧੀਨ ਲਿਆਂਦਾ ਗਿਆ। ਪੀ.ਪੀ.ਸੀ.ਬੀ. ਦੇ ਚੇਅਰਮੈਨ ਆਦਰਸ਼ਪਾਲ ਵਿਗ ਨੇ ਕਿਹਾ ਕਿ ਇਸ ਸਾਲ ਪਰਾਲੀ ਸਾੜਨ ਦੇ ਮਾਮਲੇ ਘੱਟ ਦਰਜ ਹੋਏ ਹਨ।

## ਪੰਜਾਬ ਸਰਕਾਰ ਨੂੰ ਹੁਣ ਕਣਕ ਦੀ ਫਸਲ ਸਾਂਭਣ ਦਾ ਫਿਕਰ ਪਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਅਗਲੀ ਕਣਕ ਦੀ ਫ਼ਸਲ ਨੇ ਹੁਣ ਤੋਂ ਹੀ ਸੁੱਕਣੇ ਪਾ ਦਿੱਤਾ ਹੈ ਕਿਉਂਕਿ ਕਣਕ ਦੀ ਅਗਾਮੀ ਫਸਲ ਨੂੰ ਭੰਡਾਰਨ ਕਰਨ ਵਾਸਤੇ ਕੋਈ ਜਗ੍ਹਾ ਨਹੀਂ ਲੱਭ ਰਹੀ ਹੈ। ਝੋਨੇ ਦੀ ਫਸਲ ਦੀ ਖਰੀਦ ਮੌਕੇ ਆਈ ਪ੍ਰੇਸ਼ਾਨੀ ਤੋਂ ਸਬਕ ਲੈਂਦਿਆਂ ਸੂਬਾ ਸਰਕਾਰ ਨੇ ਕਣਕ ਦੀ ਬਿਜਾਈ ਮੁਕੰਮਲ ਹੋਣ ਤੋਂ ਪਹਿਲਾਂ ਹੁਣ ਤੋਂ ਹੀ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ।

ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੇ ਸੂਬਾਈ ਖਰੀਦ ਏਜੰਸੀਆਂ ਨੂੰ ਪੱਤਰ ਲਿਖ ਕੇ ਅਗਾਮੀ ਕਣਕ ਦੀ ਫ਼ਸਲ ਦੇ ਭੰਡਾਰਨ ਦੇ ਪ੍ਰਬੰਧ ਜੁਟਾਉਣੇ ਸ਼ੁਰੂ ਕਰ ਦਿੱਤੇ ਹਨ। ਸੂਬਾ ਸਰਕਾਰ ਨੇ ਕਿਹਾ ਹੈ ਕਿ ਪੰਜਾਬ ਵਿਚ ਸਾਲ 2025-26 ਲਈ 40 ਲੱਖ ਟਨ ਕਣਕ ਦੇ ਭੰਡਾਰਨ ਲਈ ਜਗ੍ਹਾ ਦੀ ਕਮੀ ਹੈ। ਪੰਜਾਬ ਵਿਚ ਕਣਕ ਦੀ ਬਿਜਾਈ ਮੁਕੰਮਲ ਹੋਣ ਨੇੜੇ ਹਨ ਅਤੇ ਕਰੀਬ 35 ਲੱਖ ਹੈਕਟੇਅਰ ਰਕਬੇ ਵਿਚ ਫ਼ਸਲ ਦੀ ਬਿਜਾਂਦ ਹੋਣੀ ਹੈ। ਐਤਕੀਂ ਕਣਕ ਦੀ ਬਿਜਾਈ



ਪਿਛਲੇ ਵਰ੍ਹੇ ਨਾਲੋਂ ਪਛੜੀ ਵੀ ਹੈ। ਸਾਲ 2024-25 ਵਿਚ ਪੰਜਾਬ ਵਿਚ 124.57 ਲੱਖ ਟਨ ਕਣਕ ਖਰੀਦੀ ਗਈ ਸੀ।

ਖੁਰਾਕ ਤੇ ਸਪਲਾਈਜ਼ ਵਿਭਾਗ ਨੇ ਜਗ੍ਹਾ ਦੇ ਪ੍ਰਬੰਧ ਵਾਸਤੇ 14 ਨਵੰਬਰ ਨੂੰ ਖਰੀਦ ਏਜੰਸੀਆਂ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਸੀ। ਪੱਤਰ ਅਨੁਸਾਰ ਕਣਕ ਦੀ ਅਗਲੀ ਫ਼ਸਲ ਨੂੰ ਖੁੱਲ੍ਹੇ ਗੁਦਾਮਾਂ ਵਿਚ ਭੰਡਾਰ ਕੀਤੇ ਜਾਣ ਦੀ ਯੋਜਨਾ ਹੈ।

ਪਿਛਲੇ ਵਰ੍ਹੇ ਵੀ ਖੁੱਲ੍ਹੇ ਗੁਦਾਮਾਂ ਵਿਚ ਕਣਕ ਭੰਡਾਰ ਕੀਤੀ ਗਈ ਸੀ ਅਤੇ ਉਸ ਤੋਂ ਪਹਿਲਾਂ ਕਵਰਡ ਗੁਦਾਮਾਂ ਵਿਚ ਕਣਕ ਭੰਡਾਰ ਕੀਤੀ ਜਾਂਦੀ ਸੀ। ਅਨਾਜ ਭੰਡਾਰਨ ਲਈ ਨਵੇਂ ਸੰਕਟ ਦੇ ਮੱਦੇਨਜ਼ਰ ਹੁਣ ਕਵਰਡ ਅਤੇ ਖੁੱਲ੍ਹੇ ਗੁਦਾਮਾਂ ਵਿਚ ਕਣਕ ਦੀ ਫ਼ਸਲ ਭੰਡਾਰ ਕੀਤੀ ਜਾਣੀ ਹੈ। ਸਾਲ 2019 ਵਿਚ ਗਾਰੰਟੀ ਸਕੀਮ ਦੇ ਆਧਾਰ ਉਤੇ ਗੁਦਾਮ ਹਾਇਰ ਕੀਤੇ ਗਏ ਸਨ। ਪੁਰਾਣੇ ਗੁਦਾਮਾਂ ਨੂੰ ਮੁੜ ਹਾਇਰ ਕਰਨ ਵਾਸਤੇ ਵੀ ਕਿਹਾ ਗਿਆ ਹੈ। ਇਸ ਤੋਂ ਇਲਾਵਾ ਸੂਬਾਈ ਖਰੀਦ ਏਜੰਸੀਆਂ ਨੂੰ ਪੰਜਾਬ ਵਿੱਚ ਆਪੋ ਆਪਣੀ ਖਾਲੀ ਪਈ ਜਗ੍ਹਾ ਦੀ ਸ਼ਨਾਖ਼ਤ ਕਰਨ ਵਾਸਤੇ ਕਿਹਾ ਗਿਆ ਹੈ। ਦੱਸਣਯੋਗ ਹੈ ਕਿ ਚੌਲ ਭੰਡਾਰਨ ਵਾਸਤੇ ਪਹਿਲਾਂ ਹੀ ਸੂਬੇ ਵਿਚ ਜਗ੍ਹਾ ਨਹੀਂ ਹੈ ਜਿਸ ਦਾ ਖਰੀਦ ਸੀਜ਼ਨ ਦੌਰਾਨ ਕਾਫ਼ੀ ਰੌਲਾ ਵੀ ਪਿਆ।

### ਖਰੀਦ ਏਜੰਸੀਆਂ ਨੂੰ ਖੁੱਲ੍ਹੇ ਗੁਦਾਮ ਉਸਾਰਨ ਦੀ ਹਦਾਇਤ

**ਚੰਡੀਗੜ੍ਹ:** ਸਰਕਾਰ ਨੇ ਹਦਾਇਤ ਕੀਤੀ ਗਈ ਹੈ ਕਿ ਖਰੀਦ ਏਜੰਸੀਆਂ ਆਪਣੇ ਪੱਧਰ 'ਤੇ ਆਪਣੀਆਂ ਖ਼ਾਲੀ ਪਈਆਂ ਥਾਵਾਂ 'ਚ ਖੁੱਲ੍ਹੇ ਗੁਦਾਮਾਂ ਦੀ ਉਸਾਰੀ ਕਰਨ। ਖਰੀਦ ਏਜੰਸੀਆਂ ਨੂੰ ਇਸ ਨਾਲ ਵਿੱਤੀ ਫ਼ਾਇਦਾ ਵੀ ਮਿਲੇਗਾ। ਪੰਜਾਬ ਸਰਕਾਰ ਨੇ ਖਰੀਦ ਏਜੰਸੀਆਂ ਨੂੰ ਗੁਦਾਮਾਂ ਦੀ ਉਸਾਰੀ ਵਾਸਤੇ ਕਰਜ਼ਾ ਚੁੱਕਣ ਦੀ ਸਲਾਹ ਦਿੱਤੀ ਗਈ ਹੈ। ਪਤਾ ਲੱਗਾ ਹੈ ਕਿ ਸੂਬਾ ਸਰਕਾਰ ਨੇ ਖ਼ਾਲੀ ਥਾਵਾਂ ਦੀ ਸੂਚਨਾ ਖਰੀਦ ਏਜੰਸੀਆਂ ਤੋਂ ਮੰਗੀ ਸੀ ਅਤੇ ਕਈ ਏਜੰਸੀਆਂ ਨੇ ਇਹ ਵੇਰਵੇ ਸਰਕਾਰ ਨੂੰ ਭੇਜ ਵੀ ਦਿੱਤੇ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 30 ਨਵੰਬਰ, 2024

# ਪੰਜਾਬ ਦੀ ਸਿਆਸੀ ਕਰਵਟ

ਪੰਜਾਬ ਵਿਚ ਮਿਸਾਲੀ ਕਿਸਾਨ ਅੰਦੋਲਨ ਦੀ ਜਿੱਤ ਦੀ ਚੌਥੀ ਵਰ੍ਹੇਗੰਢ ਮਨਾਈ ਜਾ ਰਹੀ ਹੈ। ਉਂਝ, ਸਿਆਸੀ ਤੌਰ 'ਤੇ ਦੇਖਿਆ ਜਾਵੇ ਤਾਂ ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਸਾਲ 2024 ਪੰਜਾਬ ਲਈ ਬੜਾ ਨਿਵੇਕਲਾ ਸਾਬਿਤ ਹੋਇਆ ਹੈ। ਇਸ ਵਰ੍ਹੇ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿਚ 18 ਫੀਸਦੀ ਤੋਂ ਵੱਧ ਵੋਟਾਂ ਹਾਸਿਲ ਕੀਤੀਆਂ ਸਨ ਅਤੇ ਇਹ ਰਾਜ ਵਿਚ ਤੀਜੀ ਵੱਡੀ ਧਿਰ ਬਣ ਕੇ ਉਭਰੀ ਸੀ। ਪਾਰਟੀ ਨੂੰ ਪੰਜਾਬ ਵਿਚ ਭਾਵੇਂ ਇਕ ਵੀ ਸੀਟ 'ਤੇ ਜਿੱਤ ਹਾਸਿਲ ਨਹੀਂ ਸੀ ਹੋਈ ਪਰ ਇੰਨੀਆਂ ਵੋਟਾਂ ਮਿਲਣ ਤੋਂ ਪਾਰਟੀ ਬਾਗੋ-ਬਾਗ ਸੀ। ਇਸ ਦੇ ਆਗੂਆਂ ਨੇ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਜੋ 2027 ਵਿਚ ਹੋਣੀਆਂ ਹਨ, ਲਈ ਤਿਆਰੀਆਂ ਵੀ ਆਰੰਭ ਕਰ ਦਿੱਤੀਆਂ ਸਨ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਸਾਰੀਆਂ ਗਿਣਤੀਆਂ-ਮਿਣਤੀਆਂ ਕਰਦਿਆਂ ਲੁਧਿਆਣਾ ਲੋਕ ਸਭਾ ਤੋਂ ਪਾਰਟੀ ਦੇ ਹਾਰੇ ਹੋਏ ਆਗੂ ਰਵਨੀਤ ਬਿੱਟੂ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਥਾਂ ਵੀ ਦਿੱਤੀ ਪਰ ਹਾਲ ਹੀ ਵਿਚ ਹੋਈਆਂ ਉਪ ਚੋਣਾਂ ਵਿਚ ਪਾਰਟੀ ਬੁਰੀ ਤਰ੍ਹਾਂ ਪਛੜ ਗਈ ਅਤੇ ਇਸ ਦੀਆਂ ਸਭ ਯੋਜਨਾਵਾਂ 'ਤੇ ਪਾਣੀ ਫਿਰ ਗਿਆ ਜਾਪਦਾ ਹੈ। ਕੁੱਲ ਚਾਰ ਹਲਕਿਆਂ ਵਿਚੋਂ ਤਿੰਨ ਉਤੇ ਤਾਂ ਪਾਰਟੀ ਉਮੀਦਵਾਰ ਜ਼ਮਾਨਤ ਵੀ ਨਹੀਂ ਬਚਾ ਸਕੇ।

ਅਸਲ ਵਿਚ ਭਾਰਤੀ ਜਨਤਾ ਪਾਰਟੀ ਦਾ ਪੰਜਾਬ ਨਾਲ ਰਿਸ਼ਤਾ ਮੁੱਢ ਤੋਂ ਬੇਗਾਨਿਆਂ ਵਾਲਾ ਰਿਹਾ ਹੈ। ਪਾਰਟੀ ਦੇ ਸੂਬਾਈ ਆਗੂ ਸੁਨੀਲ ਜਾਖੜ ਨੇ ਇਹ ਗੱਲ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਸਮਝਾਉਣ ਦਾ ਯਤਨ ਕੀਤਾ ਕਿ ਪਾਰਟੀ ਪੰਜਾਬ ਪ੍ਰਤੀ ਆਪਣਾ ਰਵੱਈਆ ਬਦਲ ਲਵੇ। ਯਾਦ ਰਹੇ ਕਿ ਸਾਰੀ ਉਮਰ ਕਾਂਗਰਸ ਪਾਰਟੀ ਵਿਚ ਲਾਉਣ ਵਾਲੇ ਸੁਨੀਲ ਜਾਖੜ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋ ਗਏ ਸਨ। ਉਨ੍ਹਾਂ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਥਾਪਿਆ ਗਿਆ ਸੀ। ਹੁਣ ਉਹ ਇਸ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ। ਉਹ ਇਕ ਤੋਂ ਵੱਧ ਵਾਰ ਇਹ ਗੱਲ ਆਖ ਚੁੱਕੇ ਹਨ ਕਿ ਪਾਰਟੀ ਪੰਜਾਬ ਲਈ ਹੁਣ ਵੱਖਰੀ ਤਰਜ਼ 'ਤੇ ਸੋਚਣਾ ਸ਼ੁਰੂ ਕਰੇ। ਪਿੱਛੇ ਜਿਹੇ ਜਦੋਂ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਲਈ ਚੰਡੀਗੜ੍ਹ ਵਿਚ ਜ਼ਮੀਨ ਦੇਣ ਦਾ ਮਾਮਲਾ ਭਖਿਆ ਸੀ ਤਾਂ ਸੁਨੀਲ ਜਾਖੜ ਨੇ ਉਦੋਂ ਵੀ ਪਾਰਟੀ ਲੀਡਰਸ਼ਿਪ ਨੂੰ ਖਬਰਦਾਰ ਕੀਤਾ ਸੀ ਕਿ ਉਹ ਪੰਜਾਬ ਨਾਲ ਅਜਿਹਾ ਵਿਹਾਰ ਨਾ ਕਰੇ ਜਿਸ ਤੋਂ ਅਨਿਆਂ ਦੀ ਝਲਕ ਪੈਂਦੀ ਹੋਵੇ। ਇਸ ਮਸਲੇ 'ਤੇ ਪੰਜਾਬੀ ਦੀਆਂ ਸਾਰੀਆਂ ਪਾਰਟੀ ਇਕਮੁੱਠ ਹੋ ਗਈਆਂ ਸਨ। ਫਿਲਹਾਲ ਭਾਰਤੀ ਜਨਤਾ ਪਾਰਟੀ ਨੇ ਇਸ ਮਸਲੇ 'ਤੇ ਖਾਮੋਸ਼ੀ ਧਾਰ ਲਈ ਹੈ।

ਉਪ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਹਿੱਸਾ ਨਹੀਂ ਸੀ ਲਿਆ। ਹੁਣ ਸਿਆਸੀ ਮਾਹਿਰ ਵਿਸ਼ਲੇਸ਼ਣ ਕਰ ਰਹੇ ਹਨ ਕਿ ਇਸ ਦਾ ਸਭ ਤੋਂ ਵੱਧ ਫਾਇਦਾ ਪੰਜਾਬ ਦੀ ਸੱਤਾਧਾਰੀ ਧਿਰ, ਆਮ ਆਦਮੀ ਪਾਰਟੀ ਨੂੰ ਹੋਇਆ ਹੈ। ਅਸਲ ਵਿਚ ਅਕਾਲੀ ਦਲ ਦਾ ਪਹੀਆ ਅਜੇ ਲੀਹੋਂ ਲੱਥਾ ਹੋਇਆ ਹੈ ਅਤੇ ਪਾਰਟੀ ਲੀਡਰਸ਼ਿਪ ਨੂੰ ਇਨ੍ਹਾਂ ਔਖੇ ਸਮਿਆਂ ਵਿਚ ਵਿਚਰਨਾ ਵੀ ਔਖਾ ਹੋਇਆ ਪਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਤੋਂ ਬਾਅਦ ਪੰਥਕ ਹਲਕਿਆਂ ਅੰਦਰ ਸੁਧਾਰ ਦੀ ਕਿਰਨ ਦਿਖਾਈ ਦਿੱਤੀ ਸੀ ਪਰ ਸੁਖਬੀਰ ਦੇ ਇਸ ਅਸਤੀਫੇ 'ਤੇ ਵੀ ਸਿਆਸਤ ਕਰਨ ਦੇ ਗੰਭੀਰ ਇਲਜ਼ਾਮ ਲੱਗ ਗਏ ਹਨ। ਅਸਤੀਫੇ ਤੋਂ ਬਾਅਦ ਜਿਸ ਤਰ੍ਹਾਂ ਪਾਰਟੀ ਆਗੂਆਂ ਨੇ ਅਸਤੀਫੇ ਦੇਣੇ ਸ਼ੁਰੂ ਕੀਤੇ, ਉਸ ਤੋਂ ਸਪਸ਼ਟ ਹੋ ਗਿਆ ਕਿ ਇਹ ਅਸਤੀਫਾ ਵੀ ਗਿਣ-ਮਿਥ ਕੇ ਦਿੱਤਾ ਗਿਆ ਸੀ; ਸੁਖਬੀਰ ਸਿੰਘ ਬਾਦਲ ਅਜੇ ਵੀ ਪਾਰਟੀ ਲੀਡਰਸ਼ਿਪ ਤੋਂ ਪਾਸੇ ਹੋਣ ਦਾ ਕੋਈ ਇਰਾਦਾ ਨਹੀਂ ਰੱਖਦੇ। ਯਾਦ ਰਹੇ ਕਿ ਸੁਖਬੀਰ ਸਿੰਘ ਬਾਦਲ ਬੇਅਦਬੀ ਅਤੇ ਕੁਝ ਹੋਰ ਪੰਥਕ ਮਸਲਿਆਂ ਵਿਚ ਬੁਰੀ ਤਰ੍ਹਾਂ ਘਿਰੇ ਹੋਏ ਹਨ ਅਤੇ ਉਨ੍ਹਾਂ ਖ਼ਿਲਾਫ ਬਾਗੀ ਸੁਰਾਂ ਠੱਲ੍ਹਣ ਦਾ ਨਾਮ ਨਹੀਂ ਲੈ ਰਹੀਆਂ। ਇਸ ਦੇ ਨਾਲ ਹੀ ਇਹ ਉਪ ਚੋਣਾਂ ਕਾਂਗਰਸ ਲਈ ਇਕ ਤਰ੍ਹਾਂ ਨਾਲ ਝਟਕਾ ਸਾਬਿਤ ਹੋਈਆਂ ਹਨ ਅਤੇ ਇਸ ਨੇ ਪਾਰਟੀ ਦੇ ਨੌਜਵਾਨ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਕਾਬਲੀਅਤ ਉਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ। ਲੋਕ ਸਭਾ ਚੋਣਾਂ ਵਿਚ ਪਾਰਟੀ ਨੇ ਕੁੱਲ 13 ਵਿਚੋਂ 7 ਸੀਟਾਂ ਜਿੱਤੀਆਂ ਸਨ।

ਹੁਣ ਕਿਸਾਨਾਂ ਦੀ ਨਵੇਂ ਸਿਰਿਓਂ ਸਰਗਰਮੀ ਨੇ ਵੀ ਸੂਬੇ ਦੇ ਮਾਹੌਲ ਵਿਚ ਜਾਨ ਭਰ ਦਿੱਤੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੁਲਿਸ ਉਨ੍ਹਾਂ ਨੂੰ ਚੁੱਕ ਕੇ ਲੈ ਗਈ। ਬਾਅਦ ਵਿਚ ਖੁਲਾਸਾ ਕੀਤਾ ਗਿਆ ਕਿ ਉਨ੍ਹਾਂ ਨੂੰ ਡੀ.ਐਮ.ਸੀ. ਲੁਧਿਆਣਾ ਦਾਖ਼ਲ ਕਰਵਾ ਦਿੱਤਾ ਗਿਆ ਹੈ। ਡੱਲੇਵਾਲ ਨੇ ਐਲਾਨ ਕੀਤਾ ਸੀ ਕਿ ਐੱਮ.ਐੱਸ.ਪੀ. ਸਣੇ ਕਿਸਾਨਾਂ ਦੀਆਂ ਹੋਰਨਾਂ ਮੰਗਾਂ ਮੰਨਵਾਉਣ ਲਈ ਉਹ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ ਹਨ। ਇਸ ਸਾਲ ਫਰਵਰੀ ਤੋਂ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਾਲੇ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਤੇ ਹਰਿਆਣਾ ਦੀ ਹੱਦ ਉੱਪਰ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਸੰਘਰਸ਼ ਜਾਰੀ ਹੈ। ਇਸ ਮੋਰਚੇ ਨੇ ਐੱਮ.ਐੱਸ.ਪੀ. ਨੂੰ ਕਾਨੂੰਨੀ ਮਾਨਤਾ ਦਿਵਾਉਣ ਅਤੇ ਕਰਜ਼ਾ ਮੁਆਫ਼ੀ ਜਿਹੀਆਂ ਕਈ ਮੰਗਾਂ ਮਨਵਾਉਣ ਲਈ 'ਦਿੱਲੀ ਚਲੋ' ਦਾ ਸੱਦਾ ਦਿੱਤਾ ਸੀ ਜਿਸ ਤਹਿਤ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਪੁਲੀਸ ਅਤੇ ਕੇਂਦਰੀ ਬਲਾਂ ਨੇ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਪਰ ਨਾਕਾ ਲਾ ਦਿੱਤਾ ਸੀ। ਉਧਰ, ਕੇਂਦਰ ਸਰਕਾਰ ਖੇਤੀ ਮਸਲਿਆਂ ਤੋਂ ਲਗਾਤਾਰ ਪਾਸਾ ਵੱਟ ਰਹੀ ਹੈ; ਇਸ ਬਾਰੇ ਪੰਜਾਬ ਸਰਕਾਰ ਦਾ ਰਵੱਈਆ ਵੀ ਟਾਲ-ਮਟੋਲ ਵਾਲਾ ਹੀ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਕਿਸਾਨ ਆਗੂ ਇਸ ਮਸਲੇ ਨੂੰ ਕਿੰਝ ਨਜਿੱਠਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨੈੱਟ ਤੇ ਨਿਆਣੇ

ਸਮਾਂ ਬਦਲਿਆ ਤੇਜੀ ਨਾਲ ਯਾਰੋ, ਲਗਦਾ ਭੇਤ ਨਾ ਕੁਦਰਤ ਦੇ ਭਾਣਿਆਂ ਦਾ।
ਨਵੇਂ ਪੋਚ ਨੇ ਦੇਸੀ ਖੁਰਾਕ ਛੱਡੀ, ਚਸਕਾ ਪੈ ਗਿਆ ਚਟਪਟੇ ਖਾਣਿਆਂ ਦਾ।
ਕੰਨ ਧਰੇ ਨਾ ਵੱਡਿਆਂ ਵੱਲ ਕੋਈ, ਜੀਣਾ ਦੁੱਭਰ ਹੋ ਗਿਐ ਸਿਆਣਿਆਂ ਦਾ।
ਰਾਹ ਪਏ ਨੇ ਐਸ਼ਪ੍ਰਸਤੀਆਂ ਦੇ, ਭਾਅ ਪਤਾ ਨਾ ਆਟੇ-ਦਾਣਿਆਂ ਦਾ।
ਵਿਰਸੇ ਤੇ ਭਵਿੱਖ ਦਾ ਫਿਕਰ ਕੋਈ ਨਾ, ਭੁੱਸ ਪਿਆ ਮੋਬਾਇਲ ਤੇ ਗਾਣਿਆਂ ਦਾ।
ਭੱਠ ਝੋਕਦੇ ਰਹਿਣ ਬੇਸ਼ੱਕ ਮਾਪੇ, 'ਨੈੱਟ' ਚੱਲਣਾ ਚਾਹੀਦਾ ਨਿਆਣਿਆਂ ਦਾ!

# ਭਾਰਤ ਮਾਲਾ ਪ੍ਰੋਜੈਕਟ ਅਤੇ ਸਰਕਾਰੀ ਤਾਨਾਸ਼ਾਹੀ

**ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚ ਸੜਕਾਂ ਦਾ ਜਾਲ ਵਿਛਾਉਣ ਪਿੱਛੇ ਮੁੱਖ ਮੰਤਵ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣਾ ਹੈ। ਇਹਨਾਂ ਹਾਈਵੇਅ ਉੱਪਰ ਲੱਗਣ ਵਾਲੇ ਮਹਿੰਗੇ ਟੋਲ ਪਲਾਜ਼ੇ ਆਮ ਲੋਕਾਂ ਦੇ ਵਿੱਤੋਂ ਬਾਹਰ ਹੋਣਗੇ। ਵਪਾਰਕ ਆਵਾਜਾਈ ਲਈ ਪੰਜਾਬ ਵਿਚ ਅੰਗਰੇਜ਼ ਹਕੂਮਤ ਸਮੇਂ ਤੋਂ ਹੀ ਇਕ ਹੱਦ ਤੱਕ ਰੇਲ ਢਾਂਚਾ ਮੌਜੂਦ ਹੈ। ਰੇਲਾਂ ਰਾਹੀਂ ਪੰਜਾਬ ਦੇ ਹਰ ਖੇਤਰ ਵਿਚੋਂ ਅਨਾਜ, ਕੋਲੇ ਸਮੇਤ ਕਈ ਤਰ੍ਹਾਂ ਦੀਆਂ ਵਸਤਾਂ ਆਉਂਦੀਆਂ-ਜਾਂਦੀਆਂ ਹਨ।**

ਪੰਜਾਬ ਵਿਚ ਭਾਰਤ ਮਾਲਾ ਪ੍ਰੋਜੈਕਟ ਤਹਿਤ ਹਾਸਲ ਕੀਤੀਆਂ ਜਾ ਰਹੀਆਂ ਜ਼ਮੀਨਾਂ ਦਾ ਮਾਮਲਾ ਕਈ ਸਾਲਾਂ ਤੋਂ ਸੁਲਘ ਰਿਹਾ ਹੈ। ਪੰਜਾਬ ਦੀ ਉਪਜਾਊ ਧਰਤੀ ਉੱਪਰ ਜਿਸ ਤਰ੍ਹਾਂ ਵੱਡੇ-ਵੱਡੇ ਹਾਈਵੇਅ ਬਣਾਏ ਜਾ ਰਹੇ ਹਨ, ਇਹ ਦੇਖ ਕੇ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਪੰਜਾਬ ਦੀ ਧਰਤੀ ਦਾ ਇਕ ਹਿੱਸਾ ਤਾਂ ਸੜਕਾਂ ਵਿਚ ਹੀ ਰੋਕਿਆ ਜਾ ਰਿਹਾ ਹੋਵੇ। ਜਦ ਸਾਨੂੰ ਲੱਗਦਾ ਹੈ ਕਿ ਐਨੇ ਵੱਡੇ-ਵੱਡੇ ਹਾਈਵੇਅ ਇੱਥੋਂ ਦੇ ਆਮ ਲੋਕਾਂ ਲਈ ਨਹੀਂ ਉਸਾਰੇ ਜਾ ਰਹੇ ਤਾਂ ਇਹ ਹਾਈਵੇਅ ਉਸਾਰਨ ਦਾ ਮੰਤਵ ਜਾਨਣ ਦੀ ਲੋੜ ਹੈ।



ਕੇਂਦਰ ਸਰਕਾਰ ਅਨੁਸਾਰ, ਭਾਰਤ ਮਾਲਾ ਪ੍ਰੋਜੈਕਟ ਦਾ ਉਦੇਸ਼ ਦੇਸ਼ ਦੇ 550 ਜ਼ਿਲ੍ਹਿਆਂ ਨੂੰ ਘੱਟੋ-ਘੱਟ ਚਾਰ ਮਾਰਗੀ ਹਾਈਵੇਅ ਨਾਲ ਜੋੜਨਾ ਹੈ ਅਤੇ ਇਸ ਤਹਿਤ ਐਕਸਪ੍ਰੈੱਸ ਵੇਅ 'ਤੇ ਆਰਥਿਕ ਗਲਿਆਰੇ, ਅੰਤਰ-ਕੋਰੀਡੋਰ ਅਤੇ ਫੀਲਡ ਰੂਟਾਂ ਰਾਹੀਂ ਸੜਕੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਣਾ ਹੈ। ਮੁੱਖ ਰੂਪ ਵਿਚ ਕਿਹਾ ਜਾ ਰਿਹਾ ਹੈ ਕਿ ਕੌਮਾਂਤਰੀ ਸੰਪਰਕ ਜਾਂ ਵਪਾਰ ਲਈ ਦੇਸ਼ ਦੀਆਂ ਸਰਹੱਦਾਂ ਤੱਕ ਸੜਕਾਂ ਉਸਾਰੀਆਂ ਜਾ ਰਹੀਆਂ ਹਨ।

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪਿਛਲੇ ਹਫਤੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਇਸ਼ਾਰੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਨੇ ਸਵੇਰੇ-ਸਵੇਰੇ ਪਿੰਡ ਦੁੱਨੇਵਾਲਾ, ਸ਼ੇਰਗੜ੍ਹ ਅਤੇ ਭਗਵਾਨਗੜ੍ਹ ਦੀ ਜਿਸ ਅੱਠ ਕਿਲੋਮੀਟਰ ਦੇ ਕਰੀਬ ਦੀ ਸੜਕ ਲਈ ਜ਼ਮੀਨ ਦਾ ਕਬਜ਼ਾ ਲਿਆ, ਉਹ ਸੜਕ ਭਾਰਤ ਮਾਲਾ ਪ੍ਰੋਜੈਕਟ ਤਹਿਤ ਗੁਜਰਾਤ ਦੇ ਜਾਮਨਗਰ ਤੋਂ ਅੰਮ੍ਰਿਤਸਰ ਦਰਮਿਆਨ ਬਣ ਰਹੇ ਐਕਸਪ੍ਰੈੱਸ ਵੇਅ ਦਾ ਹਿੱਸਾ ਹੈ। ਇਸ ਐਕਸਪ੍ਰੈੱਸ ਵੇਅ ਦਾ 62 ਕਿਲੋਮੀਟਰ ਹਿੱਸਾ ਬਠਿੰਡਾ ਜ਼ਿਲ੍ਹੇ 'ਚ ਪੈਂਦਾ ਹੈ। ਕੁਝ ਕਿਸਾਨਾਂ ਤੋਂ ਰਜ਼ਾਮੰਦੀ ਨਾਲ ਕਬਜ਼ਾ ਲਿਆ ਗਿਆ ਜਦਕਿ ਤਿੰਨ ਪਿੰਡਾਂ ਦੁੱਨੇਵਾਲਾ, ਸ਼ੇਰਗੜ੍ਹ ਅਤੇ ਭਗਵਾਨਗੜ੍ਹ ਦੇ ਕਿਸਾਨ ਇਸ ਜ਼ਮੀਨ ਲਈ ਕਰੀਬ 80 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਲੱਗਭੱਗ 50 ਲੱਖ ਰੁਪਏ ਦੀ ਪੇਸ਼ਕਸ਼ ਹੈ। ਕਿਸਾਨਾਂ ਦਾ ਤਰਕ ਹੈ ਕਿ ਉਹਨਾਂ ਦੀਆਂ ਜ਼ਮੀਨਾਂ ਨਾਲ ਲੱਗਦੀਆਂ ਜ਼ਮੀਨਾਂ ਦਾ ਵੱਧ ਮੁਆਵਜ਼ਾ ਦਿੱਤਾ ਗਿਆ ਤਾਂ ਉਹਨਾਂ ਨੂੰ ਘੱਟ ਕਿਉਂ ਦਿੱਤੇ ਜਾ ਰਹੇ ਹਨ? ਬਠਿੰਡਾ ਜ਼ਿਲ੍ਹੇ ਵਿਚ ਸਰਕਾਰ ਵੱਲੋਂ ਕਿਸਾਨਾਂ ਦੀ ਸਹਿਮਤੀ ਲਏ ਬਗੈਰ ਧੱਕੇ ਨਾਲ ਜ਼ਮੀਨਾਂ ਉੱਪਰ ਕਬਜ਼ਾ ਕੀਤਾ ਗਿਆ ਤਾਂ ਇਸ ਵਿਰੁੱਧ ਕਿਸਾਨਾਂ ਵੱਲੋਂ ਜਦੋਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੀ ਅਗਵਾਈ ਹੇਠ ਉਕਤ ਜ਼ਮੀਨ ਤੋਂ ਸਰਕਾਰੀ ਕਬਜ਼ਾ ਹਟਵਾਉਣ ਲਈ ਕੂਚ ਕੀਤਾ ਤਾਂ ਪੁਲਿਸ ਦੇ ਲਾਠੀਚਾਰਜ ਨਾਲ ਦਰਜਨਾਂ ਕਿਸਾਨ ਜ਼ਖ਼ਮੀ ਹੋ ਗਏ। ਪੁਲੀਸ ਵੱਲੋਂ ਲਾਠੀਚਾਰਜ ਤੋਂ ਇਲਾਵਾ ਹੰਝੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਦਿਨ ਜ਼ਮੀਨ ਦੇ ਵਾਜਬ ਮੁਆਵਜ਼ੇ ਦੀ ਮੰਗ ਲਈ ਕਿਸਾਨ ਪੁਲਿਸ ਦੀਆਂ ਡਾਂਗਾਂ ਖਾ ਰਹੇ ਸਨ, ਉਸੇ ਦਿਨ ਹਿਮਾਚਲ ਪ੍ਰਦੇਸ਼ ਦੇ ਜ਼ਮੀਨ ਨਾਲ ਸਬੰਧਿਤ ਇਕ ਹੋਰ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕਿਸੇ ਵੀ ਸੂਬੇ ਨੂੰ ਉੱਥੇ ਰਹਿੰਦੇ ਲੋਕਾਂ ਦੀ ਜ਼ਮੀਨ ਵਾਜਬ ਮੁਆਵਜ਼ਾ ਦਿੱਤੇ ਬਿਨਾਂ ਐਕੁਆਇਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਮਾਹਿਰਾਂ ਵੱਲੋਂ ਗੁਜਰਾਤ ਦੇ ਜਾਮਨਗਰ ਤੋਂ ਅੰਮ੍ਰਿਤਸਰ ਤੱਕ ਇਹ ਹਾਈਵੇਅ ਬਣਾਉਣ ਦਾ ਮੰਤਵ ਇਹ ਦੱਸਿਆ ਜਾ ਰਿਹਾ ਹੈ ਕਿ ਇਸ ਹਾਈਵੇਅ ਰਾਹੀਂ ਪੰਜਾਬ ਅਤੇ ਨੇੜਲੇ ਸੂਬੇ ਗੁਜਰਾਤ ਰਾਹੀਂ ਕੌਮਾਂਤਰੀ ਸੜਕੀ ਸੰਪਰਕ ਬਣਾਉਣਗੇ। ਅੰਮ੍ਰਿਤਸਰ ਜ਼ਿਲ੍ਹਾ ਖੁਦ ਸਰਹੱਦੀ ਜ਼ਿਲ੍ਹਾ ਹੈ ਤੇ 1947 ਦੀ ਵੰਡ ਤੋਂ ਪਹਿਲਾਂ ਪੰਜਾਬ ਰਾਹੀਂ ਭਾਰਤ ਮੱਧ ਪੂਰਬ ਤੱਕ ਵਪਾਰ ਕਰਦਾ ਰਿਹਾ ਹੈ। ਇਹ ਸਰਹੱਦ ਰਾਹੀਂ ਮੁੜ ਵਪਾਰ ਬਾਰੇ ਸੋਚਣ ਦੀ ਥਾਂ ਗੁਜਰਾਤ ਰਾਹੀਂ ਵਪਾਰ ਬਾਰੇ ਸੋਚਣ ਪਿੱਛੇ ਸਰਕਾਰ ਦਾ ਮੰਤਵ ਸਮਝਿਆ ਜਾ ਸਕਦਾ ਹੈ।



ਵੈਸੇ ਇਹ ਹਾਈਵੇਅ ਕਿਸਾਨ ਦੀ ਐਕੁਆਇਰ ਕੀਤੀ ਜ਼ਮੀਨ ਤੋਂ ਇਲਾਵਾ ਵੀ ਕਿਸਾਨ ਨੂੰ ਬਹੁਤ ਜ਼ਿਆਦਾ ਆਰਥਿਕ ਸੱਟ ਮਾਰਦੇ ਹਨ। ਉਦਾਹਰਨ ਵਜੋਂ ਇਹ ਕਿਸਾਨ ਦੇ ਖੇਤਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੰਦੇ ਹਨ। ਇਕ ਪਾਸੇ ਤੋਂ ਦੂਜੇ ਪਾਸੇ ਕਿਸਾਨ ਸੜਕ ਪਾਰ ਕਰ ਕੇ ਸਿੱਧਾ ਵੀ ਨਹੀਂ ਲੰਘ ਸਕਦਾ ਬਲਕਿ ਕੁਝ ਕਿਲੋਮੀਟਰ ਦੂਰ ਛੱਡੇ ਕੱਟ ਤੋਂ ਹੀ ਲੰਘ ਸਕੇਗਾ। ਕਿਸਾਨ ਨੂੰ ਸੜਕ ਦੇ ਦੂਜੇ ਪਾਸੇ ਨਵਾਂ ਲੱਗਭੱਗ 500 ਫੁੱਟ ਡੂੰਘਾ ਨਵਾਂ ਬੋਰ ਕਰਨਾ ਪਵੇਗਾ ਅਤੇ ਇਕ ਪਾਸੇ ਤਾਂ ਮੋਟਰ ਕੁਨੈਕਸ਼ਨ ਹੋਵੇਗਾ ਲੇਕਿਨ ਦੂਜੇ ਪਾਸੇ ਬਗੈਰ ਮੋਟਰ ਕੁਨੈਕਸ਼ਨ ਦੇ ਹੀ ਕੰਮ ਚਲਾਉਣਾ ਪਵੇਗਾ। ਕਿਸਾਨਾਂ ਨੂੰ ਮੁਆਵਜ਼ਾ ਸਰਕਾਰ ਦੁਆਰਾ ਨਿਰਧਾਰਤ ਕੁਲੈਕਟਰੇਟ ਰੇਟਾਂ ਦੇ ਅਨੁਪਾਤ ਨਾਲ ਦਿੱਤਾ ਜਾਂਦਾ ਹੈ, ਇਸ ਵਿਚ ਕਿਸਾਨ ਦੀ ਸਹਿਮਤੀ ਦੀ ਕੋਈ ਕਦਰ ਨਹੀਂ।

ਕੇਂਦਰ ਸਰਕਾਰ ਨੇ ਬਹੁਤੇ ਹਾਈਵੇਅ ਬਣਾਉਣ ਦੀ ਤਜਵੀਜ਼ ਉਲੀਕਣ ਸਮੇਂ ਸੂਬਾ ਸਰਕਾਰਾਂ ਨਾਲ ਵੀ ਸਲਾਹ ਮਸ਼ਵਰਾ ਨਹੀਂ ਕੀਤਾ ਹੈ; ਜਿਵੇਂ ਅਜਮੇਰ-ਲੁਧਿਆਣਾ ਆਰਥਿਕ ਗਲਿਆਰਾ ਬਠਿੰਡਾ-ਲੁਧਿਆਣਾ ਵਿਚੋਂ ਤਾਂ ਲੰਘੇਗਾ ਪਰ ਪੰਜਾਬ ਦੇ ਵੱਡੇ ਉਦਯੋਗਿਕ ਖੇਤਰ ਮੰਡੀ ਗੋਬਿੰਦਗੜ੍ਹ ਨੂੰ ਪਾਸੇ ਛੱਡ ਦਿੱਤਾ ਗਿਆ ਹੈ। ਇਸ ਕੋਰੀਡੋਰ ਨੂੰ ਮੰਡੀ ਗੋਬਿੰਦਗੜ੍ਹ ਉਦਯੋਗਿਕ ਖੇਤਰ ਨਾਲ ਫੀਡਰ ਰੂਟ ਰਾਹੀਂ ਜੋੜਨ ਦੀ ਮੰਗ ਕਈ ਵਾਰ ਉੱਠ ਚੁੱਕੀ ਹੈ।

ਭਾਰਤ ਮਾਲਾ ਪ੍ਰੋਜੈਕਟ ਤਹਿਤ ਪੰਜਾਬ ਵਿਚ ਸਭ ਤੋਂ ਵੱਧ ਮਾਰ ਦਿੱਲੀ-ਕਟੜਾ ਐਕਸਪ੍ਰੈੱਸ ਵੇਅ ਨੇ ਪਾਈ ਹੈ। ਇਸ ਹਾਈਵੇਅ ਖਾਤਰ ਦਿੱਲੀ ਤੋਂ ਕਟੜਾ ਤੱਕ ਅੰਦਾਜ਼ਨ 16000 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇਹ ਹਾਈਵੇਅ ਨਾਲ ਪੰਜਾਬ ਦੇ ਅੱਧੀ ਦਰਜਨ ਤੋਂ ਵੱਧ ਜ਼ਿਲ੍ਹੇ ਪ੍ਰਭਾਵਿਤ ਹੋ ਰਹੇ ਹਨ। ਅਗਸਤ ਮਹੀਨੇ ਇਸੇ ਹਾਈਵੇਅ ਕਾਰਨ ਕੇਂਦਰ ਅਤੇ ਸੂਬਾ ਸਰਕਾਰਾਂ ਵਿਚ ਰੇੜਕਾ ਵੀ ਪਿਆ ਸੀ। ਕੇਂਦਰੀ ਸੜਕ ਆਵਾਜਾਈ ਅਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਪੰਜਾਬ ਕਾਨੂੰਨ ਪ੍ਰਬੰਧਾਂ ਉੱਪਰ ਸਵਾਲ ਚੁੱਕਦੇ ਹੋਏ ਐਕਸਪ੍ਰੈੱਸ ਵੇਅ ਦੇ ਨਿਰਮਾਣ ਕਾਰਜ ਵਿਚ ਵਿਘਨ ਪੈਣ 'ਤੇ ਸੂਬਾ ਸਰਕਾਰ ਨੂੰ ਕੋਸਿਆ ਸੀ। ਉਨ੍ਹਾਂ ਧਮਕੀ ਦਿੱਤੀ ਸੀ ਕਿ ਜੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਨਾ ਸੁਧਰੀ ਤਾਂ ਨੈਸ਼ਨਲ ਹਾਈਵੇਅ ਅਥਾਰਟੀ ਪੰਜਾਬ ਦੇ ਸੜਕੀ ਆਵਾਜਾਈ ਨਾਲ ਜੁੜੇ 14288 ਕਰੋੜ ਰੁਪਏ ਦੇ ਸੜਕੀ ਪ੍ਰੋਜੈਕਟ ਬੰਦ ਕਰ ਸਕਦੀ ਹੈ।

ਕੇਂਦਰੀ ਮੰਤਰੀ ਦੀ ਚਿੱਠੀ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਮਾਮਲਾ ਅਮਨ-ਕਾਨੂੰਨ ਦਾ ਨਹੀਂ ਬਲਕਿ ਗ੍ਰਹਿਣ ਕੀਤੀ ਜ਼ਮੀਨ ਦਾ ਵਾਜਬ ਮੁਆਵਜ਼ਾ ਨਾ ਮਿਲਣ ਦਾ ਹੈ। ਇਉਂ ਮੁੱਖ ਮੰਤਰੀ ਦਾ ਦੋਹਰਾ ਕਿਰਦਾਰ ਵੀ ਸਾਹਮਣੇ ਆ ਰਿਹਾ ਹੈ; ਜਦ ਉਹ ਮੰਨ ਰਹੇ ਹਨ ਕਿ ਮਾਮਲਾ 'ਜ਼ਮੀਨ ਦਾ ਵਾਜਬ ਮੁਆਵਜ਼ਾ ਨਾ ਮਿਲਣ ਦਾ ਹੈ' ਤਾਂ ਪੰਜਾਬ ਪੁਲਿਸ ਬਠਿੰਡਾ ਜ਼ਿਲ੍ਹੇ ਵਿਚ ਕਿਸਾਨਾਂ ਉੱਪਰ ਧਾਵਾ ਕਿਉਂ ਬੋਲ ਰਹੀ ਹੈ?

ਹਕੀਕਤ ਇਹ ਹੈ ਕਿ ਮੁੱਖ ਮੰਤਰੀ ਬਿਆਨ ਦੇਣ, ਸਟੇਜ ਤੋਂ ਭਾਸ਼ਣ ਦੇਣ, ਚਿੱਠੀ ਲਿਖਣ ਸਮੇਂ ਤਾਂ ਕੇਂਦਰ ਸਰਕਾਰ ਅੱਗੇ ਫੜ੍ਹ ਮਾਰ ਦਿੰਦੇ ਹਨ ਪਰ ਜ਼ਮੀਨੀ ਰੂਪ ਵਿਚ ਉਹ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣੇ ਹੋਏ ਹਨ। ਕੇਂਦਰ ਸਰਕਾਰ ਦੇ ਇਸ਼ਾਰੇ ਤਹਿਤ ਉਹ ਕੇਂਦਰੀ ਨੀਤੀਆਂ ਨੂੰ ਸੂਬੇ ਵਿਚ ਵਧ-ਚੜ੍ਹ ਕੇ ਲਾਗੂ ਕਰ ਰਹੇ ਹਨ। ਬਠਿੰਡਾ ਜ਼ਿਲ੍ਹੇ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਲਾਠੀਚਾਰਜ ਕਰਨਾ ਸਰਕਾਰ ਦਾ ਤਾਨਾਸ਼ਾਹ ਰਵੱਈਆ ਦਰਸਾਉਂਦਾ ਹੈ।

ਭਾਰਤ ਮਾਲਾ ਪ੍ਰੋਜੈਕਟ ਤਹਿਤ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ 18 ਜ਼ਿਲ੍ਹਿਆਂ ਦੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ। ਕੋਈ ਵੀ ਜ਼ਿਲ੍ਹਾ ਅਜਿਹਾ ਨਹੀਂ ਹੈ ਜਿੱਥੇ ਜ਼ਮੀਨ ਹਾਸਲ ਕਰਨ ਸਮੇਂ ਰੇੜਕਾ ਨਾ ਪਿਆ ਹੋਵੇ। ਕਿਸਾਨਾਂ 'ਸੜਕੀ ਕਿਸਾਨ ਸੰਘਰਸ਼ ਕਮੇਟੀ' ਬਣਾ ਕੇ ਸੰਘਰਸ਼ ਕਰ ਰਹੇ ਹਨ।

ਮੁੱਖ ਰੂਪ ਵਿਚ ਸੜਕਾਂ ਬਣਾਉਣ ਦਾ ਕੰਮ ਦੇਖਣ ਵਾਲੀ ਨੈਸ਼ਨਲ ਹਾਈਵੇਅ ਅਥਾਰਟੀ (ਐੱਨ.ਐੱਚ.ਏ.ਆਈ.) ਦੇ ਚੇਅਰਮੈਨ ਨੇ ਇਸੇ ਵਰ੍ਹੇ ਜੁਲਾਈ ਮਹੀਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਧਮਕੀ ਭਰੇ ਲਹਿਜੇ ਵਿਚ ਸਰਕਾਰ ਦੇ ਉੱਚ ਅਫਸਰਾਂ ਨੂੰ ਪੁੱਛਿਆ ਸੀ ਕਿ ਕੀ ਸਾਨੂੰ ਸਾਰੇ ਪ੍ਰੋਜੈਕਟ ਬੰਦ ਕਰ ਦੇਣੇ ਚਾਹੀਦੇ ਹਨ? ਇਸ ਚਿੱਠੀ ਵਿਚ ਲਿਖਿਆ ਸੀ ਕਿ 42175 ਕਰੋੜ ਰੁਪਏ ਦੇ ਪ੍ਰੋਜੈਕਟ ਵਿਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ 100 ਫੀਸਦੀ ਜ਼ਮੀਨ ਅਥਾਰਟੀ ਹਵਾਲੇ ਨਹੀਂ ਕੀਤੀ ਹੈ। ਚਿੱਠੀ ਤੋਂ ਇਹ ਤੱਥ ਜ਼ਾਹਿਰ ਹੋਇਆ ਸੀ ਕਿ ਪੰਜਾਬ ਵਿਚ 52 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ 1500 ਕਿਲੋਮੀਟਰ ਦੇ ਕਰੀਬ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਮਤਲਬ ਸਾਫ ਹੈ ਕਿ ਪੰਜਾਬ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਸੜਕਾਂ ਵਿਚ ਰੁਕ ਜਾਵੇਗੀ।

ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚ ਸੜਕਾਂ ਦਾ ਜਾਲ ਵਿਛਾਉਣ ਪਿੱਛੇ ਮੁੱਖ ਮੰਤਵ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣਾ ਹੈ। ਇਹਨਾਂ ਹਾਈਵੇਅ ਉੱਪਰ ਲੱਗਣ ਵਾਲੇ ਮਹਿੰਗੇ ਟੋਲ ਪਲਾਜ਼ੇ ਆਮ ਲੋਕਾਂ ਦੇ ਵਿੱਤੋਂ ਬਾਹਰ ਹੋਣਗੇ। ਵਪਾਰਕ ਆਵਾਜਾਈ ਲਈ ਪੰਜਾਬ ਵਿਚ ਅੰਗਰੇਜ਼ ਹਕੂਮਤ ਸਮੇਂ ਤੋਂ ਹੀ ਇਕ ਹੱਦ ਤੱਕ ਰੇਲ ਢਾਂਚਾ ਮੌਜੂਦ ਹੈ। ਰੇਲਾਂ ਰਾਹੀਂ ਪੰਜਾਬ ਦੇ ਹਰ ਖੇਤਰ ਵਿਚੋਂ ਅਨਾਜ, ਕੋਲੇ ਸਮੇਤ ਕਈ ਤਰ੍ਹਾਂ ਦੀਆਂ ਵਸਤਾਂ ਆਉਂਦੀਆਂ-ਜਾਂਦੀਆਂ ਹਨ।

ਇਹਨਾਂ ਸੜਕਾਂ ਕਾਰਨ ਜਿਸ ਤਰ੍ਹਾਂ ਦਹਾਕਿਆਂ ਪੁਰਾਣੇ ਦਰਖਤ ਵੱਢੇ ਜਾ ਰਹੇ ਹਨ, ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ, ਉਪਜਾਊ ਜ਼ਮੀਨਾਂ ਰੋਕੀਆਂ ਜਾ ਰਹੀਆਂ ਹਨ, ਕੀ ਇਸ ਨੂੰ ਵਿਕਾਸ ਕਿਹਾ ਜਾ ਸਕਦਾ ਹੈ? ਇਹ ਵਿਕਾਸ ਘੱਟ, ਕੁਦਰਤੀ ਤਬਾਹੀ ਜ਼ਿਆਦਾ ਹੈ। ਪੰਜਾਬ ਦੀ ਧਰਤੀ ਦੁਨੀਆ ਦੀਆਂ ਸਭ ਤੋਂ ਉਪਜਾਊ ਧਰਤੀਆਂ ਵਿਚੋਂ ਇਕ ਹੈ; ਇਸ ਧਰਤੀ ਨੂੰ ਬੇਲੋੜੀਆਂ ਸੜਕਾਂ ਰਾਹੀਂ ਰੋਕਣਾ ਇਸ ਧਰਤੀ ਨਾਲ ਬੇਇਨਸਾਫੀ ਹੈ।

***ਅਮਰੀਕਨ ਨਿਆਂ ਵਿਭਾਗ ਅਤੇ ਸਕਿਊਰਿਟੀ ਐਂਡ ਐਕਸਚੇਂਜ ਬੋਰਡ ਕਮਿਸ਼ਨ ਨੇ ਦੋਸ਼ ਲਾਇਆ ਹੈ ਕਿ ਗੌਤਮ ਅਡਾਨੀ ਤੇ ਉਸ ਦੇ ਸੱਤ ਅਧਿਕਾਰੀਆਂ ਵੱਲੋਂ ਭਾਰਤ ਦੇ ਸਰਕਾਰੀ ਅਧਿਕਾਰੀਆਂ ਨੂੰ 26 ਕਰੋੜ ਡਾਲਰ ਰਿਸ਼ਵਤ ਦੇਣ ਦਾ ਇਕਰਾਰ ਕਰ ਕੇ ਸੂਰਜੀ ਊਰਜਾ (ਸੋਲਰ ਐਨਰਜੀ) ਦੇ ਠੇਕੇ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਮਰੀਕਾ ਵਿਚ ਸਟਾਕ ਮਾਰਕੀਟ ਰਾਹੀਂ ਸ਼ੇਅਰ ਖਰੀਦਣ ਵਾਲਿਆਂ ਨੂੰ ਮੂਰਖ ਬਣਾਇਆ ਗਿਆ ਕਿ ਅਡਾਨੀ ਸਮੂਹ ਨੇ ਇਕ ਵੱਡਾ ਸੋਲਰ ਐਨਰਜੀ ਪਲਾਂਟ ਲਾਉਣਾ ਹੈ ਜਿਸ ਤੋਂ ਮੋਟੀ ਕਮਾਈ ਹੋਵੇਗੀ। ਨਿਆਂ ਵਿਭਾਗ ਨੇ ਆਪਣੇ ਬਿਆਨ 'ਚ ਕਿਹਾ ਕਿ ਇਸ ਧੋਖਾਧੜੀ 'ਚ ਅਡਾਨੀ, ਉਸ ਦੇ ਭਤੀਜੇ ਸਾਗਰ ਅਡਾਨੀ ਅਤੇ ਕਾਰਪੋਰੇਟ ਸਮੂਹ ਦੇ ਪੰਜ ਹੋਰ ਅਧਿਕਾਰੀਆਂ ਦੀ ਭੂਮਿਕਾ ਰਹੀ ਹੈ। ਇਸ ਕੇਸ ਦੇ ਪਿਛੋਕੜ ਅਤੇ ਮੋਦੀ ਸਰਕਾਰ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ।***

# ਧੋਖਾਧੜੀ ਤੇ ਰਿਸ਼ਵਤ ਦੇ ਦੋਸ਼ਾਂ 'ਚ ਘਿਰਿਆ ਅਡਾਨੀ

ਪਿਛਲੇ ਦਿਨੀਂ ਅਮਰੀਕਾ ਦੇ ਸਰਕਾਰੀ ਕਾਨੂੰਨੀ ਅਧਿਕਾਰੀਆਂ ਵੱਲੋਂ ਨਰਿੰਦਰ ਮੋਦੀ ਦੇ ਕਾਰਪੋਰੇਟ ਮਿੱਤਰ ਗੌਤਮ ਅਡਾਨੀ ਵਿਰੁੱਧ ਦਾਇਰ ਕੀਤਾ ਰਿਸ਼ਵਤ ਅਤੇ ਧੋਖਾਧੜੀ ਦਾ ਮੁਕੱਦਮਾ ਨਾ ਸਿਰਫ਼ ਅਡਾਨੀ ਸਮੂਹ ਲਈ ਸਗੋਂ ਭਗਵਾ ਹਕੂਮਤ ਲਈ ਵੀ ਸਿਰਦਰਦੀ ਬਣ ਗਿਆ ਹੈ। ਜਨਵਰੀ 2024 'ਚ ਜਦੋਂ ਹਿੰਡਨਬਰਗ ਰਿਸਰਚ ਨਾਂ ਦੀ ਅਮਰੀਕਾ ਆਧਾਰਿਤ ਪੂੰਜੀਨਿਵੇਸ਼ ਰਿਸਰਚ ਫਰਮ ਵੱਲੋਂ ਦੋ ਸਾਲ ਤੱਕ ਡੂੰਘੀ ਜਾਂਚ ਕਰ ਕੇ ਅਡਾਨੀ ਸਮੂਹ ਉੱਪਰ ਆਪਣੇ ਸ਼ੇਅਰਾਂ ਦਾ ਮੁੱਲ ਵਧਾਉਣ ਲਈ ਹੇਰਾਫੇਰੀ ਕਰਨ ਅਤੇ ਫਰਾਡ ਸਕੀਮਾਂ ਦਾ ਸਹਾਰਾ ਲੈਣ ਦੇ ਖ਼ੁਲਾਸੇ ਕੀਤੇ ਗਏ ਸਨ ਤਾਂ ਉਦੋਂ ਵੀ ਅਡਾਨੀ ਅਤੇ ਮੋਦੀ ਵਜ਼ਾਰਤ ਦੀ ਲੰਗੋਟੀਆ ਯਾਰੀ ਉੱਪਰ ਬਹੁਤ ਸਵਾਲ ਉੱਠੇ ਸਨ। ਉਦੋਂ ਵੀ ਅਡਾਨੀ ਨੂੰ ਕੌਮਾਂਤਰੀ ਸਾਖ ਅਤੇ ਵਿਤੀ ਹਿਤਾਂ ਪੱਖੋਂ ਕਾਫ਼ੀ ਨੁਕਸਾਨ ਝੱਲਣਾ ਪਿਆ ਸੀ।

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਇਹ ਵੀ ਦੋਸ਼ ਲੱਗਿਆ ਸੀ ਕਿ ਭਾਰਤ ਦੇ ਸਕਿਊਰਿਟੀ ਐਂਡ ਐਕਸਚੇਂਜ ਬੋਰਡ ਨੇ ਰਾਜਨੀਤਕ ਦਬਾਅ ਕਾਰਨ ਅਡਾਨੀ ਸਮੂਹ ਦੇ ਲੈਣ-ਦੇਣ ਦੀਆਂ ਧਾਂਦਲੀਆਂ ਦੀ ਜਾਂਚ ਡੇਢ ਸਾਲ ਬਾਅਦ ਵੀ ਕਿਸੇ ਕੰਢੇ ਨਹੀਂ ਸੀ ਲਾਈ।

ਹੁਣ ਉਪਰੋਕਤ ਮੁਕੱਦਮੇ ਦੇ ਨਾਲ ਯੂ.ਐੱਸ. ਸਕਿਊਰਿਟੀ ਐਂਡ ਐਕਸਚੇਂਜ ਕਮਿਸ਼ਨ ਨੇ ਵੀ ਅਡਾਨੀ ਅਤੇ ਉਸ ਦੇ ਸਹਾਇਕਾਂ ਵਿਰੁੱਧ ਰਿਸ਼ਵਤ ਅਤੇ ਫਰਾਡ ਦੇ ਦੋਸ਼ ਲਾ ਕੇ ਸਮਾਂਤਰ ਦੀਵਾਨੀ ਮੁਕੱਦਮਾ ਦਾਇਰ ਕਰਾਇਆ ਹੈ। ਇਨ੍ਹਾਂ ਦੋਸ਼ਾਂ ਨੇ ਅਡਾਨੀ ਸਮੂਹ ਨੂੰ ਤਕੜਾ ਝਟਕਾ ਦਿੱਤਾ ਹੈ। ਅਗਲੇ ਹੀ ਦਿਨ ਅਡਾਨੀ ਸਮੂਹ ਦੀਆਂ ਸੂਚੀਬਧ ਫਰਮਾਂ ਦੇ ਸ਼ੇਅਰਾਂ 'ਚ 10% ਤੋਂ 20% ਦਰਮਿਆਨ ਗਿਰਾਵਟ ਦੇਖੀ ਗਈ। ਖ਼ਬਰ ਏਜੰਸੀ ਰਾਇਟਰਜ਼ ਦੇ ਅੰਕੜਿਆਂ ਅਨੁਸਾਰ ਇਸ ਨਾਲ ਅਡਾਨੀ ਸਮੂਹ ਦੇ ਕੁਲ ਬਾਜ਼ਾਰ ਮੁੱਲ 'ਚ 30 ਅਰਬ ਡਾਲਰ ਨੂੰ ਹੂੰਝਾ ਫਿਰ ਗਿਆ। ਕੀਨੀਆ ਦੇ ਰਾਸ਼ਟਰਪਤੀ ਵੱਲੋਂ ਅਮਰੀਕਨ ਵਿਚਲੇ ਮੁਕੱਦਮੇ ਨੂੰ ਬਹਾਨਾ ਬਣਾ ਕੇ (ਕਿਉਂਕਿ ਕੀਨੀਆਈ ਸਰਕਾਰ ਗੁਪਤ ਸਮਝੌਤਿਆਂ ਕਾਰਨ ਖ਼ੁਦ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੀ ਹੋਈ ਹੈ) ਹਵਾਈ ਅੱਡੇ ਦੇ ਵਿਸਤਾਰ ਦਾ ਸਮਝੌਤਾ ਰੱਦ ਕਰਨਾ ਅਡਾਨੀ ਲਈ ਇਕ ਹੋਰ ਧੱਕਾ ਹੈ ਜਿਸ ਤਹਿਤ ਮੁਲਕ ਦੇ ਮੁੱਖ ਹਵਾਈ ਅੱਡੇ (ਨੈਰੋਬੀ) ਦਾ ਅਧਿਕਾਰ 30 ਸਾਲ ਲਈ ਅਡਾਨੀ ਸਮੂਹ ਦੇ ਹਵਾਲੇ ਕੀਤਾ ਜਾਣਾ ਸੀ ਅਤੇ ਅਡਾਨੀ ਨੇ ਇਸ ਦੇ ਬਦਲੇ ਉਨ੍ਹਾਂ ਨੂੰ ਏਅਰਪੋਰਟ ਅੱਪਗਰੇਡ ਕਰ ਕੇ ਦੇਣਾ ਸੀ। ਕੀਨੀਆ ਦੇ ਊਰਜਾ ਮੰਤਰਾਲੇ ਨੇ ਪਿਛਲੇ ਮਹੀਨੇ ਬਿਜਲੀ ਟਰਾਂਸਮਿਸ਼ਨ ਦੀਆਂ ਲਾਈਨਾਂ ਉਸਾਰਨ ਲਈ ਅਡਾਨੀ ਸਮੂਹ ਨਾਲ 73.6 ਕਰੋੜ ਡਾਲਰ ਦਾ ਜੋ ਪਬਲਿਕ-ਪ੍ਰਾਈਵੇਟ ਭਾਈਵਾਲੀ ਸਮਝੌਤਾ 30 ਸਾਲ ਲਈ ਸਹੀਬੰਦ ਕੀਤਾ ਸੀ, ਉਹ ਵੀ ਰੱਦ ਕਰ ਦਿੱਤਾ ਗਿਆ ਹੈ।

ਅਮਰੀਕਨ ਡੀ.ਓ.ਜੀ. (ਨਿਆਂ ਵਿਭਾਗ) ਅਤੇ ਸਕਿਊਰਿਟੀ ਐਂਡ ਐਕਸਚੇਂਜ ਬੋਰਡ ਕਮਿਸ਼ਨ ਨੇ ਦੋਸ਼ ਲਾਇਆ ਹੈ ਕਿ ਗੌਤਮ ਅਡਾਨੀ ਤੇ ਉਸ ਦੇ ਸੱਤ ਅਧਿਕਾਰੀਆਂ ਵੱਲੋਂ ਭਾਰਤ ਦੇ ਸਰਕਾਰੀ ਅਧਿਕਾਰੀਆਂ ਨੂੰ 26 ਕਰੋੜ ਡਾਲਰ ਰਿਸ਼ਵਤ ਦੇਣ ਦਾ ਇਕਰਾਰ ਕਰ ਕੇ ਸੂਰਜੀ ਊਰਜਾ (ਸੋਲਰ ਐਨਰਜੀ) ਦੇ ਠੇਕੇ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਮਰੀਕਾ ਵਿਚ ਸਟਾਕ ਮਾਰਕੀਟ ਰਾਹੀਂ ਸ਼ੇਅਰ ਖਰੀਦਣ ਵਾਲਿਆਂ ਨੂੰ ਮੂਰਖ ਬਣਾਇਆ ਗਿਆ ਕਿ ਅਡਾਨੀ ਸਮੂਹ ਨੇ ਇਕ ਵੱਡਾ ਸੋਲਰ ਐਨਰਜੀ ਪਲਾਂਟ ਲਾਉਣਾ ਹੈ ਜਿਸ ਤੋਂ ਮੋਟੀ ਕਮਾਈ ਹੋਵੇਗੀ। ਨਿਆਂ ਵਿਭਾਗ ਨੇ ਆਪਣੇ ਬਿਆਨ 'ਚ ਕਿਹਾ ਕਿ ਇਸ ਧੋਖਾਧੜੀ 'ਚ ਅਡਾਨੀ, ਉਸ ਦੇ ਭਤੀਜੇ ਸਾਗਰ ਅਡਾਨੀ ਅਤੇ ਕਾਰਪੋਰੇਟ ਸਮੂਹ ਦੇ ਪੰਜ ਹੋਰ ਅਧਿਕਾਰੀਆਂ ਦੀ ਭੂਮਿਕਾ ਰਹੀ ਹੈ। ਡੀ.ਓ.ਜੀ. ਦਾ ਕਹਿਣਾ ਹੈ ਕਿ ਸੂਰਜੀ ਊਰਜਾ ਸਪਲਾਈ ਦੇ ਠੇਕਿਆਂ ਨਾਲ ਲੱਗਭੱਗ ਵੀਹ ਸਾਲ ਦੇ ਅਰਸੇ 'ਚ ਟੈਕਸ ਤੋਂ ਬਾਅਦ 2 ਅਰਬ ਡਾਲਰ ਤੋਂ ਵਧੇਰੇ ਮੁਨਾਫ਼ੇ ਕਮਾਉਣ ਦਾ ਲੁਭਾਉਣਾ ਅੰਦਾਜ਼ਾ ਪੇਸ਼ ਕੀਤਾ ਗਿਆ ਸੀ। ਇਸ ਸਬੰਧੀ ਆਪਣੀ ਸਕੀਮ ਨੂੰ 'ਅੱਗੇ ਵਧਾਉਣ' ਲਈ 2020-2024 ਦਰਮਿਆਨ ਅਡਾਨੀ ਇਕ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਵੀ ਮਿਲਿਆ। ਦੋਸ਼ੀ ਅਕਸਰ ਮਿਲ ਕੇ ਰਿਸ਼ਵਤ ਦੀ



ਸਕੀਮ ਬਾਰੇ ਚਰਚਾ ਕਰਦੇ ਰਹੇ ਜਿਸ ਦੇ ਬਹੁਤ ਸਾਰੇ ਸਬੂਤ ਉਨ੍ਹਾਂ ਕੋਲ ਹਨ। ਮੁਕੱਦਮਾ ਪੱਖ ਨੇ ਇਹ ਵੀ ਕਿਹਾ ਹੈ ਕਿ ਦੋਸ਼ੀ ਸੰਦੇਸ਼ ਐਪਸ, ਫੋਨਾਂ ਅਤੇ ਪਾਵਰ ਪੁਆਇੰਟ ਪੇਸ਼ਕਾਰੀਆਂ ਦੀ ਵਰਤੋਂ ਕਰ ਕੇ ਭਾਰਤੀ ਅਧਿਕਾਰੀਆਂ ਨੂੰ ਆਪਣੀਆਂ ਰਿਸ਼ਵਤਾਂ ਅਤੇ ਪੇਸ਼ਕਸ਼ਾਂ ਦੀ ਘੋਖਵੀਂ ਨਿਗਰਾਨੀ ਕਰਦੇ ਸਨ ਅਤੇ ਅਕਸਰ ਉਹ 'ਕੋਡ ਨਾਮ' ਵਰਤਦੇ ਸਨ। ਪ੍ਰਾਸੀਕਿਊਟਰਾਂ ਨੇ ਇਹ ਵੀ ਦੋਸ਼ ਲਾਇਆ ਕਿ ਅਡਾਨੀ ਅਤੇ ਉਸ ਦੀ ਟੀਮ ਨੇ ਈਮੇਲਾਂ ਡਿਲੀਟ ਕਰ ਕੇ ਅਤੇ ਜਾਂਚ ਦੌਰਾਨ ਅਹਿਮ ਸਬੂਤਾਂ ਉੱਪਰ ਜੱਫਾ ਮਾਰ ਕੇ ਨਿਆਂ ਦੇ ਅਮਲ 'ਚ ਅੜਿੱਕੇ ਡਾਹੇ।

ਅਡਾਨੀ ਸਮੂਹ ਨੇ ਇਨ੍ਹਾਂ ਦੋਸ਼ਾਂ ਨੂੰ 'ਬੇਬੁਨਿਆਦ' ਕਹਿ ਕੇ ਰੱਦ ਕੀਤਾ ਹੈ। ਅਡਾਨੀ ਸਮੂਹ ਦੇ ਇਨ੍ਹਾਂ ਹਾਸੋਹੀਣੇ ਦਾਅਵਿਆਂ ਉੱਪਰ ਕੋਈ ਵੀ ਯਕੀਨ ਨਹੀਂ ਕਰੇਗਾ ਕਿ ਅਡਾਨੀ ਸਮੂਹ ਨੇ 'ਹਮੇਸ਼ਾ ਆਪਣੇ ਸੰਚਾਲਨ ਦੇ ਸਾਰੇ ਖੇਤਰਾਂ 'ਚ ਸ਼ਾਸਨ, ਪਾਰਦਰਸ਼ਤਾ ਅਤੇ ਨੇਮਾਂ ਦੀ ਪਾਲਣਾ ਦੇ ਉੱਚਤਮ ਮਿਆਰ ਬਣਾਈ ਰੱਖੇ ਹਨ ਅਤੇ ਇਨ੍ਹਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ।...ਕਿ ਅਸੀਂ ਕਾਨੂੰਨ ਦਾ ਪਾਲਣ ਕਰਨ ਵਾਲੀ ਸੰਸਥਾ ਹਾਂ, ਜੋ ਸਾਰੇ ਕਾਨੂੰਨਾਂ ਦਾ ਪੂਰੀ ਤਰ੍ਹਾਂ ਪਾਲਣ ਕਰਦੀ ਹੈ।' ਇਸੇ ਤਰ੍ਹਾਂ ਮੋਦੀ ਵਜ਼ਾਰਤ ਨੇ ਇਸ ਨੂੰ ਤਤਕਾਲੀ ਗ਼ੈਰ-ਭਾਜਪਾ ਰਾਜ ਸਰਕਾਰਾਂ ਨਾਲ ਕੀਤੇ ਲੈਣ-ਦੇਣ ਦੇ ਮੁੱਦੇ ਤੱਕ ਸੀਮਤ ਕਰ ਕੇ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ ਅਤੇ ਘਟੀ-ਪਿਟੀ ਰਾਜਨੀਤਕ ਡਰਾਮੇਬਾਜ਼ੀ ਦੁਹਰਾ ਕੇ ਅਡਾਨੀ ਦੀ ਸਾਖ ਬਚਾਉਣ ਲਈ ਨਹਾਇਤ ਬੇਸ਼ਰਮੀ ਦਾ ਮੁਜ਼ਾਹਰਾ ਕੀਤਾ। ਹੁਣ ਤਾਂ ਇਹ ਹਕੀਕਤ ਕੁਲ ਦੁਨੀਆ ਜਾਣਦੀ ਹੈ ਕਿ ਭਾਜਪਾ-ਕਾਰਪੋਰੇਟ ਗੱਠਜੋੜ ਵਿਆਪਕ ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦਾ ਚਿੰਨ੍ਹ ਹੈ ਜਿਸ ਦਾ ਇਜ਼ਹਾਰ ਕਿਸੇ ਨਾ ਕਿਸੇ ਰੂਪ 'ਚ ਅਕਸਰ ਹੁੰਦਾ ਰਹਿੰਦਾ ਹੈ। ਸੂਰਜੀ ਊਰਜਾ ਘੁਟਾਲਾ ਤਾਂ ਮੁਲਕ ਦੇ ਵਸੀਲੇ ਤੇ ਕਾਰੋਬਾਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੇ ਬੇਥਾਹ ਘੁਟਾਲੇ ਦੀ ਨਿੱਕੀ ਜਿਹੀ ਕੰਨੀ ਹੀ ਹੈ ਜਿਸ ਦੀ ਇਕ ਝਲਕ ਪਿੱਛੇ ਜਿਹੇ ਹਿੰਡਨਬਰਗ ਰਿਪੋਰਟ ਨਾਲ ਸਾਹਮਣੇ ਆਈ ਸੀ। ਇਹ ਠੱਗੀਆਂ ਐਨੀਆਂ ਮੂੰਹਜ਼ੋਰ ਹਨ ਕਿ ਅਡਾਨੀ ਅਤੇ ਉਸ ਦੇ ਜੋਟੀਦਾਰ ਆਰ.ਐੱਸ.ਐੱਸ.-ਭਾਜਪਾ ਦੀ ਕੋਈ ਵੀ ਝੂਠੀ ਦਲੀਲ ਤੱਥਾਂ ਨੂੰ ਲੁਕੋ ਨਹੀਂ ਸਕਦੀ।

ਇਸ ਘੁਟਾਲੇ ਦੇ ਪਿਛਲੀ ਕਹਾਣੀ ਇਸ ਤਰ੍ਹਾਂ ਹੈ। 2019 'ਚ ਸਰਕਾਰੀ ਮਾਲਕੀ ਵਾਲੀ ਸੋਲਰ ਐਨਰਜੀ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਮੈਨੂਫੈਕਚਰਿੰਗ ਨਾਲ ਸਬੰਧਿਤ ਟੈਂਡਰ ਜਾਰੀ ਕੀਤਾ ਗਿਆ ਜੋ ਓੜਕ ਅਡਾਨੀ ਗਰੀਨ ਐਨਰਜੀ ਅਤੇ ਐਜ਼ੂਅਰ ਪਾਵਰ ਨੂੰ ਦੇ ਦਿੱਤਾ ਗਿਆ। ਉਦੋਂ ਅਡਾਨੀ ਗਰੀਨ ਐਨਰਜੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਇਸ ਨੇ 'ਦੁਨੀਆ ਦਾ ਸਭ ਤੋਂ ਵੱਡਾ ਸੋਲਰ ਐਵਾਰਡ' ਹਾਸਲ ਕੀਤਾ ਹੈ। ਫਿਰ ਸ਼ੇਅਰ ਨਿਵੇਸ਼ਕਾਰਾਂ ਨੂੰ ਇਹ ਕਹਿ ਕੇ ਭਰਮਾਇਆ ਗਿਆ ਕਿ ਇਸ ਵਿਚ 600 ਕਰੋੜ ਡਾਲਰ ਦੇ ਪੂੰਜੀਨਿਵੇਸ਼ ਨਾਲ 20 ਸਾਲਾਂ 'ਚ ਟੈਕਸ ਦੇਣ ਉਪਰੰਤ 200 ਕਰੋੜ ਮੁਨਾਫ਼ਾ ਕਮਾ ਲਿਆ ਜਾਵੇਗਾ ਪਰ 'ਊਰਜਾ ਦੇ ਮਹਿੰਗੇ ਮੁੱਲਾਂ' ਕਾਰਨ ਉਪਰੋਕਤ ਸਰਕਾਰੀ ਕਾਰਪੋਰੇਸ਼ਨ ਰਾਜਾਂ ਦੀਆਂ ਬਿਜਲੀ ਡਿਸਟ੍ਰੀਬਿਊਸ਼ਨ ਕੰਪਨੀਆਂ ਨਾਲ ਬਿਜਲੀ ਸਪਲਾਈ ਦੇ ਸਮਝੌਤੇ ਨਾ ਕਰ ਸਕੀ। ਇਹ ਦੇਖ ਕੇ ਅਡਾਨੀ ਸਮੂਹ ਦੇ ਅਧਿਕਾਰੀਆਂ ਨੇ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦੇ ਕੇ ਉੜੀਸਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਛੱਤੀਸਗੜ੍ਹ ਅਤੇ ਜੰਮੂ ਕਸ਼ਮੀਰ ਸਮੇਤ ਬਹੁਤ ਸਾਰੇ ਰਾਜਾਂ ਦੀਆਂ ਬਿਜਲੀ ਡਿਸਟ੍ਰੀਬਿਊਸ਼ਨ ਕੰਪਨੀਆਂ ਉੱਪਰ ਦਬਾਅ ਪਾਇਆ ਕਿ ਉਹ ਮਾਰਕੀਟ ਨਾਲੋਂ ਮਹਿੰਗੇ ਭਾਅ ਸੋਲਰ ਬਿਜਲੀ ਖ਼ਰੀਦਣ ਦੇ ਸਮਝੌਤੇ ਕਰਨ। ਬੇਸ਼ੱਕ ਇਹ ਘੁਟਾਲਾ ਭਾਰਤ ਵਿਚ ਵਾਪਰਿਆ, ਅਮਰੀਕਾ 'ਚ ਕੇਸ ਦਾ ਆਧਾਰ ਇਹ ਮੁੱਦਾ ਹੈ ਕਿ ਅਡਾਨੀ ਸਮੂਹ ਨੇ ਅਮਰੀਕਾ ਵਿਚਲੇ ਆਪਣੇ ਸ਼ੇਅਰ ਨਿਵੇਸ਼ਕਾਰਾਂ ਨੂੰ ਇਸ ਰਿਸ਼ਵਤ ਦੀ ਜਾਣਕਾਰੀ ਨਹੀਂ ਦਿੱਤੀ ਤੇ ਇਸ ਕਾਰਨ ਇਹ ਸਾਜ਼ਿਸ਼ੀ ਤਰੀਕਾ ਉਨ੍ਹਾਂ ਦੇ ਫੈਡਰਲ ਸਕਿਊਰਿਟੀਜ਼ ਕਾਨੂੰਨ ਮੁਤਾਬਿਕ ਧੋਖਾਧੜੀ ਬਣਦਾ ਹੈ। ਉਨ੍ਹਾਂ ਦਾ ਦੋਸ਼ ਇਹ ਵੀ ਹੈ ਕਿ ਅਡਾਨੀ ਸਮੂਹ ਨੇ ਕੌਮਾਂਤਰੀ ਵਿਤੀ ਸੰਸਥਾਵਾਂ ਅਤੇ ਅਮਰੀਕਾ ਆਧਾਰਤ ਅਸਾਸੇ ਪ੍ਰਬੰਧਨ ਕੰਪਨੀਆਂ ਤੋਂ 300 ਕਰੋੜ ਡਾਲਰ ਦੇ ਬੈਂਕ ਕਰਜ਼ੇ ਲੈਣ ਸਮੇਂ ਐੱਫ.ਸੀ.ਪੀ.ਏ. (ਫਾਰੇਨ ਕੁਰੱਪਟ ਪ੍ਰੈਕਟਿਸਿਜ਼ ਐਕਟ) ਦੀਆਂ ਉਲੰਘਣਾ ਦਾ ਲੁਕੋ ਰੱਖਿਆ।

> ***ਮਸਲੇ ਦੀ ਜੜ੍ਹ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਹਿਤਾਂ ਲਈ ਦੁਨੀਆ ਉੱਪਰ ਥੋਪਿਆ ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਹੈ ਜੋ ਕਿਸੇ ਵੀ ਮੁਲਕ ਦੀ ਆਰਥਿਕਤਾ ਦੀ ਰੈਗੂਲੇਟਰੀ ਪ੍ਰਣਾਲੀ ਨੂੰ ਚਹੇਤੇ ਕਾਰਪੋਰੇਟ ਸਮੂਹਾਂ ਦੇ ਹਿਤਾਂ ਦੇ ਅਧੀਨ ਕਰ ਦਿੰਦਾ ਹੈ ਅਤੇ ਹੁਕਮਰਾਨ ਕਾਰਪੋਰੇਟ ਕਾਰੋਬਾਰੀਆਂ ਦੇ ਲੰਗੋਟੀਏ ਯਾਰ ਬਣ ਕੇ ਦੁਵੱਲੇ ਹਿਤਾਂ ਵਾਲਾ ਤਾਨਾਸ਼ਾਹ ਰਾਜ ਚਲਾਉਂਦੇ ਹਨ। ਭਾਰਤ ਦੀ ਭਗਵਾ ਹਕੂਮਤ ਇਸੇ ਘਿਨਾਉਣੇ ਗੱਠਜੋੜ ਦਾ ਸਿੱਕੇਬੰਦ ਨਮੂਨਾ ਹੈ।***

ਭ੍ਰਿਸ਼ਟਾਚਾਰ ਵਿਰੋਧੀ ਅਤੇ ਰਿਸ਼ਵਤ ਵਿਰੋਧੀ ਬਿਆਨਾਂ ਸਮੇਤ ਸ਼ੇਅਰ ਨਿਵੇਸ਼ਕਾਰਾਂ ਨੂੰ ਭਰਮਾਉਣ ਲਈ ਜੋ ਸਮੱਗਰੀ ਅਡਾਨੀ ਗਰੀਨ ਨੇ ਪੇਸ਼ ਕੀਤੀ ਉਹ ਝੂਠੀ ਅਤੇ ਗੁਮਰਾਹਕੁਨ ਸੀ। ਅਡਾਨੀ ਅਤੇ ਉਸ ਦੇ ਸਹਾਇਕਾਂ ਉੱਪਰ ਇਹ ਦੋਸ਼ ਵੀ ਹੈ ਕਿ ਉਨ੍ਹਾਂ ਦੇ ਕਾਰੋਬਾਰੀ ਕਾਰਵਿਹਾਰ ਬਾਰੇ 2023 ਅਤੇ 2024 'ਚ ਜੋ ਪੜਤਾਲਾਂ ਚੱਲ ਰਹੀਆਂ ਸਨ, ਉਨ੍ਹਾਂ ਦਾ ਵੀ ਅਮਰੀਕਨ ਨਿਵੇਸ਼ਕਾਂ ਅਤੇ ਭਾਰਤੀ ਸਟਾਕ ਐਕਸਚੇਂਜਾਂ ਤੋਂ ਲੁਕੋ ਰੱਖਿਆ ਗਿਆ।

ਅਮਰੀਕਨ ਸਰਕਾਰ ਭਾਵੇਂ ਦੁਨੀਆ ਭਰ 'ਚ ਬੇਸ਼ੁਮਾਰ ਧੋਖੇਬਾਜ਼ੀਆਂ ਅਤੇ ਜਾਅਲਸਾਜ਼ੀਆਂ 'ਚ ਗ੍ਰਸਤ ਹੈ, ਇਹ ਆਪਣੇ ਮੁਲਕ ਦੇ ਅੰਦਰ ਆਪਣੀ ਵੁੱਕਤ ਬਣਾਈ ਰੱਖਣ ਲਈ ਮਜਬੂਰ ਹੈ। ਇਸ ਨੇ ਆਪਣੇ ਸ਼ੇਅਰ ਨਿਵੇਸ਼ਕਾਰਾਂ ਦਾ ਭਰੋਸਾ ਬਣਾਈ ਰੱਖਣ ਲਈ ਧੋਖਾਧੜੀ ਦੇ ਕਈ ਮਾਮਲਿਆਂ 'ਚ 1977 'ਚ ਬਣਾਇਆ ਕਾਨੂੰਨ, ਐੱਫ.ਸੀ.ਪੀ.ਏ., ਸਖ਼ਤੀ ਨਾਲ ਲਾਗੂ ਕਰ ਕੇ ਕਈ ਵੱਡੀਆਂ ਕੰਪਨੀਆਂ ਨੂੰ ਜੁਰਮਾਨੇ ਕੀਤੇ ਹਨ ਜਿਨ੍ਹਾਂ ਵਿਚ ਜਰਮਨੀ ਦੀ ਕੰਪਨੀ ਸੀਮਨਜ਼, ਬਰਾਜ਼ੀਲ ਦੀ ਸਰਕਾਰੀ ਕੰਪਨੀ ਪੈਟਰੋਬਰਾਸ ਅਤੇ ਹੈਲੀਬਰਟਨ (ਤੇਲ ਤੇ ਊਰਜਾ ਖੇਤਰ ਦੀ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਮਰੀਕਨ ਪਰਾਕੌਮੀ ਕਾਰਪੋਰੇਸ਼ਨ) ਦੀ ਸਹਾਇਕ ਕੰਪਨੀ ਵੀ ਹੈ। ਯੂ.ਐੱਸ. ਸਕਿਊਰਿਟੀ ਐਂਡ ਐਕਸਚੇਂਜ ਕਮਿਸ਼ਨ ਵੱਲੋਂ ਲਾਏ ਦੋਸ਼ ਜੇ ਸਾਬਤ ਹੋ ਜਾਂਦੇ ਹਨ ਤਾਂ ਜੁਰਮਾਨੇ ਦੇ ਨਾਲ-ਨਾਲ ਅਡਾਨੀ ਤੇ ਉਸਦੇ ਅਧਿਕਾਰੀਆਂ ਉੱਪਰ ਅਮਰੀਕਨ ਐਕਸਚੇਂਜ ਰੈਗੂਲੇਸ਼ਨ ਦੇ ਤਹਿਤ ਆਉਂਦੀਆਂ ਅਡਾਨੀ ਦੀਆਂ ਕੰਪਨੀਆਂ ਦੇ ਕਾਰਜਕਾਰੀ ਅਹੁਦੇਦਾਰ ਬਣੇ ਰਹਿਣ 'ਚ ਅੜਿੱਕਾ ਪੈ ਸਕਦਾ ਹੈ।

ਅਮਰੀਕਨ ਸਟੇਟ ਉੱਪਰ ਕਾਰਪੋਰੇਟ ਸਰਮਾਏਦਾਰੀ ਦਾ ਮੁਕੰਮਲ ਗ਼ਲਬਾ ਅਤੇ ਕੰਟਰੋਲ ਹੋਣ ਕਾਰਨ ਲੱਗਦਾ ਨਹੀਂ ਹੈ ਕਿ ਅਮਰੀਕਨ ਹੁਕਮਰਾਨ ਆਪਣੇ ਹਿਤਾਂ ਲਈ ਮੁਕਾਬਲੇਬਾਜ਼ੀ ਦੀਆਂ ਚਾਲਾਂ ਤੋਂ ਅੱਗੇ ਵਧ ਕੇ ਅਡਾਨੀ ਸਮੂਹ ਵਿਰੁੱਧ ਸਖ਼ਤ ਕਾਰਵਾਈ ਕਰਨਗੇ। ਅਮਰੀਕਨ ਕਾਰਪੋਰੇਟ ਸਰਮਾਏਦਾਰੀ ਪੱਖੀ ਕਾਨੂੰਨਦਾਨ ਤਾਂ ਪਹਿਲਾਂ ਹੀ ਦਲੀਲ ਦੇ ਰਹੇ ਹਨ ਕਿ ਅਮਰੀਕਨ ਸਟੇਟ ਦੀਆਂ ਕਥਿਤ ਰਿਸ਼ਵਤ ਵਿਰੋਧੀ ਨੀਤੀਆਂ ਕਾਰਨ ਕੌਮਾਂਤਰੀ ਲੈਣ-ਦੇਣ ਉੱਪਰ ਬੇਲੋੜਾ ਵਿਤੀ ਬੋਝ ਪੈਂਦਾ ਹੈ ਜਿਸ ਨਾਲ ਕੌਮਾਂਤਰੀ ਮੰਡੀ 'ਚ ਅਮਰੀਕਨ ਕਾਰੋਬਾਰ ਦੀ ਮੁਕਾਬਲੇਬਾਜ਼ੀ ਦੀ ਸਮਰੱਥਾ ਨੂੰ ਸੱਟ ਵੱਜਦੀ ਹੈ। ਰਿਪੋਰਟ ਇਹ ਵੀ ਹੈ ਕਿ ਆਪਣੇ ਪਿਛਲੇ ਕਾਰਜਕਾਲ ਦੌਰਾਨ ਡੋਨਾਲਡ ਟਰੰਪ ਇਸ ਕਾਨੂੰਨ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਕਿਉਂਕਿ ਉਸ ਦੀਆਂ ਨਜ਼ਰਾਂ 'ਚ ਇਹ ਅਮਰੀਕਨ ਕੰਪਨੀਆਂ ਲਈ 'ਅਣਉਚਿਤ' ਹੈ। ਟਰੰਪ ਦੀ ਜਿੱਤ ਜਿੱਥੇ ਦੁਨੀਆ ਭਰ ਦੀਆਂ ਘੋਰ ਪਿਛਾਖੜੀ ਤਾਕਤਾਂ ਨੂੰ ਹੁਲਾਰਾ ਦੇਣ ਵਾਲੀ ਹੈ ਉੱਥੇ ਇਹ ਕਾਰਪੋਰੇਟ ਸਰਮਾਏ ਲਈ ਵੀ ਵਰਦਾਨ ਹੈ। ਟਰੰਪ ਦੇ ਜਿੱਤਣ 'ਤੇ ਉਸ ਨੂੰ ਜਸ਼ਨੀ ਸੁਰ 'ਚ ਵਧਾਈ ਦਿੰਦਿਆਂ ਅਡਾਨੀ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉੱਪਰ ਅਮਰੀਕਾ ਦੇ ਊਰਜਾ ਅਤੇ ਬੁਨਿਆਦੀ ਢਾਂਚੇ ਵਿਚ 1000 ਕਰੋੜ ਡਾਲਰ ਪੂੰਜੀਨਿਵੇਸ਼ ਕਰਨ ਦਾ ਵਾਅਦਾ ਕਰਦਿਆਂ ਦੇਰ ਨਹੀਂ ਲਾਈ। ਹੁਣ ਜਦੋਂ ਮੋਦੀ ਦਾ ਚਹੇਤਾ ਘੋਰ ਸੱਜੇ ਪੱਖੀ ਆੜੀ ਟਰੰਪ ਮੁੜ ਰਾਸ਼ਟਰਪਤੀ ਬਣ ਚੁੱਕਾ ਹੈ ਅਤੇ ਟਰੰਪ ਵੱਲੋਂ ਆਪਣੀ ਵਜ਼ਾਰਤ ਵਿਚ ਸ਼ਾਮਲ ਕੀਤੇ ਬਹੁਤ ਸਾਰੇ ਵਿਅਕਤੀ 'ਭਾਰਤ ਪੱਖੀ' ਮੰਨੇ ਜਾਂਦੇ ਹਨ ਤਾਂ ਅਡਾਨੀ ਲਈ ਅਮਰੀਕਨ ਅਧਿਕਾਰੀਆਂ ਨਾਲ ਲੈ-ਦੇ ਕਰ ਕੇ ਕੇਸ ਨੂੰ ਰਫ਼ਾ-ਦਫ਼ਾ ਕਰਵਾਉਣਾ ਹੋਰ ਵੀ ਸੌਖਾ ਹੋ ਜਾਵੇਗਾ। ਟਰੰਪ ਇਸ ਦੇ ਬਦਲੇ ਮੋਦੀ ਹਕੂਮਤ ਤੋਂ ਕੀ ਕੀਮਤ ਵਸੂਲੇਗਾ, ਇਹ ਵੱਖਰਾ ਸਵਾਲ ਹੈ ਪਰ ਅਡਾਨੀ ਦੀ ਸਾਖ ਅਤੇ ਇਸ ਦੇ ਕੌਮਾਂਤਰੀ ਪੱਧਰ 'ਤੇ ਆਪਣੀ ਕਾਰਪੋਰੇਟ ਸਲਤਨਤ ਦੇ ਪਸਾਰੇ ਦੀਆਂ ਕੋਸ਼ਿਸ਼ਾਂ ਉੱਪਰ ਅਸਰ ਜ਼ਰੂਰ ਪਵੇਗਾ।

ਮੋਦੀ ਦੀਆਂ ਵਿਦੇਸ਼ ਫੇਰੀਆਂ ਦੇ ਮਗਰ-ਮਗਰ ਅਡਾਨੀ ਸਬੰਧਿਤ ਸਰਕਾਰਾਂ ਨਾਲ ਆਪਣੇ ਬਿਜਲੀ, ਬੰਦਰਗਾਹ, ਏਅਰਪੋਰਟ ਆਦਿ ਪ੍ਰੋਜੈਕਟਾਂ ਲਈ ਇਕਰਾਰਨਾਮੇ ਕਰਦਾ ਰਿਹਾ ਹੈ। ਬੰਗਲਾਦੇਸ਼, ਕੀਨੀਆ, ਸ੍ਰੀਲੰਕਾ, ਨੇਪਾਲ, ਤਨਜ਼ਾਨੀਆ ਆਦਿ ਇਸ ਦੀਆਂ ਉੱਘੜਵੀਆਂ ਮਿਸਾਲਾਂ ਹਨ। ਵੀਅਤਨਾਮ ਵਿਚ ਵੀ ਅਡਾਨੀ ਸਮੂਹ ਦੋ ਹਵਾਈ ਅੱਡਿਆਂ 'ਚ ਸਰਮਾਇਆ ਲਾਉਣ ਬਾਰੇ ਸੋਚ ਰਿਹਾ ਹੈ ਅਤੇ ਇਕ ਸਮੁੰਦਰੀ ਬੰਦਰਗਾਹ ਦੇ ਨਿਰਮਾਣ ਉੱਪਰ ਵੀ ਸਹਿਮਤੀ ਬਣ ਰਹੀ ਹੈ। 2017 'ਚ ਮੋਦੀ ਦੇ ਇਜ਼ਰਾਇਲ ਦੌਰੇ ਤੋਂ ਬਾਅਦ ਅਡਾਨੀ ਸਮੂਹ ਨੇ ਇਜ਼ਰਾਇਲ ਨਾਲ ਮਹੱਤਵਪੂਰਨ ਕਾਰੋਬਾਰੀ ਸਮਝੌਤੇ ਕੀਤੇ। ਇਸੇ ਤਰ੍ਹਾਂ 2018 'ਚ ਨੇਤਨਯਾਹੂ ਦੇ ਭਾਰਤ ਦੌਰੇ ਤੋਂ ਬਾਅਦ ਅਡਾਨੀ ਸਮੂਹ ਨੇ ਇਜ਼ਰਾਇਲ ਦੀ ਐਲਬਿਟ ਸਿਸਟਮ ਨਾਲ ਸਮਝੌਤਾ ਕੀਤਾ ਅਤੇ ਤਿਲੰਗਾਨਾ 'ਚ ਏਰੀਅਲ ਮਿਲਟਰੀ ਡਰੋਨ ਦੇ ਨਿਰਮਾਣ ਦਾ ਢਾਂਚਾ ਸਥਾਪਤ ਕੀਤਾ। 2022 'ਚ ਅਡਾਨੀ ਸਮੂਹ ਨੇ ਇਜ਼ਰਾਇਲ ਦਾ ਹਾਇਫਾ ਪੋਰਟ ਹਾਸਲ ਕਰ ਲਿਆ।

ਦਰਅਸਲ, ਇਸ ਮਸਲੇ ਦੀ ਜੜ੍ਹ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਹਿਤਾਂ ਲਈ ਦੁਨੀਆ ਉੱਪਰ ਥੋਪਿਆ ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਹੈ ਜੋ ਕਿਸੇ ਵੀ ਮੁਲਕ ਦੀ ਆਰਥਿਕਤਾ ਦੀ ਰੈਗੂਲੇਟਰੀ ਪ੍ਰਣਾਲੀ ਨੂੰ ਚਹੇਤੇ ਕਾਰਪੋਰੇਟ ਸਮੂਹਾਂ ਦੇ ਹਿਤਾਂ ਦੇ ਅਧੀਨ ਕਰ ਦਿੰਦਾ ਹੈ ਅਤੇ ਹੁਕਮਰਾਨ ਕਾਰਪੋਰੇਟ ਕਾਰੋਬਾਰੀਆਂ ਦੇ ਲੰਗੋਟੀਏ ਯਾਰ ਬਣ ਕੇ ਦੁਵੱਲੇ ਹਿਤਾਂ ਵਾਲਾ ਤਾਨਾਸ਼ਾਹ ਰਾਜ ਚਲਾਉਂਦੇ ਹਨ। ਭਾਰਤ ਦੀ ਭਗਵਾ ਹਕੂਮਤ ਇਸੇ ਘਿਨਾਉਣੇ ਗੱਠਜੋੜ ਦਾ ਸਿੱਕੇਬੰਦ ਨਮੂਨਾ ਹੈ। ਜਦੋਂ ਤੱਕ ਇਸ ਆਰਥਿਕ ਮਾਡਲ ਨੂੰ ਖ਼ਤਮ ਕਰ ਕੇ ਮੁਲਕ ਦੇ ਅਵਾਮ ਦੇ ਹਿਤ 'ਚ ਆਰਥਕ ਮਾਡਲ ਨਹੀਂ ਅਪਣਾਇਆ ਜਾਂਦਾ, ਉਦੋਂ ਤੱਕ ਅਡਾਨੀ-ਅੰਬਾਨੀ ਵਰਗੇ ਘਰਾਣੇ ਇਸੇ ਤਰ੍ਹਾਂ ਧੋਖਾਧੜੀ ਕਰਦੇ ਰਹਿਣਗੇ ਅਤੇ ਹਕੂਮਤਾਂ ਉਨ੍ਹਾਂ ਦੇ ਕੁਕਰਮਾਂ ਉੱਪਰ ਪਰਦਾ ਪਾਉਂਦੀਆਂ ਰਹਿਣਗੀਆਂ।

# ਇੱਕ ਸ਼ਖ਼ਸੀਅਤ, ਇੱਕ ਸ਼ਾਇਰ -ਮੰਗਤ ਰਾਮ ਪਾਸਲਾ

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296



ਮੰਗਤ ਰਾਮ ਪਾਸਲਾ ਵੱਡਾ ਰਾਜਨੀਤਕ ਆਗੂ ਹੈ। ਉਹਦੇ ਪ੍ਰਸ਼ੰਸਕਾਂ, ਪਿਆਰਿਆਂ, ਪੈਰੋਕਾਰਾਂ ਦਾ ਬਹੁਤ ਵੱਡਾ ਦਾਇਰਾ ਹੈ। ਉਹਨੇ ਛੋਟੇ ਹੁੰਦਿਆਂ ਤੋਂ ਹੀ ਆਪਣਾ-ਆਪ ਲੋਕ-ਰਾਜਨੀਤੀ ਨੂੰ ਸਮਰਪਿਤ ਕਰ ਦਿੱਤਾ। ਆਪਣੀ ਵਿਚਾਰਧਾਰਕ ਪ੍ਰਤੀਬੱਧਤਾ, ਆਪਣੀ ਨਿੱਜੀ ਤੇ ਸਿਆਸੀ ਜਦੋ-ਜਹਿਦ ਨੂੰ ਰੂਹ ਦਾ ਹਿੱਸਾ ਬਣਾ ਕੇ ਲੋਕ-ਸੰਘਰਸ਼ਾਂ ਵਿਚ ਮੂਹਰਲਾ ਰੋਲ ਅਦਾ ਕਰਦਾ ਰਿਹਾ ਤੇ ਹੌਲੀ ਹੌਲੀ ਵੱਡੇ ਪਾਰਟੀ ਅਹੁਦਿਆਂ ਤੱਕ ਪ੍ਰਵਾਨ ਚੜ੍ਹਿਆ। ਅੱਜ ਉਹ ਭਾਰਤ ਪੱਧਰ ਦੇ ਕਮਿਊਨਿਸਟ ਆਗੂ ਵਜੋਂ ਜਾਣਿਆ, ਸਨਮਾਨਿਆ ਜਾਂਦਾ ਹੈ।

ਪਰ ਮੇਰੀ ਉਸ ਨਾਲ ਸਾਂਝ ਇੱਕ ਰਾਜਨੀਤਕ ਆਗੂ ਵਜੋਂ ਨਹੀਂ, ਇੱਕ 'ਸ਼ਖ਼ਸੀਅਤ' ਮੰਗਤ ਰਾਮ ਪਾਸਲਾ ਕਰਕੇ ਹੈ। ਉਂਝ ਮਾਰਕਸਵਾਦ ਦਾ ਵਿਦਿਆਰਥੀ ਹੋਣ ਨਾਤੇ ਉਹਦੇ ਰਾਜਨੀਤਕ ਵਿਚਾਰ ਵੀ ਮੇਰੇ ਲਈ ਓਪਰੇ ਜਾਂ ਪਰਾਏ ਨਹੀਂ। ਉਹ ਵਿਚਾਰ ਵੀ ਮੇਰੇ ਦਿਮਾਗ਼ ਦੇ ਬਹੁਤ ਨੇੜੇ ਹਨ। ਪਰ ਮੇਰੀ ਸਾਂਝ ਪਾਸਲਾ ਨਾਲ 'ਦਿਮਾਗ' ਕਰ ਕੇ ਨਹੀਂ 'ਦਿਲ' ਕਰ ਕੇ ਹੈ।

ਏਥੇ ਇਹ ਨੁਕਤਾ ਵਿਚਾਰ ਗੋਚਰੇ ਅੱਗੇ ਆ ਜਾਂਦਾ ਹੈ ਕਿ ਕੀ ਰਾਜਨੀਤਕ ਆਗੂ ਕੇਵਲ 'ਦਿਮਾਗ' ਤੋਂ ਹੀ ਜਿਉਂਦੇ ਵਿਚਰਦੇ ਹਨ? ਮੇਰਾ ਮਤਲਬ ਹਰਗਿਜ਼ ਇਹ ਨਹੀਂ। ਦੁਨੀਆ ਦੇ ਵੱਡੇ ਆਗੂ ਸ਼ਾਇਰ ਵੀ ਸਨ ਤੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਵਿਤਾਵਾਂ ਲਿਖੀਆਂ ਵੀ ਤੇ ਕਵਿਤਾ ਨੂੰ ਪਿਆਰਦੇ ਵੀ ਰਹੇ। ਉਹ ਕਵਿਤਾ ਨੂੰ ਜ਼ਿੰਦਗੀ ਤੇ ਜ਼ਿੰਦਗੀ ਨੂੰ ਕਵਿਤਾ ਬਣਾਉਣਾ ਲੋਚਦੇ ਸਨ। ਕਾਰਲ ਮਾਰਕਸ, ਮਾਉਜ਼ੇ ਤੁੰਗ, ਹੋ ਚੀ ਮਿੰਨ ਕਵਿਤਾ ਲਿਖਦੇ ਵੀ ਰਹੇ ਤੇ ਜੀਵਨ ਵਿਚ ਵੀ ਜੁਝੇ। ਚੀ ਗੁਵੇਰਾ ਕਵਿਤਾ ਦਾ ਗਹਿਰਾ ਪਾਠਕ ਸੀ। ਅਸਲ ਵਿਚ ਪਾਸਲਾ ਵਰਗੇ ਰਾਜਨੀਤਕ ਕਾਰਕੁਨ ਤਾਂ ਇਸ ਰਾਜਨੀਤੀ ਦੇ ਪਾਂਧੀ ਬਣਦੇ ਹੀ ਏਸੇ ਕਰਕੇ ਹਨ ਕਿਉਂਕਿ ਇਹ ਲੋੜੋਂ ਵੱਧ ਸੰਵੇਦਨਸ਼ੀਲ ਹੁੰਦੇ ਹਨ। ਦੁੱਖਾਂ-ਦਰਦਾਂ ਦੇ ਨਪੀੜੇ, ਰੁਲੇ-ਖੁਲੇ, ਦਲੇ-ਮਲੇ, ਜੀਵਨ ਦੀਆਂ ਹੱਕੀ ਨਿਆਮਤਾਂ ਤੋਂ ਵਾਂਝੇ ਕਰ ਕੇ ਹਾਸ਼ੀਏ 'ਤੇ ਧੱਕ ਦਿੱਤੇ ਗਏ ਆਪਣੇ ਲੋਕਾਂ ਦਾ ਨਰਕ ਵਰਗਾ ਜੀਵਨ ਵੇਖ ਕੇ ਉਨ੍ਹਾਂ ਦਾ ਦਿਲ ਪੀੜ ਨਾਲ ਵਿੰਨ੍ਹਿਆਂ ਜਾਂਦਾ ਹੈ। ਉਹ ਜੀਵਨ ਦੀ ਖ਼ੁਸ਼ੀਆਂ ਤੋਂ ਊਣੇ ਤੇ ਵਿਹੂਣੇ ਕਰ ਦਿੱਤੇ ਆਪਣੇ ਇਨ੍ਹਾਂ ਲੋਕਾਂ ਦੇ ਬਲਦੇ ਭੱਠ ਵਰਗੇ ਜੀਵਨ ਨੂੰ ਠੰਢਕ ਪਹੁੰਚਾਉਣ ਲਈ ਆਪਣੇ ਖ਼ੂਨ-ਪਸੀਨੇ ਦੀਆਂ ਬੂੰਦਾਂ ਦੇ ਛਿੱਟੇ ਮਾਰ ਕੇ ਠੰਢਾ ਕਰਨ ਅਤੇ ਨਰਕ ਦੀ ਅੱਗ ਵਾਂਗ ਧਤਕਦੇ ਇਸ ਜੀਵਨ ਨੂੰ ਬਦਲਣ ਦਾ ਸੰਕਲਪ ਲੈ ਕੇ ਹੀ ਰਾਜਨੀਤੀ ਦੇ ਬਿਖੜੇ ਪੈਂਡਿਆਂ ਦੇ ਪਾਂਧੀ ਬਣਦੇ ਹਨ।

ਰਾਜਨੀਤੀ ਦਾ ਇਹ ਰਾਹ ਉਹ 'ਉਸ ਰਾਜਨੀਤੀ ਵਾਲਾ' ਰਾਹ ਨਹੀਂ, ਜਿਸ ਰਾਜਨੀਤੀ ਵਿਚ ਪਹਿਲ ਲੋਕਾਂ ਦਾ ਭਲਾ ਕਰਨਾ ਨਹੀਂ, ਸਗੋਂ ਆਪਣਾ ਘਰ ਭਰਨਾ ਹੁੰਦਾ ਹੈ। ਲੋਕਾਂ ਨੂੰ ਦੇਣਾ ਨਹੀਂ, ਲੋਕਾਂ ਦਾ ਖੋਹਣਾ ਤੇ ਲੈਣਾ ਜਿਨ੍ਹਾਂ ਦਾ ਜੀਵਨ-ਉਦੇਸ਼ ਹੁੰਦਾ ਹੈ। ਪਾਸਲਾ ਜਿਸ ਰਾਜਨੀਤਕ ਪੰਧ 'ਤੇ ਤੁਰਿਆ ਤੇ ਮੁਸਲਸਲ ਤੁਰਦਾ ਆ ਰਿਹਾ ਹੈ, ਇਸ ਰਾਹ 'ਤੇ ਤਿਆਗ ਕਰਨਾ ਪੈਂਦਾ ਹੈ, ਕੁਰਬਾਨੀ ਲਈ ਤਿਆਰ ਰਹਿਣਾ ਪੈਂਦਾ ਹੈ। ਅਜਿਹੇ ਰਾਜਨੀਤਵਾਨਾਂ ਦਾ ਮਕਸਦ ਲੁੱਟ ਦੇ ਮਾਲ ਵਿਚੋਂ ਆਪਣਾ ਹਿੱਸਾ ਖੋਹ-ਖਿੰਝ ਕੇ ਜਾਇਦਾਦਾਂ ਤੇ ਵੱਡੇ ਵੱਡੇ ਮਹਿਲ ਮਾੜੀਆਂ ਜਾਂ ਕੋਠੀਆਂ ਉਸਾਰਨਾ ਨਹੀਂ ਸਗੋਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਜਿਨ੍ਹਾਂ ਦਾ ਨਸੀਬ ਬਣਦੀਆਂ ਹਨ। ਇਸ ਰਾਹ 'ਤੇ ਤੁਰਨ ਵਾਲੇ ਪਾਂਧੀ ਬਾਬੇ ਨਾਨਕ ਦੇ ਪੈਰੋਕਾਰ ਬਣ ਕੇ 'ਤੇਰਾ! ਤੇਰਾ!' ਹੋ ਜਾਂਦੇ ਹਨ। ਉਨ੍ਹਾਂ ਵਿਚੋਂ 'ਮੇਰਾ! ਮੇਰਾ' ਦੀ ਭਾਵਨਾ ਖ਼ਤਮ ਹੋ ਜਾਂਦੀ ਹੈ। 'ਤੇਰਾ! ਤੇਰਾ!' ਹੋ ਜਾਣਾ, ਸਦਾ ਲਈ ਆਪਣੇ ਲੋਕਾਂ ਦੇ ਹੋ ਜਾਣਾ ਹੈ!

ਪਰ ਮੈਂ ਮੁੜ ਆਖਦਾ ਹਾਂ ਕਿ 'ਦਿਮਾਗ' ਕਰ ਕੇ ਨਹੀਂ, ਮੈਂ ਪਾਸਲਾ ਦੇ ਨੇੜੇ 'ਦਿਲ' ਕਰ ਕੇ ਹਾਂ। ਇੱਕ ਰਾਜਨੀਤਕ ਆਗੂ ਕਰ ਕੇ ਨਹੀਂ, ਇੱਕ ਸ਼ਖ਼ਸੀਅਤ ਕਰ ਕੇ ਹਾਂ। ਸ਼ਖ਼ਸੀਅਤ ਦਾ ਕਲਾਵਾ ਬਹੁਤ ਮੋਕਲਾ ਹੁੰਦਾ ਹੈ। ਅਜਿਹੀ ਸ਼ਖ਼ਸੀਅਤ ਮਾਨਵੀ ਗੁਣਾਂ ਦਾ ਮੁਜੱਸਮਾ ਹੁੰਦੀ ਹੈ। ਆਮ ਰਾਜਨੀਤੀਵਾਨਾਂ ਵਾਂਗ ਕਰੜੇ ਖਿਂਘਰਾਏ ਮੂੰਹਾਂ ਵਾਲੀ ਨਹੀਂ, ਸਗੋਂ ਪਿਘਲੇ ਹੋਏ ਮੁਸਕਰਾਉਂਦੇ ਚਿਹਰੇ ਤੋਂ ਅਪਣੱਤ ਦਾ ਨੂਰ ਬਿਖਰਾਉਣ ਵਾਲੀ ਹੁੰਦੀ ਹੈ। ਅਜਿਹੀ ਸ਼ਖ਼ਸੀਅਤ ਦੀ ਬੁੱਕਲ ਵਿਚ ਕੇਵਲ ਆਪਣੀ 'ਪਾਰਟੀ' ਦੇ ਲੋਕ ਹੀ ਨਹੀਂ ਹੁੰਦੇ, ਸਗੋਂ ਅਜਿਹੀ ਸ਼ਖ਼ਸੀਅਤ ਦੀ ਮਿਕਨਾਤੀਸੀ ਖਿੱਚ ਕਰ ਕੇ ਦੂਰ ਦੂਰ ਤੋਂ, ਵੱਖੋ-ਵੱਖ ਖੇਤਰਾਂ ਦੇ ਲੋਕ ਵੀ ਉਸ ਵੱਲ ਖਿੱਚੇ ਆਉਂਦੇ ਨੇ, ਜਿਵੇਂ ਫੁੱਲਾਂ ਦੀ ਖ਼ੁਸ਼ਬੂ ਭੌਰਿਆਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ; ਤੇ ਉਹ ਇਸਦੀ ਖੁੱਲ੍ਹੀ ਬੁੱਕਲ ਵਿਚ ਸਮਾ ਜਾਂਦੇ ਹਨ।

ਮੰਗਤ ਰਾਮ ਪਾਸਲਾ ਅਜਿਹੀ ਹੀ ਖ਼ੂਬਸੂਰਤ ਤੇ ਖ਼ੁਸ਼ਬੂਦਾਰ ਸ਼ਖ਼ਸੀਅਤ ਹੈ। ਖਿੱਚਾਂ ਪਾਉਂਦੀ ਹੈ। ਰਵਾਦਾਰੀ, ਖੁੱਲ੍ਹਦਿਲੀ, ਕਦਰਦਾਨੀ ਤੇ ਮੁਹੱਬਤਾਂ ਦੇ ਖ਼ਜ਼ਾਨੇ ਨਾਲ ਭਰੀ ਪੂਰੀ। ਉਹਦੀ ਸੁਨਹਿਰੀ ਸ਼ਖ਼ਸੀਅਤ ਦਾ ਪਹਿਲਾ ਝਲਕਾਰਾ ਮੈਨੂੰ ਉਦੋਂ ਦਿਸਿਆ ਜਦੋਂ ਮਾਰਕਸਵਾਦੀ ਪਾਰਟੀ ਦੀ ਸਰਵ-ਭਾਰਤੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਸੀ।

ਗੱਲ ਕੁਝ ਇਸਤਰ੍ਹਾਂ ਹੋਈ ਕਿ ਮੈਂ ਆਪਣੇ ਦੋਸਤ ਡਾ ਰਘਬੀਰ ਸਿੰਘ ਸਿਰਜਣਾ ਕੋਲ ਚੰਡੀਗੜ੍ਹ ਗਿਆ ਹੋਇਆ ਸਾਂ। ਸਵੇਰੇ ਅਸਾਂ ਦੋਵਾਂ ਕਿਸੇ ਕੰਮ ਜਾਣਾ ਸੀ। ਰਘਬੀਰ ਸਿੰਘ ਮੈਨੂੰ ਕਹਿੰਦਾ, 'ਵਰਿਆਮ! ਪਾਰਟੀ ਕਾਨਫ਼ਰੰਸ ਹੋ ਰਹੀ ਹੈ। ਅੱਜ ਕਾਨਫ਼ਰੰਸ ਦੀ ਤਿਆਰੀ ਲਈ ਪਾਰਟੀ ਆਗੂਆਂ ਦੀ ਮੀਟਿੰਗ ਹੋ ਰਹੀ ਹੈ। ਆਪਣਾ ਮੰਗਤ ਰਾਮ ਪਾਸਲਾ ਪਾਰਟੀ ਦਾ ਜਨਰਲ ਸਕੱਤਰ ਹੈ। ਉਹਨੇ ਕਿਹੈ ਕਿ ਮੈਂ ਮੀਟਿੰਗ 'ਤੇ ਜ਼ਰੂਰ ਆਵਾਂ। ਓਥੇ ਇੱਕ ਵਾਰ ਜਾਣਾ ਪੈਣਾ। ਫੇਰ ਆਪਾਂ ਅੱਗੇ ਚਲੇ ਜਾਵਾਂਗੇ।'

ਮੈਨੂੰ ਪਤਾ ਸੀ ਕਿ ਵਿਚਾਰਾਂ ਪੱਖੋਂ ਰਘਬੀਰ ਸਿੰਘ ਮਾਰਕਸਵਾਦੀ ਪਾਰਟੀ ਦੇ ਨੇੜੇ ਸੀ। ਉਹਦਾ ਜਾਣਾ ਬਣਦਾ ਸੀ, ਪਰ ਮੈਂ ਓਥੇ ਕਿਵੇਂ ਜਾ ਸਕਦਾ ਸਾਂ! ਇਹ ਤਾਂ ਪਾਰਟੀ ਦੇ ਆਪਣੇ ਦਾਇਰੇ ਤੇ ਆਪਣੇ ਮੈਂਬਰਾਂ/ਆਗੂਆਂ ਦੀ ਮੀਟਿੰਗ ਸੀ। ਇੱਕ ਤਰ੍ਹਾਂ ਦੀ 'ਗੁਪਤ' ਮੀਟਿੰਗ ਦਾ ਮੈਂ ਤਾਂ ਹਿੱਸਾ ਬਣ ਹੀ ਨਹੀਂ ਸਾਂ ਸਕਦਾ।

ਮੈਂ ਰਘਬੀਰ ਸਿੰਘ ਨਾਲ ਆਪਣਾ ਖ਼ਦਸ਼ਾ ਜ਼ਾਹਿਰ ਕੀਤਾ ਤਾਂ ਉਹ ਪਹਿਲਾਂ ਹੀ ਇਸ ਬਾਰੇ ਚੇਤੰਨ ਸੀ। ਕਹਿੰਦਾ, 'ਮੈਂ ਤੇਰੀ ਗੱਲ ਸਮਝਦਾਂ। ਆਪਾਂ, ਬੱਸ, ਬਾਹਰੋਂ-ਬਾਹਰ ਈ ਪਾਸਲੇ ਨੂੰ ਮਿਲ ਕੇ ਤੇ ਆਪਣੀ ਮਜਬੂਰੀ ਦੱਸ ਕੇ, ਹਾਜ਼ਰੀ ਲਵਾ ਕੇ ਅੱਗੇ ਚਲੇ ਜਾਵਾਂਗੇ। ਅੰਦਰ ਨਹੀਂ ਜਾਂਦੇ।'

ਅਸੀਂ ਏਸੇ ਮਨਸ਼ੇ ਨਾਲ ਉਸ ਥਾਂ 'ਤੇ ਪਹੁੰਚੇ, ਜਿੱਥੇ ਅਗਲੇ ਦਿਨਾਂ ਵਿਚ ਕਾਨਫ਼ਰੰਸ ਹੋ ਰਹੀ ਸੀ। ਮੁਢਲੀਆਂ ਤਿਆਰੀਆਂ ਚੱਲ ਰਹੀਆਂ ਸਨ। ਰਘਬੀਰ ਸਿੰਘ ਨੇ ਕਿਸੇ ਨੂੰ ਕਹਿ ਕੇ ਪਾਸਲੇ ਨੂੰ ਬਾਹਰ ਸੱਦਿਆ। ਉਹਨੂੰ ਮੀਟਿੰਗ ਵਿਚ ਹਾਜ਼ਰੀ ਨਾ ਭਰ ਸਕਣ ਦੀ ਮਜਬੂਰੀ ਦੱਸੀ। ਇਹ ਸੁਣ ਕੇ ਕਿ 'ਵਰਿਆਮ ਬਾਹਰਲਾ ਬੰਦਾ ਹੋਣ ਕਰ ਕੇ ਅੰਦਰ ਨਹੀਂ ਜਾ ਸਕਦਾ। ਸੋ ਤੁਸੀਂ ਸਾਨੂੰ ਆਗਿਆ ਦਿਉ।' ਪਾਸਲੇ ਨੇ ਕਿਹਾ, 'ਲੈ ਹੱਦ ਹੋ ਗਈ! ਵਰਿਆਮ ਹੁਰੀਂ 'ਬਾਹਰਲੇ' ਕਦੋਂ ਦੇ ਹੋ ਗਏ! ਇਨ੍ਹਾਂ ਨਾਲੋਂ ਵੱਧ ਸਾਡਾ 'ਅੰਦਰਲਾ' ਕੌਣ ਹੋ ਸਕਦਾ ਏ! ਸਾਡੀਆਂ ਕਹਾਣੀਆਂ ਲਿਖਣ ਵਾਲਾ ਲੇਖਕ ਸਾਡਾ ਆਪਣਾ ਜੀਅ ਹੋਵੇਗਾ ਜਾਂ ਕੋਈ ਬਾਹਰਲਾ! ਚਲੋ ਅੰਦਰ ਆਉ ਤੁਸੀਂ। ਸਗੋਂ ਵਰਿਆਮ ਹੁਰੀਂ ਕੋਈ ਚੰਗੀ ਸਲਾਹ ਹੀ ਦੇਣਗੇ।'

ਪਾਸਲੇ ਨਾਲ ਇਹ ਮੇਰੀ ਆਹਮੋ-ਸਾਹਮਣੇ ਪਹਿਲੀ ਮਿਲਣੀ ਸੀ। ਪਹਿਲੀ ਮਿਲਣੀ ਵਿਚ ਹੀ ਉਹਦੀ ਸ਼ਖ਼ਸੀਅਤ ਨੇ ਮੈਨੂੰ ਮੋਹ ਲਿਆ ਸੀ। ਮੈਨੂੰ ਵੀ ਲੱਗਾ ਪਾਸਲਾ ਵੀ ਮੇਰੇ ਲਈ ਕਿਹੜਾ ਓਪਰਾ ਹੈ, ਇਹ ਤਾਂ ਮੇਰਾ ਆਪਣਾ ਹੈ।

ਉਹ ਵੇਰਵੇ ਸਾਂਝੇ ਕਰਨ ਦੀ ਲੋੜ ਨਹੀਂ ਕਿ ਅਸੀਂ ਅੰਦਰ ਮੀਟਿੰਗ ਵਿਚ ਵੀ ਗਏ। ਸਭਿਆਚਾਰਕ ਕਮੇਟੀ ਦੇ ਮੈਂਬਰ ਵੀ ਬਣਾਏ ਗਏ ਤਾਕਿ ਅਸੀਂ 'ਚੰਗੇ ਸੁਝਾਅ' ਦੇ ਸਕੀਏ।

ਅਗਲੇ ਸਾਲਾਂ ਵਿਚ ਸਾਡੀ ਸਾਂਝ ਹੋਰ ਵੀ ਪੀਚਵੀਂ ਹੋ ਗਈ, ਜਦੋਂ ਅਸੀਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਤੇ ਫੇਰ ਟਰੱਸਟੀ ਬਣ ਗਏ। ਕਮੇਟੀ ਵਿਚ ਵਿਚਾਰੇ ਜਾਣ ਵਾਲੇ ਬਹੁਤੇ ਮੁੱਦਿਆਂ 'ਤੇ ਸਾਡੀ ਸਹਿਮਤੀ ਹੁੰਦੀ ਹੈ। ਮੇਰਾ ਗੋਲਡਨ ਐਵਨਿਊ ਵਾਲਾ ਘਰ ਉਨ੍ਹਾਂ ਦੇ ਗੜ੍ਹੇ ਵਾਲੇ ਦਫ਼ਤਰ ਦੇ ਰਾਹ ਵਿਚ ਪੈਂਦਾ ਹੋਣ ਕਰ ਕੇ ਕਈ ਵਾਰ ਉਹ ਮੈਨੂੰ ਕਮੇਟੀ ਦੀਆਂ ਮੀਟਿੰਗਾਂ ਜਾਂ ਸਮਾਗਮਾਂ ਵਿਚ ਆਪਣੀ ਕਾਰ 'ਤੇ ਲੈ ਜਾਂਦਾ ਹੈ। ਜਦੋਂ ਕਦੀ ਦੇਸ਼ ਭਗਤ ਯਾਦਗਾਰ ਕਮੇਟੀ ਗ਼ਦਰ ਪਾਰਟੀ ਨਾਲ ਜੁੜੇ ਪਿੰਡਾਂ ਵਿਚ ਸਮਾਗਮ ਕਰਦੀ ਹੈ ਤਾਂ ਹੋਰਨਾਂ ਦੇ ਨਾਲ ਅਸੀਂ ਦੋਵੇਂ ਮੁੱਖ ਬੁਲਾਰਿਆਂ ਵਿਚ ਸ਼ਾਮਲ ਹੁੰਦੇ ਰਹੇ ਹਾਂ। ਮੈਨੂੰ ਉਹਦੀ ਇਹ ਪਹੁੰਚ ਵੀ ਆਪਣੇ ਦਿਲ ਦੇ ਨੇੜੇ ਲੱਗਦੀ ਹੈ ਜਦੋਂ ਉਹ ਆਪਣੇ ਵਿਚਾਰਾਂ ਨੂੰ ਪੰਜਾਬ ਦੇ 'ਭਾਈ ਲਾਲੋਆਂ' ਤੇ 'ਭਾਈ ਮਰਦਾਨਿਆਂ' ਵਾਲੇ ਇਨਕਲਾਬੀ ਇਤਿਹਾਸ ਨਾਲ ਜੋੜ ਕੇ ਪੇਸ਼ ਕਰਦਾ ਹੈ। ਉਸਦੇ ਬੋਲਾਂ ਵਿਚ ਤਰਕ ਹੁੰਦਾ ਹੈ, ਜੋਸ਼ ਹੁੰਦਾ ਹੈ, ਹਕੀਕਤ ਹੁੰਦੀ ਹੈ, ਇਤਿਹਾਸ ਹੁੰਦਾ ਹੈ, ਵਰਤਮਾਨ ਹੁੰਦਾ ਹੈ ਤੇ ਸਾਂਝੇ ਸੰਘਰਸ਼ ਰਾਹੀਂ ਭਵਿੱਖ ਨੂੰ ਉਸਾਰਨ ਦਾ ਸੁਨਹਿਰੀ ਸੁਪਨਾ ਹੁੰਦਾ ਹੈ। ਸ਼ਬਦਾਂ ਦੇ ਵੇਗ ਨੂੰ ਸੋਹਣੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਉਸਦਾ ਹੁਨਰ ਹਜ਼ਾਰਾਂ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦਾ ਹੈ।



ਪਾਸਲਾ ਏਨਾ ਮੋਹ-ਖੋਰਾ ਹੈ ਕਿ ਮੈਂ ਜਦੋਂ ਵੀ ਕਨੇਡਾ ਤੋਂ ਪੰਜਾਬ ਜਾਂਦਾ ਹਾਂ ਤਾਂ ਉਹ ਪਤਾ ਲੱਗਦੇ ਸਾਰ ਮਿਲਣ ਭੱਜਾ ਆਉਂਦਾ ਹੈ। ਕਨੇਡਾ ਆਵੇ ਤਾਂ ਮਿਲੇ ਬਿਨਾਂ ਨਹੀਂ ਜਾਂਦਾ। ਸਾਡੀਆਂ ਗੱਲਾਂ ਵੀ ਬਹੁਤੀਆਂ ਪਰਿਵਾਰਕ ਜਾਂ ਨਿੱਜੀ ਹੁੰਦੀਆਂ ਨੇ, ਜਿਨ੍ਹਾਂ ਵਿਚ ਅਪਣੱਤ ਤੇ ਮੋਹ ਦੀ ਚਾਸ਼ਨੀ ਘੁਲੀ ਹੁੰਦੀ ਹੈ। ਮੈਂ ਉਹਦੀ ਸ਼ਖ਼ਸੀਅਤ ਦੇ ਹੁਸਨ ਦਾ ਦਿਲ-ਦਾਦਾ ਹਾਂ। ਮੇਰੇ ਨਾਲ ਉਹ ਦਿਲ ਦੀਆਂ ਗੱਲਾਂ ਕਰ ਲੈਂਦਾ ਹੈ। ਕਦੀ ਕਦੀ ਤਾਂ ਉਹ ਆਪਣੇ ਪਿਛੋਕੜ, ਬਚਪਨ, ਵਿਧਵਾ ਮਾਂ ਦੇ ਦੁੱਖ ਤੇ ਸੰਘਰਸ਼ ਦੀ ਦਾਸਤਾਨ ਛੁੰਹਦਾ ਭਾਵੁਕ ਤੇ ਤਰਲ ਹੋ ਜਾਂਦਾ ਹੈ। ਉਹਨੇ ਜਦੋਂ ਆਪਣੀ ਮਾਂ ਨਾਲ ਜੁੜੀ ਇੱਕ ਤਰਲ-ਗਾਥਾ ਸੁਣਾਈ ਤਾਂ ਮੈਂ ਉਹਨੂੰ ਵੱਡੇ ਭਰਾਵਾਂ ਵਾਂਗ 'ਹੁਕਮ' ਲਾ ਦਿੱਤਾ ਕਿ ਉਹ ਇਸ ਘਟਨਾ ਨੂੰ ਅੱਖਰੀ ਜਾਮਾ ਪਹਿਨਾਵੇ। ਜਦ ਉਸਨੇ ਉਹ ਘਟਨਾ ਲਿਖਤੀ ਸ਼ਬਦਾਂ ਵਿਚ ਬਿਆਨ ਕੀਤੀ ਤਾਂ ਸੁਹਜੀਲੀ ਵਾਰਤਕ ਦਾ ਪ੍ਰਮਾਣਿਕ ਨਮੂਨਾ ਬਣ ਕੇ ਲਿਸ਼ਕ ਪਈ। ਇੰਝ ਹੀ ਉਹਨੇ ਸਮੇਂ ਸਮੇਂ 'ਤੇ ਜਦ ਵੀ ਅਜਿਹੀਆਂ ਹੋਰ ਪਿਘਲੀਆਂ ਦਾਸਤਾਨਾਂ ਸੁਣਾਈਆਂ ਤਾਂ ਮੇਰੇ ਆਖਣ 'ਤੇ ਉਨ੍ਹਾਂ ਨੂੰ ਲਿਖਤੀ ਰੂਪ ਵੀ ਦਿੱਤਾ। ਇਨ੍ਹਾਂ ਲਿਖਤਾਂ ਤੋਂ ਮੈਂ ਅਨੁਮਾਨ ਲਾਇਆ ਹੈ ਕਿ ਉਸ ਵਿਚ ਇੱਕ ਬਹੁਤ ਵਧੀਆ ਸਿਰਜਣਾਤਮਕ ਲੇਖਕ ਬਣ ਸਕਣ ਦੀ ਅਪਾਰ ਸਮਰੱਥਾ ਹੈ। ਇਸ ਪੁਸਤਕ ਵਿਚ ਉਹਦੀਆਂ ਲਿਖੀਆਂ ਕੁਝ ਹੋਰ ਨਿੱਕੀਆਂ ਨਿੱਕੀਆਂ ਵਾਰਤਕ-ਟੁਕੜੀਆਂ ਸ਼ਾਮਲ ਹਨ। ਇਨ੍ਹਾਂ ਸਾਰੀਆਂ ਲਿਖਤਾਂ ਵਿਚ ਜਿਹੜੀਆਂ ਸਾਹਿਤ ਦਾ ਸੁੰਦਰ ਨਮੂਨਾ ਹਨ, ਵਾਰਤਕ ਦੇ ਵਿਚ ਕਵਿਤਾ ਵੀ ਘੁਲੀ ਨਜ਼ਰ ਆਉਂਦੀ ਹੈ। ਕਵਿਤਾ ਤਾਂ ਪਾਸਲਾ ਦੀ ਸਮੁੱਚੀ ਹੋਂਦ ਦਾ ਹਿੱਸਾ ਹੈ।

'ਰਾਹਗੀਰ' ਅਨੁਵਾਨ ਹੇਠ ਦਰਜ ਇਹ ਸਾਰੇ ਬਿਰਤਾਂਤ ਸਿਰਜਣਾਤਮਕ ਪੱਖੋਂ ਨਿੱਕੀ ਕਹਾਣੀ ਦੇ ਦਾਇਰੇ ਵਿਚ ਵੀ ਆ ਜਾਂਦੇ ਹਨ, ਪਰ ਇਨ੍ਹਾਂ ਦੀਆਂ ਸ਼ਾਖਾਵਾਂ ਕਿਧਰੇ ਕਿਧਰੇ ਨਿੱਕੀ ਕਹਾਣੀ ਦੀ ਵਿਧਾ ਤੋਂ ਬਾਹਰ ਵੀ ਫੈਲਦੀਆਂ, ਲਹਿਰਾਉਂਦੀਆਂ ਹਨ, ਪਰ ਆਪਣੀ ਸਿਰਜਣਾਤਮਕ ਆਭਾ ਕਾਇਮ ਰੱਖਦੀਆਂ ਹਨ। ਇਹ ਕਥਾ-ਵਾਰਤਾਵਾਂ ਪਾਠਕ ਨੂੰ ਅੰਤਰ-ਮਨ ਵਿਚ ਡੂੰਘੀ ਚੁੱਭੀ ਲਾ ਕੇ ਸੋਚਣ ਲਈ ਮਜਬੂਰ ਤਾਂ ਕਰਦੀਆਂ ਹੀ ਹਨ, ਪਰ ਕੁਝ ਕੁ ਤਾਂ ਤੁਹਾਡਾ ਕਲੇਜਾ ਕੱਢ ਕੇ ਲੈ ਜਾਂਦੀਆਂ ਹਨ। ਅਠਾਈ ਸਾਲ ਲੰਮੀ ਕੈਦ ਭੁਗਤਣ ਵਾਲੇ ਤੇ ਸਾਰਾ ਜੀਵਨ ਲੋਕਾਂ ਦੇ ਲੇਖੇ ਲਾਉਣ ਵਾਲੇ ਕੁਰਬਾਨੀ ਦੇ ਪੁਤਲੇ, ਜੁਝਾਰੂ ਸੂਰਮੇ ਪੰਡਿਤ ਕਿਸ਼ੋਰੀ ਲਾਲ ਨਾਲ ਜਦੋਂ ਪਾਰਟੀ ਦਾ ਸਾਧਾਰਨ ਮੁਲਾਜ਼ਮ, ਪੰਡਿਤ ਜੀ ਵੱਲੋਂ ਦਵਾਈ ਖਾਣ ਲਈ ਗਰਮ ਪਾਣੀ ਮੰਗੇ ਜਾਣ 'ਤੇ ਅਪਮਾਨ ਜਨਕ ਸ਼ਬਦ ਬੋਲਦਾ ਹੈ ਤਾਂ ਪੰਡਿਤ ਜੀ ਤੇ ਬਿਰਤਾਂਤਕਾਰ ਦੇ ਨਾਲ ਹੀ ਪੜ੍ਹਨ ਵਾਲੇ ਦੀ ਰੂਹ ਵੀ ਅੰਬਰਾਂ ਤੱਕ ਰੋ ਉਠਦੀ ਹੈ। 'ਮਾਂ ਦੀ ਤਪੱਸਿਆ', 'ਇੰਜ ਵੀ ਵਾਪਰਦਾ ਹੈ', 'ਗੁਆਚੀ ਖ਼ੁਸ਼ੀ ਲੱਭ ਪਈ', 'ਮਾਂ ਹੁੰਦੀ ਏ ਮਾਂ', 'ਪਰਬਤੋਂ ਭਾਰੀ ਪੀੜ' ਦੁਖਦਾਈ ਹਕੀਕਤ ਦਾ ਦਿਲ-ਛੂੰਹਦਾ ਬਿਰਤਾਂਤ ਤਾਂ ਹਨ ਹੀ, ਨਾਲ ਹੀ ਇਹ ਬਿਰਤਾਂਤ ਪਾਠਕ ਦੀ ਸੰਵੇਦਨਾ ਨੂੰ ਟੁੰਬਦੇ ਹਨ ਤੇ ਉਸਨੂੰ ਹਾਲਾਤ ਅਤੇ ਸ਼ਖ਼ਸੀਅਤਾਂ ਬਾਰੇ ਹੋਰ ਗਹਿਰਾ ਸੋਚਣ ਅਤੇ ਬਦਲਣ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਲਿਖਤਾਂ ਵਿਚ ਕਾਟਵਾਂ ਵਿਅੰਗ ਵੀ ਹੈ ਜੋ ਚੇਤਨਾ ਨੂੰ ਟੁੰਬਦਾ ਤੇ ਬੁੱਲ੍ਹਾਂ 'ਤੇ ਮੁਸਕਾਣ ਵੀ ਲੈ ਆਉਂਦਾ ਹੈ। 'ਕੁਸੱਤ ਤੇ ਵਿਰੋਧ ਦੀ ਪਿਰਤ' ਵਿਚ ਬੱਚਿਆਂ ਦਾ ਕੀਰਤਨੀਆਂ ਅੱਗੋਂ ਪੈਸੇ ਚੁੱਕ ਕੇ ਭੱਜ ਜਾਣਾ ਤੇ ਸੰਗਤ ਦਾ ਹੱਸ ਪੈਣਾ, ਪਾਠਕ ਦੇ ਚਿਹਰੇ 'ਤੇ ਮੁਸਕਣੀ ਲੈ ਆਉਂਦਾ ਹੈ ਪਰ ਅਗਲੇ ਪਲ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਦੇ ਮੁਸਕਰਾਉਣ ਦਾ ਕਾਟਵਾਂ ਵਿਅੰਗ ਸਮੁੱਚੇ ਧਾਰਮਿਕ ਵਰਤਾਰੇ ਬਾਰੇ ਨਵੇਂ ਜ਼ਾਵੀਏ ਤੋਂ ਸੋਚਣ ਲਾ ਦਿੰਦਾ ਹੈ।'ਸੈਂਟ-ਅਪਸੈਂਟ' ਵਿਚ ਸ਼ੀਰੇ ਦਾ ਨਸ਼ਤਰੀ ਸਵਾਲ ਪਦਾਰਥਕ ਜੀਵਨ ਵਿਚ ਉਲਝੀ ਸੋਚ ਦਾ ਉਛਾੜ ਪਾੜਦੇ ਹੋਏ ਜ਼ਿੰਦਗੀ ਦੇ ਵਿਆਪਕ ਰੰਗਾਂ ਤੋਂ ਵਿਹੂਣੀ ਨਜ਼ਰ ਦਾ ਉਲੇਖ ਹੈ।

ਇਨ੍ਹਾਂ ਲਿਖਤਾਂ ਵਿਚ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਲੋਕਾਂ ਦੀਆਂ ਭੁੱਖਾਂ, ਹਸਰਤਾਂ, ਚਾਹਤਾਂ, ਮਜਬੂਰੀਆਂ, ਬੇਚੈਨੀਆਂ ਤੇ ਚਿੰਤਾਵਾਂ ਨੂੰ ਜ਼ਬਾਨ ਮਿਲੀ ਹੈ। ਜਿਨ੍ਹਾਂ ਨੂੰ 'ਅਫ਼ਾਰੇ' ਦੀ ਹੱਦ ਤੱਕ ਤਾਂ ਧਰਮ ਮੁਫ਼ਤ (ਗੀਤਾ) ਵੰਡਿਆ ਜਾ ਰਿਹਾ ਹੈ, ਪਰ ਜਿਨ੍ਹਾਂ ਦੀ ਰੱਜ ਕੇ ਅੰਬ ਚੂਪਣ ਤੇ ਖ਼ਰਬੂਜ਼ੇ ਖਾਣ ਦੀ ਰੀਝ ਸਿਸਕਦੀ ਰਹਿ ਜਾਂਦੀ ਹੈ। 'ਰੀਝਾਂ ਦਾ ਮਰਸੀਆ' ਵਿਚਲਾ ਦੁਖਾਂਤਕ ਵਿਅੰਗ 'ਦਾਨ' ਕਰਨ ਦੀ ਪਰਿਪਾਟੀ ਦਾ ਪੋਲ ਵੀ ਖੋਲ੍ਹਦਾ ਹੈ ਤੇ ਨਿਮਨ ਸ਼੍ਰੇਣੀਆਂ ਦੇ ਭੁਝਾਂ ਮਾਰੇ ਜੀਵਨ ਲਈ ਬਹੁਤ ਹੱਦ ਤੱਕ ਜ਼ਿੰਮੇਵਾਰ ਤਥਾ-ਕਥਿਤ ਧਰਮੀਆਂ ਦੇ ਨਾਂਹ-ਵਾਚਕ ਰੋਲ ਦੀ ਪੜਚੋਲ ਵੀ ਕਰਦਾ ਹੈ। ਨਿਮਨ ਸ਼੍ਰੇਣੀਆਂ ਦੇ ਧਰਮ ਤੇ ਧਰਮ ਗੁਰੂਆਂ ਦੇ ਜਾਲ-ਜੰਜਾਲ ਵਿਚ ਫਸੀ ਜਨਤਾ ਦੀ ਦਿਲ-ਵਿੰਨ੍ਹਵੀਂ ਝਾਕੀ ਉਸ ਬਿਰਤਾਂਤ ਵਿਚ ਪੇਸ਼ ਹੋਈ ਹੈ ਜਦੋਂ ਗ਼ਰਕ ਜਾਣ ਦੀ ਹੱਦ ਤੱਕ ਧਸਿਆ ਬਾਪ ਇਹ ਆਖਦਾ ਹੈ ਕਿ ਉਨ੍ਹਾਂ ਦੀ ਅਜਿਹੀ ਕਿਸਮਤ ਕਿੱਥੇ ਕਿ ਬਾਬਾ ਜੀ ਉਹਦੀ ਧੀ ਨਾਲ ਆਪਣਾ ਸਰੀਰਕ ਸੰਬੰਧ ਜੋੜ ਲੈਂਦੇ! ਅਜਿਹੇ ਸਵੈਮਾਣ ਤੋਂ ਵਿਰਵੇ ਕਰ ਦਿੱਤੇ ਤੇ ਰਸਾਤਲ ਤੱਕ ਧਸ ਚੁੱਕੇ ਲੋਕ ਆਪਣੇ ਹੱਕਾਂ ਦੀ ਲੜਾਈ ਕਦੋਂ ਲੜਣਗੇ?

ਪਰ ਇਨ੍ਹਾਂ ਦਲਦਲ ਵਿਚ ਧਸ ਚੁੱਕੇ ਲੋਕਾਂ ਨੂੰ ਬਾਹੋਂ ਫੜ ਕੇ ਬਾਹਰ ਕੱਢਣਾ ਤੇ ਉਨ੍ਹਾਂ ਦੀ ਝੁਕੀ ਹੋਈ ਕਮਰ ਨੂੰ ਕਮਾਨ ਬਣਾਉਣਾ ਤੇ ਨਮੋਸ਼ੀ ਨਾਲ ਨੀਵੀਆਂ ਹੋਈਆਂ ਅੱਖਾਂ ਵਿਚ ਸ਼ਮਸ਼ੀਰੀ ਲਿਸ਼ਕ ਲਿਆਉਣਾ ਹੀ ਉਹਦਾ ਉਦੇਸ਼ ਹੈ।

ਆਪਾਂ ਜਾਣਦੇ ਹੀ ਹਾਂ ਕਿ ਲੇਖਕ ਸੰਸਾਰ ਦੇ ਹਰੇਕ ਧੱਕੜ ਧਾਵੀਆਂ ਤੇ ਲੋਕ-ਵਿਰੋਧੀ ਸ਼ਕਤੀਆਂ ਦੇ ਖ਼ਿਲਾਫ਼ ਪਰਚੰਡ ਘੋਲਾਂ ਦਾ ਘੁਲਾਟੀਆ ਤੇ ਬੁਲਾਰਾ ਹੈ। ਪਰ ਸੱਚਾ ਲੇਖਕ ਉਹ ਹੁੰਦਾ ਹੈ, ਜੋ ਸਦਾ ਦੂਜਿਆਂ 'ਤੇ ਹਮਲਾਵਰ ਨਾ ਹੋਵੇ ਸਗੋਂ ਆਤਮ-ਚਿੰਤਨ ਵੀ ਕਰਦਾ ਹੋਵੇ ਤੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਜੇਰਾ ਵੀ ਰੱਖਦਾ ਹੋਵੇ। ਗ਼ਰੀਬਾਂ ਦੇ ਨਿਮਨ ਪੱਧਰ ਦੀਆਂ ਜੀਵਨ ਹਾਲਤਾਂ ਦਾ ਜ਼ਿਕਰ ਕਰਦੇ ਲੇਖਕ ਨੂੰ ਇੱਕ ਪਾਰਟੀ ਹਮਦਰਦ ਔਰਤ ਆਪਣੇ ਇੱਕ ਕਮਰੇ ਦੇ ਘਰ ਅੰਦਰ ਲਿਜਾ ਕੇ ਆਪਣੇ ਘਰ ਦੀ ਅਸਲ ਤਸਵੀਰ ਵਿਖਾ ਕੇ ਗੁਰਬਤ ਤੇ ਵਿਚਾਰਗੀ ਵਿਚ ਲੁਕੀ ਹੋਈ ਖ਼ੁਸ਼ੀ ਨਾਲ ਆਖਦੀ ਹੈ, "ਕਾਮਰੇਡ ਜੀ, ਜੋ ਆਪ ਜਲਸੋਂ ਮੇਂ ਹਮਾਰੇ ਘਰੋਂ ਕੇ ਬਾਰੇ ਮੇਂ ਬੋਲ ਰਹੇ ਥੇ, ਹੈ ਨਾ ਉਸੀ ਤਰਹਾ ਕਾ?"

ਲੇਖਕ ਦੱਸਦਾ ਹੈ ਕਿ ਕਿਸੇ ਦੇ ਦਰਦ ਦੀ ਥਾਹ ਦੂਰੋਂ ਬੋਲੇ ਹਮਦਰਦ ਬੋਲਾਂ ਨਾਲ ਵੀ ਪਾਈ ਜਾ ਸਕਦੀ ਹੈ, ਪਰ ਜੇ ਹੱਡੀਂ ਹੰਢਾਈ ਹਕੀਕਤ ਬੋਲਾਂ 'ਚੋਂ ਨਾ ਹੁੰਗਾਰੇ ਤਾਂ ਅਮਲ ਵਿਚ ਕੋਈ ਊਣ ਰਹਿ ਜਾਣ ਦੀ ਸੰਭਾਵਨਾ ਵੀ ਬਣੀ ਰਹਿ ਸਕਦੀ ਹੈ। ਉਹ ਔਰਤ ਲੇਖਕ ਨੂੰ ਕਹਿਣੀ ਤੇ ਕਰਨੀ ਦੀ ਹਕੀਕਤ ਵਿਖਾ ਕੇ ਕੌੜੇ ਸੱਚ ਦੇ ਰੂਬਰੂ ਕਰਦੀ ਹੈ। ਲੇਖਕ ਆਪਣੀ ਆਤਮਾ ਨੂੰ ਉਜਲੇ ਸ਼ੀਸ਼ੇ ਅੱਗੇ ਖਲ੍ਹਿਆਰ ਕੇ ਆਪਣਾ ਹੀ ਨਹੀਂ, ਸਾਡਾ ਚਿਹਰਾ ਵੀ ਸਾਨੂੰ ਵਿਖਾ ਦਿੰਦਾ ਹੈ। ਲੇਖਕ ਦਾ ਇਸ ਹਕੀਕਤ ਨੂੰ 'ਜਿਸ ਤਨ ਲਾਗੈ ਸੋਈ ਜਾਣੈ' ਵਾਲੇ ਅੰਦਾਜ਼ ਵਿਚ ਸਵੀਕਾਰ ਕਰਨਾ ਉਹਦੀ ਸੁਹਿਰਦਤਾ ਦੀ ਪ੍ਰਮਾਣਿਕ ਗਵਾਹੀ ਹੈ। ਆਗੂਆਂ ਨੂੰ ਦਫ਼ਤਰ ਤੋਂ ਬੀਬੀ ਦੇ ਘਰ ਦਾ ਇੱਕ ਮਿੰਟ ਦਾ ਪੈਂਡਾ ਬੜੇ ਵੱਡੇ ਅਰਥ ਸਮਝਾ ਦਿੰਦਾ ਹੈ ਤੇ ਇਹੋ ਅਰਥ ਇਹ ਲਿਖਤ ਸਾਡੇ ਤੱਕ ਪਹੁੰਚਾਉਂਦੀ ਹੈ।

ਇੰਝ ਅਸੀਂ ਵੇਖਦੇ ਹਾਂ ਕਿ 'ਰਾਹਗੀਰ' ਗ਼ੈਰ-ਗਲਪ (ਨੌਨ ਫਿਕਸ਼ਨ) ਦੀ ਵਿਧਾ ਦੀ ਪ੍ਰਮਾਣਿਕ ਸਿਰਨਾਵਾਂ ਹੈ। ਇਨ੍ਹਾਂ ਰਚਨਾਵਾਂ ਵਿਚ ਵਾਰਤਕ ਦੀਆਂ ਕਈ ਵੰਨਗੀਆਂ ਦੇ ਦੀਦਾਰ ਹੁੰਦੇ ਹਨ। ਇਹ 'ਲਲਿਤ-ਨਿਬੰਧ' ਦੀ ਸੂਖ਼ਮ ਵਿਧਾ ਦੇ ਹਾਣ ਦੀਆਂ ਵੀ ਹਨ, ਨਿੱਕੀ ਕਹਾਣੀ ਦੇ ਦਾਇਰੇ ਦੀ ਵਸਤ ਵੀ ਹਨ, ਹੱਡ-ਬੀਤੀਆਂ, ਜੱਗ-ਬੀਤੀਆਂ, ਯਾਦਾਂ ਤੇ ਸਵੈਜੀਵਨੀ ਪਰਕ ਬਿਰਤਾਂਤ ਵੀ ਹਨ। ਇਨ੍ਹਾਂ ਰਚਨਾਵਾਂ ਵਿਚ ਲੇਖਕ ਦਾ ਨਿੱਜੀ ਅਨੁਭਵ, ਕਲਪਨਾ ਦੀ ਪਾਣ ਚੜ੍ਹਨ ਤੋਂ ਬਾਅਦ, ਸੰਵੇਦਨਾ, ਸੂਹਜ ਤੇ ਸਹਿਜ ਦੇ ਰੰਗਾਂ ਵਿਚ ਰੰਗਿਆ ਸਿਰਜਣਤਾਮਕ ਲਹਿਰੀਆ ਬਣ ਕੇ ਪੁਸਤਕ ਦੇ ਸਫ਼ਿਆਂ 'ਤੇ ਹੀ ਨਹੀਂ ਫ਼ੈਲਦਾ, ਸਗੋਂ ਪਾਠਕ ਦੇ ਮਨ-ਮਸਤਕ ਨੂੰ ਵੀ ਮਜੀਠੀ ਰੰਗ ਵਿਚ ਰੰਗ ਦਿੰਦਾ ਹੈ। ਕਾਵਿਕ ਵਹਾਉ ਇਸ ਵਾਰਤਕ ਦਾ ਉਘਾ ਲੱਛਣ ਹੈ।

***

ਜਿਵੇਂ ਮੈਂ ਪਿੱਛੇ ਕਿਹਾ ਹੈ, ਕਵਿਤਾ ਤਾਂ ਪਾਸਲਾ ਦੀ ਆਤਮਾ ਵਿਚ ਘੁਲੀ ਹੋਈ ਹੈ, ਜਿਹੜੀ ਉਹਦੇ ਸ਼ਬਦਾਂ ਵਿਚ ਤੇ ਵਿਹਾਰ ਵਿਚ ਘੁਲੀ ਨਜ਼ਰ ਆਉਂਦੀ ਹੈ। ਉਹਦੇ ਅਜਿਹੇ ਕਾਵਿਕ ਵਤੀਰੇ ਦੀ ਇੱਕ ਘਟਨਾ ਸਾਂਝੀ ਕਰਨ ਲੱਗਾ ਹਾਂ, ਜਿਸਨੇ ਮੈਨੂੰ ਉਹਦਾ ਮੁਰੀਦ ਬਣਾ ਦਿੱਤਾ। ਗੱਲ ਕੁਝ ਇਸਤਰ੍ਹਾਂ ਹੋਈ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਸੀ। ਮੇਰਾ ਮੁੱਢ ਤੋਂ ਹੀ ਇਹ ਮੱਤ ਰਿਹਾ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਚੋਣਾਂ ਸਰਬ-ਸੰਮਤੀ ਨਾਲ ਹੋਣੀਆਂ ਚਾਹੀਦੀਆਂ ਨੇ। ਉਸ ਸਾਲ ਇਸਤਰ੍ਹਾਂ ਹੋਇਆ ਕਿ ਕਮੇਟੀ ਵਿਚ ਕਰਾਜਸ਼ੀਲ ਧੜਿਆਂ ਵਿਚੋਂ ਆਪਣੇ ਆਪ ਨੂੰ 'ਇੱਕੀ' ਸਮਝਦੀ ਧਿਰ ਨੇ, ਉਨ੍ਹਾਂ ਮੁਤਾਬਕ 'ਊਨੀ' ਜਾਪਦੀ ਧਿਰ ਦੀ ਇਹ ਬੇਨਤੀ ਰੱਦ ਕਰ ਦਿੱਤੀ ਕਿ ਸਾਰੀਆਂ ਧਿਰਾਂ ਵਿਚ ਅਹੁਦਿਆਂ ਦੀ ਮੁਨਾਸਬ ਵੰਡ ਕਰ ਲਈ ਜਾਵੇ ਤੇ ਚੋਣਾਂ ਤੋਂ ਬਚਿਆ ਜਾਵੇ। ਪਰ ਉਨ੍ਹਾਂ ਨੇ 'ਅਜਿਹੀ ਸਰਬਸੰਮਤੀ' ਦੀ ਪੇਸ਼ਕਸ਼ ਠੁਕਰਾ ਕੇ ਆਪਣਾ ਪੈਨਲ ਪੇਸ਼ ਕਰ ਦਿੱਤਾ। ਸਰਬਸੰਮਤੀ ਹੁੰਦੀ ਨਾ ਵੇਖ ਕੇ ਪਾਸਲਾ-ਗਰੁੱਪ ਨੇ ਵੀ ਆਪਣਾ ਪੈਨਲ ਪੇਸ਼ ਕਰ ਦਿੱਤਾ।

ਜਦੋਂ ਮੀਟਿੰਗ ਸ਼ੁਰੂ ਹੋਈ ਤਾਂ ਦੋਵੇਂ ਧਿਰਾਂ ਨੇ ਆਪਣੇ ਪੈਨਲ ਦੇ ਹੱਕ ਵਿਚ ਦਲੀਲਾਂ ਦੇਣੀਆਂ ਸ਼ੁਰੂ ਕੀਤੀਆਂ। ਆਪਸੀ ਸਹਿਮਤੀ ਦੇ ਕੋਈ ਆਸਾਰ ਨਜ਼ਰ ਨਹੀਂ ਸਨ ਆਉਂਦੇ। 'ਹੱਥ ਖੜੇ ਕਰ ਕੇ' ਵੋਟ ਪਾਉਣ ਦਾ ਐਲਾਨ ਹੋਣ ਹੀ ਵਾਲਾ ਸੀ ਕਿ ਮੈਂ ਆਗਿਆ ਲੈ ਕੇ ਖੜਾ ਹੋ ਗਿਆ ਤੇ ਸਮੂਹ ਕਮੇਟੀ ਮੈਂਬਰਾਂ ਨੂੰ ਸੰਬੋਧਤ ਹੁੰਦਿਆਂ ਕਿਹਾ, 'ਦੋਸਤੋ! ਇਹ ਅਦਾਰਾ ਉਨ੍ਹਾਂ ਮਹਾਨ ਬਾਬਿਆਂ ਦੀ ਵਿਰਾਸਤ ਹੈ, ਜਿਨ੍ਹਾਂ ਨੇ ਆਪਣੀਆਂ ਜਾਨਾਂ ਹੂਲ ਕੇ ਆਜ਼ਾਦੀ ਦੀ ਜੰਗ ਲੜੀ ਸੀ। ਜਿਹੜੇ ਨਿੱਜੀ ਰੰਜਿਸ਼ਾਂ ਤੋਂ ਕਿਤੇ ਉੱਚੇ ਉੱਠ ਕੇ ਤੇ ਹਰ ਮੋੜ 'ਤੇ ਹੱਥ ਵਿਚ ਹੱਥ ਪਾ ਕੇ ਜੂਝਦੇ ਰਹੇ। ਉਨ੍ਹਾਂ ਦੀ ਸੋਚ ਤੇ ਪਹੁੰਚ ਮੰਗ ਕਰਦੀ ਹੈ ਕਿ ਅਸੀਂ ਅੱਜ ਵੀ ਧੜਿਆਂ ਦੀ ਸਿਆਸਤ ਤੋਂ ਉੱਚੇ ਉੱਠ ਕੇ ਆਪਸੀ ਸਹਿਮਤੀ ਨਾਲ ਅਹੁਦੇਦਾਰਾਂ ਦੀ ਚੋਣ ਕਰੀਏ ਕਿਉਂਕਿ ਗ਼ਦਰੀ ਬਾਬਿਆਂ ਨੇ ਕਦੀ ਅਹੁਦਿਆਂ ਦੀ ਮੰਗ ਨਹੀਂ ਸੀ ਕੀਤੀ, ਸਗੋਂ ਇਹ ਅਹੁਦੇ ਉਨ੍ਹਾਂ ਨੂੰ ਬੇਨਤੀ ਕਰ ਕੇ ਪ੍ਰਵਾਨ ਕਰਨ ਲਈ ਕਿਹਾ ਜਾਂਦਾ ਸੀ। ਉਹ ਵਿਰਾਸਤ ਮੰਗ ਕਰਦੀ ਹੈ ਕਿ ਅਸੀਂ ਹੱਥ ਖੜੇ ਕਰ ਕੇ ਵੋਟਾਂ ਪਵਾਉਣ ਨਾਲੋਂ ਸਰਬ-ਸੰਮਤ ਫ਼ੈਸਲੇ 'ਤੇ ਪਹੁੰਚ ਸਕੀਏ। ਸਰਬਸੰਮਤੀ ਤਾਂ ਹੀ ਹੋ ਸਕਦੀ ਹੈ ਜੇ ਦੋਵਾਂ ਧੜਿਆਂ ਵਿਚੋਂ ਇੱਕ ਧੜਾ ਆਪਣਾ ਪੈਨਲ ਵਾਪਸ ਲੈ ਲਵੇ। ਮੇਰੀ ਏਨੀ ਸਮਰੱਥਾ ਜਾਂ ਹੈਸੀਅਤ ਤਾਂ ਹੈ ਹੀ ਨਹੀਂ ਕਿ ਕਿਸੇ ਧੜੇ ਨੂੰ ਇਹ ਆਖਣ ਦੀ ਹਿੰਮਤ ਜੁਟਾ ਸਕਾਂ ਕਿ ਉਹ ਆਪਣਾ ਪੈਨਲ ਵਾਪਸ ਲੈ ਲਵੇ। ਹਾਂ, ਮੇਰਾ ਮੰਗਤ ਰਾਮ ਪਾਸਲਾ ਹੁਰਾਂ ਨਾਲ ਮੁਹੱਬਤ ਤੇ ਅਪਣੱਤ ਦਾ ਰਿਸ਼ਤਾ ਹੈ। ਮੈਨੂੰ ਨਹੀਂ ਪਤਾ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਸਾਥੀਆਂ ਦਾ ਕੀ ਪ੍ਰਤੀਕਰਮ ਹੋਵੇਗਾ ਪਰ ਮੈਂ ਪਾਸਲਾ ਜੀ ਨੂੰ ਬੇਨਤੀ ਕਰ ਸਕਦਾ ਹਾਂ ਕਿ ਗ਼ਦਰੀ ਬਾਬਿਆਂ ਦੀ ਉਸ ਮਾਣਮੱਤੀ

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦੀ ਬਾਕੀ)*

ਵਿਰਾਸਤ ਤੇ ਪਹੁੰਚ ਨੂੰ ਨਮਨ ਕਰਦਿਆਂ ਜੇ ਉਹ ਆਪਣਾ ਪੈਨਲ ਵਾਪਸ ਲੈ ਲੈਣ ਤਾਂ ਹੀ ਸਰਬਸੰਮਤੀ ਹੋ ਸਕਦੀ ਹੈ। ਤੇ ਮੈਂ ਇਹ ਜਾਣਦਾ ਹਾਂ ਕਿ ਉਨ੍ਹਾਂ ਦੀ ਸੰਵੇਦਨਸ਼ੀਲ ਸ਼ਖ਼ਸੀਅਤ ਗ਼ਦਰੀ ਬਾਬਿਆਂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਇਸ ਬੇਨਤੀ ਨੂੰ ਪ੍ਰਵਾਨ ਕਰ ਲਵੇਗੀ।'

ਮੇਰਾ ਤਾਂ ਇਹ ਤਰਲਾ ਜਿਹਾ ਹੀ ਸੀ। ਉਂਝ ਨਾ ਮੈਨੂੰ ਤੇ ਨਾ ਹੀ ਕਿਸੇ ਹੋਰ ਨੂੰ ਇਹ ਆਸ ਸੀ ਕਿ ਇੰਝ ਹੋ ਜਾਵੇਗਾ! ਪਾਸਲਾ ਹੁਰੀਂ ਉਠੇ ਤੇ ਕਿਹਾ, 'ਵਰਿਆਮ ਹੁਰਾਂ ਨੇ ਜਿਵੇਂ ਮਹਾਨ ਗ਼ਦਰੀ ਬਾਬਿਆਂ ਦੀ ਵਿਰਾਸਤ ਦਾ ਹਵਾਲਾ ਦੇ ਕੇ ਅਪੀਲ ਕੀਤੀ ਹੈ, ਮੈਂ ਇਸ ਅਪੀਲ ਦਾ ਮਾਣ ਰੱਖਦਿਆਂ ਆਪਣਾ ਪੈਨਲ ਵਾਪਸ ਲੈਂਦਾ ਹਾਂ ਤਾਕਿ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋ ਸਕੇ।'

ਸਭ ਨੇ ਭਰਪੂਰ ਤਾੜੀਆਂ ਨਾਲ ਇਨ੍ਹਾਂ ਬੋਲਾਂ ਦਾ ਸਵਾਗਤ ਕੀਤਾ, ਵਿਰੋਧੀ ਧੜੇ ਦੀਆਂ ਤਾੜੀਆਂ ਦੀ ਆਵਾਜ਼ ਵਧੇਰੇ ਉਚੀ ਸੀ। ਪਾਸਲਾ ਦੇ ਸਾਥੀ ਉਨ੍ਹਾਂ ਵੱਲੋਂ ਅਚਨਚੇਤ ਲਏ ਇਸ ਫ਼ੈਸਲੇ ਨਾਲ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਦਾ ਨੇੜਲਾ ਸਾਥੀ ਕੁਲਵੰਤ ਸਿੰਘ ਸੰਧੂ ਨਰਾਜ਼ ਹੋ ਕੇ ਕਹਿੰਦਾ, 'ਇਹ ਕੀ ਗੱਲ ਹੋਈ, ਤੁਸੀਂ ਬਿਨਾਂ ਸਲਾਹ ਮਸ਼ਵਰਾ ਕੀਤੇ ਸੰਧੂ ਸਾਹਿਬ ਦੇ ਕਹਿਣ 'ਤੇ ਪੈਨਲ ਵਾਪਸ ਲੈ ਲਿਆ।'

ਪਾਸਲਾ ਹੁਰੀਂ ਮੁਸਕਰਾ ਰਹੇ ਸਨ। ਸਹਿਜ ਸਨ। ਉਨ੍ਹਾਂ ਅੰਦਰਲੀ ਕਵਿਤਾ ਦਾ ਰੰਗ ਖਿੜਿਆ ਹੋਇਆ ਸੀ। ਕੁਲਵੰਤ ਸੰਧੂ ਸ਼ਾਇਦ ਰੋਸ ਵਿਚ ਬਾਹਰ ਨੂੰ ਹੋ ਤੁਰਿਆ ਸੀ। ਗਤੀ-ਰੋਧ ਪੈਦਾ ਹੋ ਗਿਆ ਜਾਣ ਕੇ ਪਾਸਲੇ ਹੁਰਾਂ ਆਖ਼ਰੀ ਫ਼ੈਸਲਾ ਸੁਣਾ ਦਿੱਤਾ, 'ਮੈਂ ਕੁਲਵੰਤ ਹੁਰਾਂ ਨੂੰ ਆਪੇ ਮਨਾ ਲਵਾਂਗਾ। ਤੁਸੀਂ ਅਗਲੀ ਕਾਰਵਾਈ ਸ਼ੁਰੂ ਕਰੋ।'

ਇਸੇ ਨੂੰ ਮੈਂ ਕਹਿੰਦਾ ਹਾਂ ਕਿ 'ਪਾਸਲਾ ਇੱਕ ਸ਼ਖ਼ਸੀਅਤ ਹੈ!' ਅਜਿਹੀ ਸ਼ਖ਼ਸੀਅਤ, ਸ਼ਾਇਰੀ ਜਿਸਦੀ ਰੂਹ ਦਾ ਹਿੱਸਾ ਹੈ। ਕਿਹਾ ਜਾ ਸਕਦਾ ਹੈ ਕਿ ਉਹ ਸਮੂਲਚੇ ਦਾ ਸਮੂਲਚਾ ਇਕ ਸ਼ਾਇਰਾਨਾ ਰੂਹ ਹੈ।

ਜਦ ਉਹ ਲੈਕਚਰ ਦੇ ਰਿਹਾ ਹੋਵੇ ਤਾਂ ਸ਼ਬਦ ਉਹਦੇ ਅੱਗੇ ਹੱਥ ਬੰਨ੍ਹੀਂ ਖਲੋਤੇ ਨਜ਼ਰ ਆਉਂਦੇ ਨੇ। ਆਪਣੀ ਗੱਲ ਨੂੰ ਪੁਸ਼ਟ ਕਰਨ ਲਈ ਉਹ ਕਦੀ ਕਦੀ ਵਧੀਆ ਸ਼ਿਅਰ ਵੀ ਆਪਣੇ ਲੈਕਚਰਾਂ ਵਿਚ ਨਗੀਨੇ ਵਾਂਗ ਜੜਦਾ ਰਹਿੰਦਾ ਹੈ। ਇੱਕ ਵਾਰ ਮੈਂ ਉਹਦਾ ਭਾਸ਼ਨ ਸੁਣ ਰਿਹਾ ਸਾਂ। ਭਾਸ਼ਨ ਬੜਾ ਰਵਾਂ-ਚਾਲ ਚੱਲ ਰਿਹਾ ਸੀ। ਉਹਨੇ ਇੱਕ ਵੱਡੇ ਕਵੀ ਦਾ ਸ਼ਿਅਰ ਬੋਲਿਆ। ਉਸਦਾ ਚੰਗਾ ਪ੍ਰਭਾਵ ਪਿਆ। ਪਰ ਅਸਲੀ ਸ਼ਿਅਰ ਦੇ ਇੱਕ ਦੋ ਸ਼ਬਦ ਅੱਗੇ ਪਿੱਛੇ ਹੋ ਗਏ ਸਨ। ਭਾਵੇਂ ਅੱਗੇ ਪਿੱਛੇ ਹੋਏ ਸ਼ਿਅਰ ਵੀ ਉਹਨੇ ਇਸ ਤਰਤੀਬ ਵਿਚ ਜੋੜ ਲਏ ਸਨ ਕਿ ਸੁਣਨ ਵਾਲਿਆਂ ਨੂੰ ਠੀਕ ਹੀ ਲੱਗਾ ਸੀ। ਪਰ ਮੇਰੇ ਮਨ ਵਿਚ ਆਇਆ ਕਿ ਜਦੋਂ ਏਡਾ ਵੱਡਾ ਆਗੂ ਕਿਸੇ ਕਵੀ ਦਾ ਸ਼ਿਅਰ ਗ਼ਲਤ ਪੜ੍ਹਦਾ ਹੈ ਤਾਂ ਉਹਦਾ ਸੈਂਕੜੇ ਸਰੋਤਿਆਂ 'ਤੇ ਭਾਵੇਂ ਕਿੰਨਾਂ ਚੰਗਾ ਪ੍ਰਭਾਵ ਪੈਂਦਾ ਹੋਵੇ, ਪਰ ਸ਼ਾਇਰੀ ਦੇ ਇਕੱਲ੍ਹੇ-ਇਕਹਿਰੇ ਜਾਣਕਾਰ (ਭਾਵੇਂ ਭਰੇ ਪੰਡਾਲ ਵਿਚ ਇਕੱਲ੍ਹਾ ਹੀ ਕਿਉਂ ਨਾ ਹੋਵੇ) ਨੂੰ ਵੀ ਸ਼ਿਅਰ ਵਿਚ ਕਾਣ ਨਹੀਂ ਦਿਸਣੀ ਚਾਹੀਦੀ। ਉਹਨੂੰ ਇਹ ਆਖਣ/ਸਮਝਣ ਦਾ ਬਹਾਨਾ ਨਹੀਂ ਮਿਲਣਾ ਚਾਹੀਦਾ ਕਿ 'ਵੇਖੋ ਜੀ! ਏਡਾ ਵੱਡਾ ਲੀਡਰ ਤੇ ਸ਼ਿਆਰ ਗ਼ਲਤ ਸੁਣਾ ਗਿਆ!'

ਮੈਂ ਨਹੀਂ ਸਾਂ ਚਾਹੁੰਦਾ ਕਿ ਪਾਸਲਾ ਦੇ ਸੁਨਹਿਰੀ ਜੜਤ ਵਾਲੇ ਭਾਸ਼ਨ ਵਿਚ ਕੋਈ ਜੰਗਾਲਿਆ ਧੱਬਾ ਨਜ਼ਰ ਆਵੇ! ਇਕ ਦਿਨ ਫ਼ੋਨ ਕੀਤਾ।

'ਗੁਸਤਾਖ਼ੀ ਮੁਆਫ਼ ਕਰਨਾ। ਮੈਂ ਇਕ ਸੁਝਾਅ ਦੇਣ ਲੱਗਾਂ...'

'ਲਓ ਗੁਸਤਾਖ਼ੀ ਕਾਹਦੀ ਤੇ ਮੁਆਫ਼ੀ ਕਾਹਦੀ। ਤੁਹਾਡਾ ਸੁਝਾਅ ਸਿਰ ਮੱਥੇ। ਮੇਰੇ ਹਿਤ ਵਿਚ ਹੀ ਹੋਵੇਗਾ। ਦੱਸੋ ਤੁਸੀਂ।'

ਮੈਂ ਸਾਰੀ ਗੱਲ ਦੱਸ ਕੇ ਉਸ ਦਿਨ ਬੋਲੇ ਸ਼ਿਅਰ ਦੀ ਸੁਧਾਈ ਕੀਤੀ ਤਾਂ ਉਹ ਬਹੁਤ ਖ਼ੁਸ਼ ਹੋਇਆ। ਮੇਰਾ ਧੰਨਵਾਦ ਕੀਤਾ ਤੇ ਅੱਗੇ ਤੋਂ ਵੀ ਮੈਨੂੰ ਚੰਗੇ ਸੁਝਾਅ ਦੇਣ ਲਈ ਤਾਕੀਦ ਕੀਤੀ। ਸੱਚੀ ਗੱਲ ਤਾਂ ਇਹ ਹੈ ਉਸਤੋਂ ਬਾਅਦ ਕਦੀ-ਕਦਾਈਂ ਅਗਲੀ ਵਾਰ ਕਿਸੇ ਭਾਸ਼ਨ ਵਿਚ ਸੁਣਾਏ ਜਾਣ ਵਾਲੇ ਸ਼ਿਅਰ ਨੂੰ ਸਾਂਝਾ ਕਰ ਕੇ 'ਰਾਇ' ਵੀ ਲੈ ਲੈਂਦਾ ਹੈ। ਇਸਤੋਂ ਉਹਦੀ ਨਿਰਮਾਣਤਾ, ਨਿਰਛਲਤਾ ਤੇ ਮੋਹ ਦਾ ਸਹਿਜ ਪ੍ਰਗਟਾਵਾ ਹੁੰਦਾ ਹੈ। ਉਹ 'ਸਭ ਕੁਝ ਜਾਣਦਾ ਹੋਣ' ਦਾ ਹੰਕਾਰ ਨਹੀਂ ਚੁੱਕੀ ਫਿਰਦਾ।

ਅੱਜ ਜਦੋਂ ਮੈਂ ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਦਾ ਮੁਤਾਲਿਆ ਕਰਨ ਲੱਗਾ ਤਾਂ ਮੇਰੀ ਹੈਰਾਨੀ ਤੇ ਖ਼ੁਸ਼ੀ ਦੀ ਹੱਦ ਨਾ ਰਹੀ। ਪਹਿਲੀ ਹੀ ਨਜ਼ਮ 'ਫ਼ਰਕ' ਵਿਚ ਸੂਖਮ ਅਹਿਸਾਸਾਂ ਨੂੰ ਏਨੇ ਸਹਿਜ ਤੇ ਸੁਹਜ ਨਾਲ ਬੁਣਿਆ ਗਿਆ ਹੈ ਕਿ ਮੇਰੇ ਮੂੰਹੋਂ ਆਪ-ਮੁਹਾਰੇ 'ਵਾਹ!' ਨਿਕਲ ਗਿਆ। ਇਹ ਕਵਿਤਾ ਪੰਜਾਬੀ ਦੀਆਂ ਬਿਹਤਰੀਨ ਕਵਿਤਾਵਾਂ ਵਿਚ ਸ਼ੁਮਾਰ ਕੀਤੀ ਜਾ ਸਕਦੀ ਹੈ। ਸੰਵੇਦਨਾ-ਭਰਪੂਰ ਕਾਵਿਕ ਬਿਆਨ। ਸ਼ਾਂਤ ਤੇ ਸੁਖੀ ਜੀਵਨ ਦੀ ਚਾਹਤ ਦਾ ਖ਼ੂਬਸੂਰਤ ਪ੍ਰਗਟਾਵਾ, ਪਰ ਨਾਲ ਹੀ ਸ਼ਾਂਤੀ ਨੂੰ ਭੰਗ ਕਰਨ ਵਾਲੇ ਹਾਲਾਤ ਤੇ ਸਥਿਤੀਆਂ ਨੂੰ ਬਦਲਣ ਦਾ ਕਾਵਿਕ ਸੁਨੇਹਾ। ਅਜਿਹਾ ਸੁਨੇਹਾ, ਜਿਸ ਵਿਚ ਨਾਅਰ੍ਹੇ ਵਾਲੀ ਉਤੇਜਨਾ ਨਹੀਂ, ਧੁਰ ਗਹਿਰੇ ਉਤਰ ਜਾਣ ਵਾਲੀ ਸੰਵੇਦਨਾ ਹੈ। ਇਸ ਕਵਿਤਾ ਦੀ ਸ਼ਾਂਤ ਸਤਹ ਦੇ ਹੇਠਾਂ ਖੌਲਦਾ ਸਮੁੰਦਰ ਹੈ। ਸ਼ੁਧ ਪ੍ਰਗਤੀਵਾਦੀ ਕਵਿਤਾ ਦਾ ਪ੍ਰਮਾਣਿਕ ਨਮੂਨਾ।

ਇਹ ਪ੍ਰਗਤੀਵਾਦ 1935 ਵਿਚ ਸ਼ੁਰੂ ਹੋਏ ਪ੍ਰਗਤੀਵਾਦੀ ਅੰਦੋਲਨ ਤੋਂ ਤਾਂ ਪ੍ਰਭਾਵਤ ਹੈ ਹੀ ਕਿਉਂਕਿ ਉਸਦਾ ਪ੍ਰੇਰਨਾ ਸਰੋਤ ਮਾਰਕਸਵਾਦੀ ਲਹਿਰ ਸੀ ਅਤੇ ਮਾਰਕਸਵਾਦੀ ਵਿਚਾਰਧਾਰਾ ਤੇ ਲਹਿਰ ਨੇ ਹੀ ਉਹਨੂੰ ਬਿਖੜੇ ਰਾਹਾਂ ਦਾ ਪਾਂਧੀ ਬਣਾਇਆ ਹੈ, ਪਰ ਪਾਸਲਾ ਦਾ ਪ੍ਰਗਤੀਵਾਦ ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਕ ਵੇਈਂ ਵਿਚੋਂ ਵੀ ਇਸ਼ਨਾਨ ਕਰ ਕੇ ਆਉਂਦਾ ਹੈ, ਜਿੱਥੇ ਭਾਗੋਆਂ ਤੇ ਖ਼ਿਲਾਫ਼ ਲਾਲੋਆਂ ਦੀ ਲਲਕਾਰ ਨੂੰ ਜ਼ਬਾਨ ਮਿਲਦੀ ਹੈ। ਆਪਣੀ ਸ਼ਾਨਾਂਮੱਤੀ ਇਨਕਲਾਬੀ ਵਿਰਾਸਤ ਨਾਲ ਸਜਿੰਦ ਨਾਤਾ ਜੋੜਨਾ ਇਸ ਕਵਿਤਾ ਦਾ ਹੋਰ ਉਘਾ ਵਿਚਾਰਧਾਰਾਈ ਲੱਛਣ ਹੈ। ਸਾਡੀ ਕਮਿਊਨਿਸਟ ਲਹਿਰ ਬਹੁਤ ਚਿਰ ਸੁਚੇਤ ਤੌਰ 'ਤੇ ਮੱਧਕਾਲੀ ਇਨਕਲਾਬੀ ਵਿਚਾਰਾਂ ਤੋਂ ਇਕ ਦੂਰੀ ਬਣਾ ਕੇ ਚੱਲਦੀ ਰਹੀ ਹੈ। ਪਾਸਲਾ ਹੁਰਾਂ ਆਪਣੇ ਵਿਚਾਰਾਂ ਤੇ ਕਵਿਤਾ ਵਿਚ ਨਾਨਕ ਤੇ ਮਾਰਕਸ ਦੀ ਟੁਟੀ ਗੰਢੀ ਹੈ।

ਪਾਸਲਾ ਦੀ ਕਵਿਤਾ ਦਾ ਨਾੜੂਆ ਸਾਡੀ ਮੱਧਕਾਲੀ ਇਨਕਲਾਬੀ ਲਹਿਰ ਨਾਲ ਜੁੜਿਆ ਹੋਇਆ ਹੈ। ਉਸੇ ਨਾੜੂਏ 'ਚੋਂ ਮਿਲਿਆ ਖ਼ੂਨ ਰਵਾਂ ਚਾਲ ਚੱਲਦਾ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ ਤੋਂ ਤੁਰ ਕੇ ਕਾਮਾਗਾਟਾ ਮਾਰੂ ਤੇ ਗ਼ਦਰ ਲਹਿਰ ਵਿਚੋਂ ਗੁਜ਼ਰਦਾ ਹੋਇਆ ਵਰਤਮਾਨ ਲੋਕ ਸੰਘਰਸ਼ਾਂ ਤੱਕ ਆ ਪਹੁੰਚਦਾ ਹੈ ਤੇ ਇਹ ਖ਼ੂਨ ਕੇਵਲ ਪਾਸਲਾ ਦੀਆਂ ਰਗਾਂ ਵਿਚ ਹੀ ਨਹੀਂ ਦੌੜਦਾ ਸਗੋਂ ਅੱਖਾਂ ਵਿਚੋਂ ਵੀ ਟਪਕਦਾ ਹੈ, ਉਨ੍ਹਾਂ ਅੱਖਾਂ ਵਿਚ ਜਿਨ੍ਹਾਂ ਅੱਖਾਂ ਵਿਚ 'ਬੇਗਮਪੁਰੇ' ਦਾ ਸੁਪਨਾ ਵੱਸਿਆ ਹੋਇਆ ਹੈ। ਇਹੋ ਖ਼ੂਨ ਉਹਦੀ ਕਵਿਤਾ ਵਿਚ ਡਲ੍ਹਕਦਾ ਨਜ਼ਰ ਆਉਂਦਾ ਹੈ।

ਇਹ ਕਵਿਤਾ ਦੁਖੀਆਂ, ਦਲਿਆਂ-ਮਲਿਆਂ ਦੇ ਦੁੱਖਾਂ ਦੀ ਦਾਸਤਾਂ ਹੈ, ਪਰ ਦੁੱਖ ਪੈਦਾ ਨਹੀਂ ਕਰਦੀ ਸਗੋਂ ਦੁੱਖ ਨਾਲ ਲੜਨ ਦਾ ਜੇਰਾ ਦਿੰਦੀ ਹੈ ਤੇ ਦੁਖ ਤੋਂ ਪਾਰ ਜਾਣ ਦਾ ਰਾਹ ਦੱਸਦੀ ਹੈ। ਇਹ ਵੇਦਨਾ ਦੀ ਨਹੀਂ ਸੰਵੇਦਨਾ ਦੀ ਸ਼ਾਇਰੀ ਹੈ। ਦੁੱਖ ਤੋਂ ਪਾਰ ਜਾਣ ਦਾ ਇਹ ਰਾਹ ਬੜਾ ਲੰਮਾਂ ਤੇ ਬਿਖੜਾ ਹੈ। ਇਸ ਰਾਹ 'ਤੇ ਰੋੜ, ਕੰਡੇ, ਸੂਲਾਂ ਤੇ ਸੂਲੀਆਂ ਹਨ। ਪਾਸਲਾ ਦੀ ਕਵਿਤਾ ਵੀ ਇਨ੍ਹਾਂ ਦੁਰਗਮ ਰਸਤਿਆਂ ਦੀ ਨਿਸ਼ਾਨਦੇਹੀ ਕਰਦੀ ਤੁਹਾਡੇ ਨਾਲ ਤੁਰਦੀ ਹੈ, ਤੁਹਾਨੂੰ ਆਪਣੇ ਨਾਲ ਤੋਰਦੀ ਹੈ, ਆਪਣੇ ਨਾਲ ਜੋੜਦੀ ਹੈ। ਕਵਿਤਾ ਕਈ ਦਿਸ਼ਾਵਾਂ ਵਿਚ ਫ਼ੈਲਦੀ, ਕਈ ਹਨੇਰੀਆਂ ਨੁੱਕਰਾਂ ਰੁਸ਼ਨਾਉਂਦੀ ਪਾਠਕ ਦੀ ਚੇਤਨਾ ਨੂੰ ਹਲੂਣਦੀ ਹੈ, ਵੰਗਾਰਦੀ ਹੈ। ਇਸ ਸਾਰੇ ਕਾਵਿਕ ਸਫ਼ਰ ਨੂੰ ਇੱਕੋ ਝਾਤ ਵਿਚ ਵੇਖਣਾ ਹੋਵੇ ਤਾਂ 'ਆਜ਼ਾਦੀ' ਕਵਿਤਾ ਦਾ ਪਾਠ ਕਰ ਵੇਖੋ:-

ਆਜ਼ਾਦੀ ਦਾ ਪੈਗ਼ਾਮ,<br>
ਦਾਂਤੇਵਾੜਾ ਤੋਂ ਹੁੰਦਾ ਹੋਇਆ,<br>
ਗੁਜਰਾਤ ਦਾ ਸਫਰ ਕਰਕੇ<br>
ਪੰਜਾਬ ਆਣ ਪੁੱਜਾ ਹੈ।<br>
ਜਿਥੇ ਰੋਜ਼ ਹੀ ਗੁਰੂ ਦੇ ਸਿੰਘ<br>
ਜਿਨ੍ਹਾਂ ਬੇਦਾਵਾ ਨਹੀਂ ਪਾੜਿਆ<br>
ਸੜਕਾਂ ਤੇ ਆਜ਼ਾਦੀ ਦੇ ਮਰਸੀਏ ਪੜ੍ਹਦੇ<br>
ਤੇ ਕਿਰਤ ਦੀ ਜਿੱਤ ਦੇ ਗੀਤ ਗਾਉਂਦੇ ਹਨ।<br>
ਰਾਮ ਦੇ ਬਸਤਰ<br>
ਰਾਵਣ ਨੇ ਪਾ ਲਏ ਨੇ।<br>
ਬਾਨਰ ਸੈਨਾ ਦੇ ਸਿਪਾਹੀ<br>
ਲੱਗਦਾ ਹੈ ਧੋਖਾ ਖਾ ਗਏ ਨੇ।<br>
ਲੰਕਾ ਦਹਿਨ ਦੀ ਥਾਂ ਤਾਹੀਓਂ ਤਾਂ....<br>
ਅਯੁਧਿਆ ਨੂੰ ਖੰਡਰ ਬਨਾਉਣ ਦੀ ਚਿੰਤਾ ਹੈ ਉਨ੍ਹਾਂ ਨੂੰ।<br>
ਆਜ਼ਾਦੀ-<br>
ਜਿੱਥੇ ਹਰ ਕੋਈ 'ਬੇਗ਼ਮਪੁਰੇ' ਦਾ ਵਾਸੀ ਹੋਏਗਾ।

ਕਵਿਤਾ ਵਿਚ ਮਿਥਿਹਾਸ, ਇਤਿਹਾਸ ਤੇ ਵਰਤਮਾਨ ਵਿਚ ਲੜੇ ਜਾ ਰਹੇ ਸੰਘਰਸ਼ਾਂ ਦਾ ਕਾਵਿਕ ਬਿਆਨ ਹੈ।

ਇਹ ਕਵਿਤਾ ਮਨ ਤੋਂ ਤਨ, ਤਨ ਤੋਂ ਜਨ ਤੇ ਜਨ ਤੋਂ ਜਨ-ਜਨ ਦੀ ਹੋਣੀ ਤੇ ਹਸਤੀ ਨੂੰ ਕਲਾਵੇ ਵਿਚ ਲੈਂਦੀ ਹੈ। ਇਹ ਕਵਿਤਾ ਆਪਣੇ ਘਰ ਦੀ ਅੱਗ ਨੂੰ ਹੀ ਨਹੀਂ ਸਗੋਂ ਕੋਠੇ 'ਤੇ ਚੜ੍ਹ ਕੇ ਘਰ ਘਰ ਬਲਦੀ ਅੱਗ ਦੀਆਂ ਲਾਟਾਂ ਨੂੰ ਵੇਖਦੀ ਹੈ। ਲੋਕਾਈ ਦੇ ਬਲਦੇ ਦਿਲਾਂ ਤੇ ਦੁੱਖਾਂ ਦੇ ਦਰਦ ਵਿਚ ਭਿੱਜਦੀ ਲਾਟਾਂ 'ਤੇ ਬਾਰਸ਼ ਬਣ ਕੇ ਵਰ੍ਹਦੀ ਹੈ। ਭਾਵੇਂ ਇਸ ਵਰ੍ਹਣ ਵਿਚ ਉਸ ਚਿੜੀ ਦੀ ਚੁੰਝ ਜਿੰਨਾਂ ਕਤਰਾ ਕੁ ਪਾਣੀ ਹੀ ਕਿਉਂ ਨਾ ਹੋਵੇ, ਜੋ ਬਲਦੇ ਜੰਗਲ ਦੀ ਅੱਗ ਨੂੰ ਬੁਝਾਉਣ ਲਈ ਆਪਣਾ ਹਿੱਸਾ ਪਾ ਰਹੀ ਸੀ। ਜੰਗਲ ਦੀ ਅੱਗ ਨਿਰਸੰਦੇਹ ਚਿੜੀ ਦੇ ਚੁੰਝ ਜਿੰਨੇ ਕਤਰਾ ਕੁ ਪਾਣੀ ਨਾਲ ਨਹੀਂ ਬੁਝਣੀ ਪਰ ਇਹ ਕਵਿਤਾ ਇਹ ਵੀ ਜਾਣਦੀ ਹੈ ਕਿ ਕਤਰਾ-ਕਤਰਾ ਮਿਲ ਕੇ ਹੀ ਦਰਿਆ ਬਣਦਾ ਹੈ। ਪਰ ਇਸ 'ਦਰਿਆਈ ਪਾਣੀ' ਵਿਚ ਦ੍ਰਿੜ੍ਹਤਾ ਹੈ, ਅਜ਼ਮ ਹੈ, ਪ੍ਰਤੀਬੱਧਤਾ ਹੈ, ਵਸਲੋਂ ਉਰੇ ਕਿਸੇ ਵੀ ਮੁਕਾਮ 'ਤੇ ਨਾ ਰੁਕਣ ਦਾ ਬੁਲੰਦ ਆਸ਼ਾਵਾਦ ਹੈ। ਲੋਕਾਈ ਦੇ ਦੁੱਖਾਂ ਵਿਚ ਬਲਦੀ ਹੋਈ ਮੋਮਬੱਤੀ ਦੇ ਨਾਲ ਨਾਲ ਪਿਘਲਦੀ ਮੋਮ ਵਾਂਗ ਢਲਦੀ ਇਹ ਕਵਿਤਾ ਆਪਣੇ ਬੁਝਣ ਜਾਂ ਮੁੱਕਣ ਤੋਂ ਪਹਿਲਾਂ ਆਪਣੇ ਪਾਠਕਾਂ ਦੇ ਮਨਾਂ ਵਿਚ ਚਾਨਣ ਦੀ ਲੀਕ ਛੱਡ ਜਾਂਦੀ ਹੈ। ਇਸ ਕਵਿਤਾ ਵਿਚ ਦਰਦ ਹੈ, ਵੈਰਾਗ ਹੈ, ਰੰਜ ਹੈ, ਰੋਹ ਵੀ ਹੈ ਤੇ ਵਿਦਰੋਹ ਵੀ ਹੈ। ਸਥਾਪਤੀ ਦੇ ਹਿੱਕ ਦੇ ਧੱਕਿਆਂ, ਧੋਖਿਆਂ ਅੱਗੇ ਇਹ ਕਵਿਤਾ ਹਿੱਕ ਡਾਹ ਕੇ ਲੜਨ ਦਾ ਕਾਵਿਕ ਸੁਨੇਹਾ ਹੈ।

ਕਿਸਨੂੰ ਲੱਭਦੇ ਹੋ ਤੁਸੀਂ?<br>
ਹਰ ਸਮੇਂ ਤਲਵਾਰ ਚੁੱਕੀ ਫਿਰਦੇ ਹੋ।<br>
ਲੱਗਦਾ ਆਪਣੀ ਛਾਂ ਤੋਂ ਵੀ ਡਰਦੇ ਹੋ।<br>
ਸੁਣੋ! ਨਾ ਅਸੀਂ ਕਦੀ ਮਰੇ ਨਾ ਮੁੱਕੇ ਹਾਂ,<br>
ਸੂਰਜ ਵਾਂਗ ਦਗਦੇ ਹਾਂ।<br>
ਦਰਿਆ ਦੇ ਪਾਣੀ ਦੀ ਤਰ੍ਹਾਂ ਨਿਰੰਤਰ ਵੱਗਦੇ ਹਾਂ।<br>
ਗਰਜਦੀਆਂ ਤੋਪਾਂ ਸਾਹਮਣੇ,<br>
ਮੈਦਾਨੇ ਜੰਗ 'ਚ ਖੜ੍ਹੇ ਹਾਂ।<br>
ਹਾਰਾਂਗੇ, ਜਿੱਤਾਂਗੇ।<br>
ਹਾਰ ਕੇ ਵੀ ਜਿੱਤ ਦੇ ਗੀਤ ਗਾਵਾਂਗੇ।

ਵੱਡੀ ਗੱਲ ਇਹ ਹੈ ਕਿ ਕਵਿਤਾ ਮਹਿਜ਼ ਵਿਚਾਰਾਂ ਦਾ ਢੰਡੋਰਾ ਨਹੀਂ, ਬਣਦਾ-ਫੱਬਦਾ ਕਾਵਿਕ ਹੁਸਨ ਲੈ ਕੇ ਵੀ ਨਮੂਦਾਰ ਹੁੰਦੀ ਹੈ। ਕਾਵਿਕ-ਬਿੰਬਾਂ ਦੀ ਸੁਹਜੀਲੀ ਜੜਤ ਨਾਲ ਸ਼ਿੰਗਾਰੀ ਕਵਿਤਾ ਦੀਆਂ ਕਈ ਉਦਾਹਰਣਾ ਦਿੱਤੀਆਂ ਜਾ ਸਕਦੀ ਹਨ। ਇੱਕ ਨਮੂਨਾ ਹਾਜ਼ਰ ਹੈ।

ਤਦ ਕਿਲ੍ਹੇ ਤੇ<br>
ਮੁਸਲੇਧਾਰ ਸੰਧੂਰੀ ਮੀਂਹ ਵੱਸੇਗਾ।<br>
ਹੁੰਮਸ ਦੂਰ ਹੋਵੇਗੀ,<br>
ਭਾਈ ਲਾਲੋ ਨੱਚੇਗਾ।<br>
ਔਰੰਗਜ਼ੇਬੀ ਕਟਾਰ<br>
ਸਿਰ-ਧੜ ਵਿਚ ਲੀਕ ਨਹੀਂ ਪਾ ਸਕੇਗੀ।

ਕਲਾ ਦੇ ਦਾਇਰੇ 'ਚੋਂ ਬਾਹਰ ਨਿਕਲਣ ਵਾਲਾ ਕੋਈ ਨਾਅਰ੍ਹਾ ਨਹੀਂ, ਕੋਈ ਲਲਕਾਰਾ ਨਹੀਂ। ਆਸ਼ਾਵਾਦ ਦਾ ਕਾਵਿਕ ਹੁਲਾਰਾ ਦਿੰਦੀ ਕਵਿਤਾ।

ਇਹ ਕਵਿਤਾ ਲੋਕ-ਮਨਾਂ ਵਿਚ ਵਾਇਰਸ ਵਾਂਗ ਘਰ ਚੁੱਕੀ ਅੰਨ੍ਹੀ ਧਾਰਮਿਕਤਾ ਦੇ ਖ਼ਿਲਾਫ਼ ਕਾਵਿਕ ਆਵਾਜ਼ ਹੈ। ਇਹ ਆਵਾਜ਼ ਬੰਦੇ ਦੀ ਖ਼ੁਦੀ ਨੂੰ ਬੁਲੰਦ ਕਰਨ ਦਾ ਸਹਿਜ ਸੁਨੇਹਾ ਹੈ।

ਸੰਖ ਵਜਾਈ ਜਾਵੋ ਨਾਲ ਹੀ, ਲੱਖ ਕਰੋ ਅਰਜੋਈਆਂ ਭਾਵੇਂ,<br>
ਛੱਪਰ ਪਾੜ ਕੇ ਆਪਣੇ ਆਪ ਹੀ, ਸੁਟਦਾ ਨਹੀਂ 'ਕਰਤਾਰ' ਕਦੀ<br>
ਉਡਦਾ ਪੰਛੀ ਥੱਕਾ ਟੁਟਾ, ਪਹੁੰਚ ਟਿਕਾਣੇ ਜਾਊ ਇਕ ਦਿਨ,<br>
ਤੇਜ਼ ਹਵਾਵਾਂ ਰੋਕ ਨਾ ਸਕਣ, ਸਿਰੜੀ ਦੀ ਰਫਤਾਰ ਕਦੀ।

ਧਰਮ ਜਦੋਂ ਦਿਲਾਂ 'ਚੋਂ ਨਿਕਲ ਕੇ ਸਿਰਾਂ 'ਤੇ ਸਵਾਰ ਹੋ ਜਾਂਦਾ ਹੈ ਤਾਂ ਸਿਰਾਂ 'ਚੋਂ ਚਾਨਣ ਦੌੜ ਜਾਂਦਾ ਹੈ, ਹਨੇਰਾ ਘਰ ਕਰ ਜਾਂਦਾ ਹੈ। ਹਨੇਰੇ ਮਨਾਂ ਨੂੰ ਇਮਾਰਤਾਂ ਦੇ ਦਰਸ਼ਨ ਕਰਾਏ ਜਾ ਸਕਦੇ ਨੇ ਪਰ ਕਦੇ ਸੱਚ ਦੇ ਦਰਸ਼ਨ ਨਹੀਂ ਹੋ ਸਕਦੇ। ਕਵੀ ਨੇ ਅਯੁਧਿਆ ਜਾਂ ਗੁਰਧਾਮਾਂ ਦੀ ਯਾਤਰਾ ਦੇ ਧਾਰਮਿਕ ਪਾਖੰਡਵਾਦ ਨੂੰ ਖ਼ੂਬਸੂਰਤ ਕਾਵਿਕ ਨੁਹਾਰ ਦਿੰਦਿਆਂ ਲਿਖਿਆ ਹੈ:

ਜੀਅ ਤਾਂ ਮੇਰਾ ਵੀ ਕਰਦਾ ਸੀ,<br>
ਸੰਗੀਆਂ ਸੰਗ ਯਾਤਰਾ 'ਤੇ ਜਾਵਾਂ।<br>
'ਮੁੰਜ ਵੱਟਣ' ਤੇ ਨਾਲੇ ਦੇਵੀ ਦੇ ਦਰਸ਼ਨਾਂ ਵਾਲੀ ਗੱਲ ਆ।<br>
ਰਾਜੇ ਦੀ ਕ੍ਰਿਪਾ<br>
ਗੱਡੀਆਂ ਭਰ-ਭਰ ਜਾਂਦੀਆਂ ਨੇ ਗੁਰੂ ਦੇ ਦਰਸ਼ਨਾਂ ਲਈ।<br>
ਪਰ ਸੁਣਿਆ ਹੈ<br>
ਗੁਰੂ ਤਾਂ ਉਥੋਂ ਚਲੇ ਗਏ ਹਨ<br>
ਵਿਹਲੇ ਬਹਿਣਾ ਉਨ੍ਹਾਂ ਦਾ ਕੰਮ ਨਹੀਂ।<br>
ਕਿੱਧਰੇ ਲਾਲੋ ਤੇ ਭਾਗੋ ਦਾ ਪੰਗਾ,<br>
ਕਿਤੇ ਹਿੰਦੂ-ਮੁਸਲਿਮ ਦੰਗਾ।<br>
ਰੋਕ ਰਿਹਾ ਹੋਣਾ ਗੁਰੂ ਸਾਡਾ।<br>
ਜੇਲ੍ਹਾਂ ਦੀਆਂ ਚੱਕੀਆਂ ਵਿਚ<br>
'ਸੱਜਣਾ' ਦੀਆਂ ਠੱਗੀਆਂ ਨਾਲ,<br>
ਖੈਹ ਰਿਹਾ ਹੋਣਾ ਗੁਰੂ ਸਾਡਾ<br>
ਬੰਦੇ ਬਹਾਦਰ ਨੂੰ ਹੌਂਸਲਾ ਦੇ ਰਿਹਾ ਹੋਵੇਗਾ।<br>
ਬਸ ਕਿਤੇ ਸੱਚ ਦੀ ਬਾਣੀ<br>
ਉਚਰਦਾ ਹੋਵੇਗਾ ਗੁਰੂ ਸਾਡਾ।<br>
ਇਹ ਯਾਤਰਾ ਕਿਸੇ ਬੁੱਢੇ ਦੀ ਪੈਨਸ਼ਨ ਦੀ ਕਟੌਤੀ<br>
ਜਾਂ ਮਰ ਰਹੇ ਬੱਚੇ ਦੀ ਦਵਾ ਦੇ ਘਪਲੇ 'ਚੋਂ ਨਿਕਲੀ ਜਾਪਦੀ ਹੈ<br>
ਇਨ੍ਹਾਂ ਵਿਚ ਕਿਸਾਨ ਸਿਰ ਚੜ੍ਹੇ ਕਰਜ਼ ਦੀਆਂ ਕਿਸ਼ਤਾਂ ਨਜ਼ਰ ਆਉਂਦੀਆਂ ਹਨ।

ਪਾਸਲਾ ਨੇ ਭਾਵੇਂ ਪਿੰਗਲ ਦੀ ਬਾਕਾਇਦਾ ਸਿੱਖਿਆ ਨਾ ਵੀ ਲਈ ਹੋਵੇ, ਤਦ ਵੀ ਉਹਨੂੰ ਤੋਲ-ਤੁਕਾਂਤ, ਬਹਿਰ ਤੇ ਵਜ਼ਨ ਦੀ ਸੋਝੀ ਹੈ। ਭਾਵੇਂ ਉਹ ਸੁਰਜੀਤ ਪਾਤਰ ਵਾਂਗ ਇਹ ਦਾਅਵਾ ਨਹੀਂ ਕਰਦਾ ਤਦ ਵੀ ਕਿਹਾ ਜਾ ਸਕਦਾ ਹੈ ਕਿ ਉਹ ਜਿਹੜੀਆਂ 'ਗ਼ਜ਼ਲ-ਨੁਮਾ' ਕਵਿਤਾਵਾਂ ਲਿਖਦਾ ਹੈ, ਉਹ ਖ਼ੂਨ ਵਿਚ ਡੁੱਬ ਕੇ ਹੀ ਲਿਖੀਆਂ ਗਈਆਂ ਹਨ।

ਇਹ ਕਵਿਤਾ ਜ਼ਮੀਨ ਤੋਂ ਲੈ ਕੇ ਅਸਮਾਨ ਤੱਕ ਫ਼ੈਲਦੀ ਹੈ। ਘਰ-ਪਰਿਵਾਰ ਤੋਂ ਲੈ ਕੇ ਸਮੁੱਚੇ ਸੰਸਾਰ ਨੂੰ ਨਜ਼ਰ ਗੋਚਰੇ ਰੱਖਦੀ ਹੈ। ਪੰਜਾਬ, ਗੁਜਰਾਤ, ਕਸ਼ਮੀਰ, ਦਿੱਲੀ, ਦਾਂਤੇਵਾੜਾ ਨਾਲ ਸੰਵਾਦ ਰਚਾਉਂਦੀ ਇਹ ਕਵਿਤਾ ਸ਼ਿਕਾਗੋ, ਫ਼ਲਸਤੀਨ, ਬਰਲਿਨ, ਪੈਰਿਸ, ਲੰਡਨ ਉਤੋਂ ਗੇੜਾ ਕੱਢ ਕੇ ਆਉਂਦੀ ਹੈ, ਰਾਹ ਵਿਚ ਮਿਲਣ ਵਾਲੇ ਕਿਸੇ ਦੇ ਜ਼ਖ਼ਮਾਂ ਨੂੰ ਸਹਿਲਾਉਂਦੀ ਹੈ, ਮਰ੍ਹਮ ਲਾਉਂਦੀ ਹੈ, ਕਿਸੇ ਰੋਂਦੇ ਨੂੰ ਵਰਾਉਂਦੀ ਹੈ, ਹਸਾਉਂਦੀ ਹੈ, ਭਰਮ-ਭੁਲੇਖਿਆ ਵਿਚ ਪਿਆਂ ਨੂੰ ਸਮਝਾਉਂਦੀ ਹੈ, ਸ਼ੀਂਹ ਰਾਜਿਆਂ ਤੇ ਕੁੱਤੇ ਮੁਕੱਦਮਾਂ ਨੂੰ ਸ਼ੀਂਹ ਤੇ ਕੁੱਤੇ ਕਹਿ ਕੇ ਉਨ੍ਹਾਂ ਦੇ ਵੱਲੋਂ ਕੀਤੇ ਅਨਿਆਇ ਖ਼ਿਲਾਫ਼ ਧੁਖਦੇ ਰੋਹ ਨੂੰ ਮਚਾਉਂਦੀ ਹੈ, ਭਾਗੋਆਂ, ਲਾਲੋਆਂ, 'ਸੱਜਣਾਂ' ਤੇ ਕੌਡਿਆਂ ਨੂੰ 'ਬੰਦਾ' ਬਣਾਉਂਦੀ ਹੈ ਤੇ ਨਾਲ ਦੇ ਨਾਲ ਮੁਹੱਬਤ ਦਾ ਗੀਤ ਵੀ ਗਾਉਂਦੀ ਹੈ। ਇਸੇ ਤੋਂ ਪ੍ਰੇਰਨਾ ਲੈ ਕੇ ਮਜ਼ਦੂਰ ਕੁੜੀ ਦਾ ਗੀਤ ਗਾਉਣ ਲੱਗਦੀ ਹੈ।

ਜਦ ਦਿਨ ਦੀ ਉਮਰ ਹੰਢਾ ਕੇ, ਮੈਂ ਘਰ ਆਥਣ ਵੇਲੇ ਮੁੜਦੀ ਹਾਂ<br>
ਕਾਗਜ਼ ਦੇ ਟੁੱਕੜੇ ਅੱਗ ਵਰਗੇ, ਹੱਥਾਂ 'ਚ ਉਠਾ ਕੇ ਤੁਰਦੀ ਹਾਂ<br>
ਇਹ ਨੈਣ ਬਣੇ ਮਤਵਾਲੇ ਨੇ, ਕੁੱਝ ਲੋਕਾਂ ਨੂੰ ਕਹਿੰਦੇ ਸੁਣਿਆ ਮੈਂ<br>
ਕਾਲਖ ਦੇ ਵਣਜਾਰੇ ਕੀ ਜਾਨਣ, ਹਨ ਅੱਥਰੂ ਜੋ ਨੈਣਾਂ 'ਚ ਭਰਦੀ ਹਾਂ<br>
ਗੱਲ ਕਰਦੇ ਹੋ ਕਿਹਨਾਂ ਸੱਸੀਆਂ ਦੀ, ਕਿਸ ਸੋਹਣੀ ਦੇ ਘੜਿਆਂ ਦੀ<br>
ਮੈਂ ਵਿਚ ਝਨਾਂ ਦੇ ਤਪਦੀ ਹਾਂ, ਤੇ ਮਾਰੂਥਲ 'ਚ ਠਰਦੀ ਹਾਂ<br>
ਓਹ ਮੇਰੇ ਸ਼ਹਿਰ ਦਿਓ ਲੋਕੋ, ਕਿਉਂ ਮੈਥੋਂ ਨਫ਼ਰਤ ਕਰਦੇ ਹੋ<br>
ਤੁਸੀਂ ਜਿਸ ਨੂੰ ਜ਼ਿੰਦਗੀ ਕਹਿੰਦੇ ਹੋ, ਸੱਚਮੁੱਚ ਮੈਂ ਉਸਦੇ ਵਰਗੀ ਹਾਂ

ਇੰਝ ਪਾਸਲਾ ਜ਼ਿੰਦਗੀ ਨੂੰ ਕਵਿਤਾ ਬਣਾ ਦਿੰਦਾ ਹੈ ਤੇ ਫੇਰ ਸਵਾਲ ਵੀ ਖੜਾ ਕਰਦਾ ਹੈ ਕਿ ਕੀ ਇਹੋ ਹੀ ਜ਼ਿੰਦਗੀ' ਹੈ?

ਕਵਿਤਾ ਸਵਾਲ-ਦਰ-ਸਵਾਲ ਖੜੇ ਕਰਦੀ ਹੈ, ਜਿਨ੍ਹਾਂ ਦੇ ਜਵਾਬ ਲੰਮੇ ਸੰਘਰਸ਼ ਵਿਚ ਪਏ ਹਨ। ਕਵਿਤਾ ਨੂੰ ਹੁਸੀਨ ਜ਼ਿੰਦਗੀ ਵਿਚ ਤਬਦੀਲ ਕਰਨ ਲਈ ਲੰਮਾ ਯੁਧ ਲੜਨਾ ਪੈਣਾ ਹੈ; ਵਿਚਾਰ ਦੇ ਪੱਧਰ 'ਤੇ , ਅਮਲ ਦੇ ਪੱਧਰ 'ਤੇ। ਹਕੀਕਤ ਨੂੰ ਪੜਚੋਲ ਕੇ, ਪੜਤਾਲ ਕੇ।

ਚੌਂਕ 'ਚ ਮਜ਼ਮਾ ਲਾ ਕੇ<br>
ਦੁਆਈਆਂ ਵੇਚਣ ਵਾਲੇ ਦਾ ਜਾਦੂਈ ਪ੍ਰਚਾਰ,<br>
ਮਜ਼ੇਦਾਰ ਤਾਂ ਹੈ ਪਰ.....<br>
ਵਿਸ਼ਵਾਸ਼ ਕਰਨ ਯੋਗ ਨਹੀਂ ਹੈ।<br>
ਕੋਈ ਮਦਾਰੀ ਝੁਰਲੂ ਨਾਲ<br>
ਕੱਪੜਿਆਂ ਦੇ ਢੇਰ ਕਿਵੇਂ ਲਾ ਸਕਦਾ ਹੈ?<br>
ਦਿਲ ਪ੍ਰਚਾਵਾ ਚੰਗਾ,<br>
ਪਰ ਨਿਰੀ ਹੱਥ ਦੀ ਸਫ਼ਾਈ ਹੈ।<br>
ਜੋ ਸਾਡੇ ਹਮਸਾਇਆਂ ਨੂੰ<br>
ਕਦੀ ਰਾਸ ਨਾ ਆਈ ਹੈ।<br>
ਗੰਗਾ ਜਮਨਾ ਦਾ<br>
ਆਪਣਾ ਇਤਿਹਾਸ ਤਾਂ ਹੈ....<br>
ਇਨ੍ਹਾਂ ਦੀ ਗੋਦ ਵਿਚ<br>
ਭਲਿਆਂ ਬੁਰਿਆਂ,<br>
ਕਾਤਲ ਦਿਆਂ ਛੁਰਿਆਂ,<br>
ਮਾਸੂਮਾਂ ਦੀਆਂ ਆਹਾਂ,<br>
ਤੇ ਬੇਤਰਸ ਬਾਦਸ਼ਾਹਾਂ<br>
ਸਭ ਨੇ ਡੁਬਕੀ ਲਾਈ ਹੈ,<br>
ਤਾਂਹੀਓਂ ਤਾਂ ਗੰਗਾ ਮਾਈ ਹੈ।<br>
ਹੁਣ ਤਾਂ ਝੁਰੜੀਆਂ ਵਾਲੀ ਮਾਂ ਦੇ ਮੂੰਹੋਂ,<br>
ਰੱਤ ਵਿਹੂਣੇ ਪੁੱਤ,<br>
ਤੇ ਜੋਬਨ ਰੁੱਤੇ ਮਰੀਅਲ ਜਿਹੀ ਧੀ ਦੇ<br>
ਦਰਦ ਸੁਣਨ ਦਾ ਸਮਾਂ ਹੈ,<br>
ਭੁੱਖੇ ਪੇਟ ਭਰਨ ਲਈ ਯੁੱਧ ਕਰਨ ਦਾ ਸਮਾਂ ਹੈ।

ਕੁਝ ਥਾਈਂ ਪਾਸਲਾ ਦੇ ਵਧੀਆ ਗੀਤਕਾਰ ਹੋਣ ਦਾ ਝਲਕਾਰਾ ਵੀ ਮਿਲਦਾ ਹੈ। ਜੰਮੂ ਵਿਚ ਬੇਟੀ ਆਫ਼ਿਸਾ ਨਾਲ ਹੋਏ ਬਲਾਤਕਾਰ ਤੇ ਕਤਲ ਦੀ ਦਰਦਾਂਦੀ ਪੀੜ ਨੂੰ ਜਿਵੇਂ ਉਹਨੇ ਵੈਰਾਗਮਈ ਸ਼ਬਦਾਂ ਵਿਚ ਬੰਨ੍ਹਿਆ ਹੈ, ਉਸਨੂੰ ਪੜ੍ਹਦਿਆਂ ਮਨ ਦ੍ਰਵ ਜਾਂਦਾ ਹੈ। ਆਪਾ ਤਰਲਾਇਆ ਜਾਂਦਾ ਹੈ। ਅੱਖਾਂ ਵਿਚ ਚੰਗਿਆੜਿਆਂ ਵਰਗੇ ਹੰਝੂ ਡਲਕਣ ਲੱਗਦੇ ਹਨ। ਇਹੋ ਹੀ ਕਵਿਤਾ ਦੀ ਤਾਕਤ ਹੁੰਦੀ ਹੈ।

ਇਹ ਕਵਿਤਾ ਟੁੱਕੀਆਂ ਜੀਭਾਂ ਦੀ ਆਵਾਜ਼ ਹੈ, ਟੁੰਡੀਆਂ ਬਾਹਾਂ ਅੱਗੇ ਗੁੱਸੇ ਵਿਚ ਮੀਚੀ ਮੁਠੀ ਬਣ ਕੇ ਜੁੜਿਆ ਹੱਥ ਹੈ, ਗਿਆਨ-ਵਿਹੂਣੀ ਅੰਨ੍ਹੀ ਰਈਅਤ ਦੀਆਂ ਅੱਖਾਂ ਵਿਚ ਨੂਰ ਬਣ ਕੇ ਲਿਸ਼ਕਦਾ ਚਾਨਣ ਹੈ।

ਇਹ ਪੁਰਨੂਰ ਕਵਿਤਾ ਹੈ।

ਸੌ ਹੱਥ ਰੱਸਾ ਸਿਰੇ 'ਤੇ ਗੰਢ! ਪਾਸਲਾ ਦੀ ਕਵਿਤਾ ਵਿਚ ਸੁਨੇਹਾ ਤਾਂ ਹੈ, ਪਰ ਬੜਾ ਸਹਿਜ ਹੈ, ਸੁਭਾਵਕ ਹੈ, ਕਾਵਿਕ ਹੈ। ਇਸ ਵਿਚੋਂ ਉਹਦੀ ਸਮੁੱਚੀ ਸ਼ਖ਼ਸੀਅਤ ਦਾ ਝਲਕਾਰਾ ਪੈਂਦਾ ਹੈ। ਉਹਦੀ ਸੰਵੇਦਨਸ਼ੀਲਤਾ ਬੋਲਦੀ ਹੈ ਤੇ ਸੱਚ ਬੋਲਦੀ ਹੈ। ਸੁੱਚਾ ਬੋਲਦੀ ਹੈ, ਸੁਥਰਾ ਬੋਲਦੀ ਹੈ। 'ਸੱਚ ਸੁਣਾਇਸੀ ਸੱਚ ਕੀ ਬੇਲਾ!' ਦਾ ਸੁਨੇਹਾ ਦਿੰਦੀ ਇਸ ਕਵਿਤਾ ਦਾ ਭਰਪੂਰ ਸੁਆਗਤ ਹੈ।

***ਪਾਸਲਾ ਏਨਾ ਮੋਹ-ਖ਼ੋਰਾ ਹੈ ਕਿ ਮੈਂ ਜਦੋਂ ਵੀ ਕਨੇਡਾ ਤੋਂ ਪੰਜਾਬ ਜਾਂਦਾ ਹਾਂ ਤਾਂ ਉਹ ਪਤਾ ਲੱਗਦੇ ਸਾਰ ਮਿਲਣ ਭੱਜਾ ਆਉਂਦਾ ਹੈ। ਕਨੇਡਾ ਆਵੇ ਤਾਂ ਮਿਲੇ ਬਿਨਾਂ ਨਹੀਂ ਜਾਂਦਾ। ਸਾਡੀਆਂ ਗੱਲਾਂ ਵੀ ਬਹੁਤੀਆਂ ਪਰਿਵਾਰਕ ਜਾਂ ਨਿੱਜੀ ਹੁੰਦੀਆਂ ਨੇ, ਜਿਨ੍ਹਾਂ ਵਿਚ ਅਪਣੱਤ ਤੇ ਮੋਹ ਦੀ ਚਾਸ਼ਨੀ ਘੁਲੀ ਹੁੰਦੀ ਹੈ। ਮੈਂ ਉਹਦੀ ਸ਼ਖ਼ਸੀਅਤ ਦੇ ਹੁਸਨ ਦਾ ਦਿਲ-ਦਾਦਾ ਹਾਂ। ਮੇਰੇ ਨਾਲ ਉਹ ਦਿਲ ਦੀਆਂ ਗੱਲਾਂ ਕਰ ਲੈਂਦਾ ਹੈ। ਕਦੀ ਕਦੀ ਤਾਂ ਉਹ ਆਪਣੇ ਪਿਛੋਕੜ, ਬਚਪਨ, ਵਿਧਵਾ ਮਾਂ ਦੇ ਦੁੱਖ ਤੇ ਸੰਘਰਸ਼ ਦੀ ਦਾਸਤਾਨ ਛੂੰਹਦਾ ਭਾਵੁਕ ਤੇ ਤਰਲ ਹੋ ਜਾਂਦਾ ਹੈ। ਉਹਨੇ ਜਦੋਂ ਆਪਣੀ ਮਾਂ ਨਾਲ ਜੁੜੀ ਇੱਕ ਤਰਲ-ਗਾਥਾ ਸੁਣਾਈ ਤਾਂ ਮੈਂ ਉਹਨੂੰ ਵੱਡੇ ਭਰਾਵਾਂ ਵਾਂਗ 'ਹੁਕਮ' ਲਾ ਦਿੱਤਾ ਕਿ ਉਹ ਇਸ ਘਟਨਾ ਨੂੰ ਅੱਖ਼ਰੀ ਜਾਮਾ ਪਹਿਨਾਵੇ। ਜਦ ਉਸਨੇ ਉਹ ਘਟਨਾ ਲਿਖਤੀ ਸ਼ਬਦਾਂ ਵਿਚ ਬਿਆਨ ਕੀਤੀ ਤਾਂ ਸੁਹਜੀਲੀ ਵਾਰਤਕ ਦਾ ਪ੍ਰਮਾਣਿਕ ਨਮੂਨਾ ਬਣ ਕੇ ਲਿਸ਼ਕ ਪਈ।***

# ਕੌਮਾਂਤਰੀ ਵਿਦਿਆਰਥੀ: ਮੁਸ਼ਕਿਲਾਂ-ਦਰ-ਮੁਸ਼ਕਿਲਾਂ

***ਕੈਨੇਡਾ ਵੱਸਦੀ ਉਘੀ ਲੇਖਕ ਅਤੇ ਕਾਰਕੁਨ ਪਰਮਿੰਦਰ ਕੌਰ ਸਵੈਚ ਨੇ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਤੋਂ ਇਲਾਵਾ ਕੌਮਾਂਤਰੀ ਮਸਲੇ ਉਭਾਰਨ ਵਿਚ ਬੜਾ ਅਹਿਮ ਰੋਲ ਨਿਭਾਇਆ ਹੈ। ਉਨ੍ਹਾਂ ਵੱਖ-ਵੱਖ ਚਲੰਤ ਮਸਲਿਆਂ ਬਾਰੇ ਨਾਟਕ ਲਿਖੇ ਅਤੇ ਪੇਸ਼ ਵੀ ਕੀਤੇ। ਹਾਲ ਹੀ ਵਿਚ ਉਨ੍ਹਾਂ ਦੀਆਂ ਦੋ ਕਿਤਾਬਾਂ ਛਪੀਆਂ ਹਨ; ਇਕ ਕਵਿਤਾਵਾਂ ਦੀ ਕਿਤਾਬ 'ਜ਼ਰਦ ਰੰਗਾਂ ਦਾ ਮੌਸਮ' ਅਤੇ ਦੂਜੀ ਵਾਰਤਕ ਕਿਤਾਬ 'ਜਾਗਦੀ ਅੱਖ ਦਾ ਹਲਫਨਾਮਾ'। ਇਨ੍ਹਾਂ ਕਿਤਾਬਾਂ ਵਿਚ ਉਨ੍ਹਾਂ ਮਨੁੱਖਤਾ ਦੀ ਬਾਤ ਬਹੁਤ ਪ੍ਰਚੰਡ ਰੂਪ ਵਿਚ ਪਾਈ ਹੈ। ਆਪਣੇ ਸੁਘੜ ਪਾਠਕਾਂ ਲਈ ਅਸੀਂ ਉਨ੍ਹਾਂ ਦਾ ਇਹ ਲੇਖ ਛਾਪ ਰਹੇ ਹਾਂ ਜੋ ਉਨ੍ਹਾਂ ਦੀ ਵਾਰਤਕ ਕਿਤਾਬ 'ਜਾਗਦੀ ਅੱਖ ਦਾ ਹਲਫਨਾਮਾ' ਵਿਚ ਛਪਿਆ ਹੈ।***

ਜਦੋਂ ਤੋਂ ਕੌਮਾਂਤਰੀ ਵਿਦਿਆਰਥੀਆਂ ਨੇ ਭਾਰਤ, ਖ਼ਾਸਕਰ ਪੰਜਾਬ ਤੋਂ ਵਿਦੇਸ਼ਾਂ ਵਿਚ ਬਹੁਤੀ ਗਿਣਤੀ ਵਿਚ ਪੜ੍ਹਨ ਆਉਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਉਹ ਥੋੜ੍ਹਾ-ਥੋੜ੍ਹਾ ਚਿਰ ਬਾਅਦ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ ਪਰ ਹੁਣ ਇਹ ਸਿਖ਼ਰ 'ਤੇ ਪਹੁੰਚ ਚੁੱਕੀਆਂ ਹਨ। ਕੈਨੇਡਾ ਦੇ ਕਿਊਬੈਕ ਸੂਬੇ ਦੇ ਤਿੰਨ ਕਾਲਜਾਂ ਨੇ ਆਪਣੇ ਆਪ ਨੂੰ ਦੀਵਾਲੀਆ ਐਲਾਨ ਕੇ ਵਿਦਿਆਰਥੀਆਂ ਨੂੰ ਮੰਝਧਾਰ ਵਿਚ ਛੱਡ ਕੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ। ਇਹ ਧੋਖਾਧੜੀ ਦੀ ਹੱਦ ਹੈ। ਕੁਝ ਸਮਾਂ ਪਹਿਲਾਂ ਵਿਦਿਆਰਥੀਆਂ ਅਤੇ ਮਾਪਿਆਂ ਦੇ ਸਿਰ 'ਤੇ ਕੜਕਦੀ ਬਿਜਲੀ ਵਰਗੀ ਖ਼ਬਰ ਡਿੱਗੀ ਕਿ ਕੌਮਾਂਤਰੀ ਵਿਦਿਆਰਥਣਾਂ ਦੇਹ ਵਪਾਰ ਵਿਚ ਆਪਣੀ ਮਰਜ਼ੀ ਨਾਲ਼ ਜਾ ਰਹੀਆਂ ਹਨ। ਇਹ ਖ਼ਬਰ ਪਹਿਲਾਂ ਅਖ਼ਬਾਰ ਦੀ ਸੁਰਖ਼ੀ ਬਣੀ, ਬਾਅਦ ਵਿਚ ਸੋਸ਼ਲ ਮੀਡੀਏ 'ਤੇ ਅੱਗ ਵਾਂਗ ਫੈਲੀ ਅਤੇ ਫਿਰ ਵਿਦਿਆਰਥਣਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ।



ਇਹ ਪਹਿਲੀਆਂ (ਤੇ ਆਖਰੀ) ਖ਼ਬਰਾਂ ਨਹੀਂ; ਇਸ ਤੋਂ ਪਹਿਲਾਂ ਵੀ ਬਹੁਤ ਕੁਝ ਹੋਇਆ ਹੈ। ਅਜਿਹੀਆਂ ਦਿਲ ਕੰਬਾਊ ਖ਼ਬਰਾਂ ਤੋਂ ਬਾਅਦ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹਨਾਂ ਸਮੱਸਿਆਵਾਂ

**ਪਰਮਿੰਦਰ ਕੌਰ ਸਵੈਚ**
**ਫੋਨ: +1-604-760-4794**

ਦੀਆਂ ਜੜ੍ਹਾਂ ਟੋਲਣ ਦੀ ਕੋਸ਼ਿਸ਼ ਕਰੀਏ ਨਾ ਕਿ ਇਹਨਾਂ ਬੱਚਿਆਂ ਨੂੰ ਕਟਹਿਰੇ ਵਿਚ ਲਿਆ ਕੇ ਬਿਨਾਂ ਸੋਚੇ ਸਮਝੇ ਦੋਸ਼ੀ ਗਰਦਾਨ ਦੇਈਏ। ਇਹ ਜ਼ਰੂਰ ਦੇਖੀਏ ਕਿ ਨੁਕਸ ਕਿੱਥੇ ਹੈ? ਇਸ ਵਿਸ਼ੇ ਨੂੰ ਵਿਚਾਰਨ ਤੋਂ ਵੀ ਪਹਿਲਾਂ ਕੁਝ ਸਵਾਲ ਅਜਿਹੇ ਹਨ ਜੋ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ ਜੋ ਸਾਰੇ ਸਮਾਜ ਵਿਚ ਆ ਰਹੀ ਗਿਰਾਵਟ ਚਾਹੇ ਉਹ ਵਿਕਸਤ, ਅਣਵਿਕਸਤ ਜਾਂ ਵਿਕਾਸਸ਼ੀਲ ਦੇਸ਼ ਹੋਣ, ਸਭ ਵਿਚ ਦੇਖਣ ਨੂੰ ਮਿਲ ਰਹੀ ਹੈ। ਇਸ ਦੇ ਹੋਰ ਬਹੁਤ ਸਾਰੇ ਕਾਰਨ ਹਨ ਪਰ ਸਾਡਾ ਮੁੱਦਾ ਸਿਰਫ਼ ਤੇ ਸਿਰਫ਼ ਭਾਰਤ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦਾ ਹੈ।

ਬਹੁਤ ਸਾਰੇ ਸਵਾਲ ਪੈਦਾ ਹੋ ਰਹੇ ਹਨ ਕਿ ਵਿਦਿਆਰਥੀ ਬਾਹਰਲੇ ਦੇਸ਼ਾਂ ਨੂੰ ਕਿਉਂ ਆ ਰਹੇ ਹਨ? ਮਾਪੇ ਆਪਣੀ ਜ਼ਿੰਦਗੀ ਦੀ ਵਡਮੁੱਲੀ ਕਮਾਈ ਖਰਚ ਕੇ ਬੱਚਿਆਂ ਨੂੰ ਅੱਖੋਂ ਪਰੋਖੇ ਕਿਉਂ ਕਰ ਰਹੇ ਹਨ? ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਜਾਂ ਜ਼ਮੀਨਾਂ ਵੇਚ ਕੇ ਬੱਚੇ ਕੈਨੇਡਾ ਕਿਉਂ ਭੇਜ ਰਹੇ ਹਨ? ਕੀ ਬੱਚੇ ਕੈਨੇਡਾ ਆ ਕੇ ਬਹੁਤ ਸੁਖੀ ਜ਼ਿੰਦਗੀ ਬਤੀਤ ਕਰ ਰਹੇ ਹਨ? ਕੀ ਉਹ ਇੱਥੇ ਆ ਕੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਤੋਂ ਦੂਰ ਕਿਨਾਰਾ ਕਰ ਜਾਂਦੇ ਹਨ? ਕੈਨੇਡਾ ਸਰਕਾਰ ਨੇ ਕੀ ਬੱਚਿਆਂ ਦੇ ਫ਼ਾਇਦੇ ਲਈ ਉਹਨਾਂ ਨੂੰ ਇੱਥੇ ਆਉਣ ਦੀ ਖੁੱਲ੍ਹ ਦਿੱਤੀ ਹੋਈ ਹੈ? ਸਰਕਾਰਾਂ ਦਾ ਇਸ ਵਿਚ ਅਸਲ ਰੋਲ ਕੀ ਹੈ? ਆਦਿ। ਇਸ ਤਰ੍ਹਾਂ ਦੇ ਹੋਰ ਬਹੁਤ ਪ੍ਰਸ਼ਨ ਹਨ ਜਿਨ੍ਹਾਂ 'ਤੇ ਗੱਲ ਕਰਾਂਗੇ।

ਪੰਜਾਬ ਵਿਚ ਜਦੋਂ ਬੱਚਾ ਢਾਈ ਸਾਲ ਦਾ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਉਸ ਨੂੰ ਸਕੂਲ ਭੇਜਣ ਦਾ ਫ਼ਿਕਰ ਹੀ ਨਹੀਂ ਪੈ ਜਾਂਦਾ ਸਗੋਂ ਦਸ ਕਿਲੋ ਵਜ਼ਨ ਉਹਦੇ ਮੋਢਿਆਂ 'ਤੇ ਰੱਖ ਕੇ ਪ੍ਰਾਈਵੇਟ ਸਕੂਲਾਂ ਵਿਚ ਅੰਨ੍ਹੀਆਂ ਫੀਸਾਂ ਦੇ ਕੇ ਸਿਰਫ਼ ਅੰਗਰੇਜ਼ੀ ਸਿਖਾਉਣ ਲਈ ਭੇਜਿਆ ਜਾਂਦਾ ਹੈ। ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਆਪਣੀ ਮਾਂ ਬੋਲੀ ਨਾਲ ਆਪਣੇ ਮਾਪਿਆਂ ਦੀ ਛਤਰ ਛਾਇਆ ਥੱਲੇ ਵਧਣ ਫੁੱਲਣ ਲਈ ਚਾਹੀਦੇ ਹੁੰਦੇ ਹਨ ਪਰ ਭਾਰਤ ਦੀਆਂ ਸਰਕਾਰਾਂ ਨੇ ਆਪਣੀ ਸਰਕਾਰੀ ਸਕੂਲਾਂ ਪ੍ਰਤੀ ਜ਼ਿੰਮੇਵਾਰੀ ਨੂੰ ਗ਼ਲੋਂ ਲਾਹ ਕੇ, ਮਨੁੱਖ ਦੀ ਖਾਣ-ਪੀਣ ਜਾਂ ਰਹਿਣ-ਸਹਿਣ ਦੀ ਮੁੱਢਲੀ ਲੋੜ ਵਾਂਗ ਗਿਆਨ ਹਾਸਲ ਕਰਨ ਦੀ ਲੋੜ ਦਾ ਅਜਿਹਾ ਬਾਜ਼ਾਰੀਕਰਨ ਕਰ ਦਿੱਤਾ ਹੈ ਕਿ ਹੁਣ ਵੱਡੇ ਛੋਟੇ ਪ੍ਰਾਈਵੇਟ ਸਕੂਲਾਂ ਵਿਚ ਮਹਿੰਗੀ ਸਸਤੀ ਪੜ੍ਹਾਈ ਵਿਕ ਰਹੀ ਹੈ। ਹਰ ਮਾਪਾ ਆਪਣੇ ਤਨੋ-ਮਨੋ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਬੱਚੇ ਨੂੰ ਅੰਗਰੇਜ਼ੀ ਆ ਜਾਵੇ ਤਾਂ ਕਿ ਆਈਲੈਟਸ ਦਾ ਇਮਤਿਹਾਨ ਦੇ ਕੇ ਬਾਹਰਲੇ ਦੇਸ਼ ਦਾ ਬੂਹਾ ਖੜਕਾ ਸਕੇ। ਉਸ ਦੇ ਵੀ ਕਾਰਨ ਹਨ ਕਿ ਅਗਰ ਉਥੇ ਮਾਪੇ ਔਖੇ ਸੌਖੇ ਬੱਚਿਆਂ ਨੂੰ ਪੜ੍ਹਾ ਵੀ ਲੈਣ, ਰੁਜ਼ਗਾਰ ਫਿਰ ਵੀ ਨਹੀਂ ਮਿਲਦਾ; ਨਹੀਂ ਤਾਂ ਪੜ੍ਹਾਈ ਐਨੀ ਮਹਿੰਗੀ ਹੋ ਗਈ ਹੈ ਕਿ ਗ਼ਰੀਬ ਮਾਪਿਆਂ ਦੇ ਵਸ ਦਾ ਰੋਗ ਹੀ ਨਹੀਂ ਕਿ ਉਹ ਬੱਚਿਆਂ ਨੂੰ ਪੜ੍ਹਾ ਸਕਣ।

ਪਹਿਲਾਂ-ਪਹਿਲਾਂ ਵਿਦਿਆਰਥੀ ਇੱਥੇ ਉਚੇਰੀ ਵਿਦਿਆ ਹਾਸਲ ਕਰਨ ਲਈ ਆਉਂਦੇ ਸਨ; ਜਾਂ ਤਾਂ ਉਹ ਪੜ੍ਹ ਕੇ ਵਾਪਸ ਮੁੜ ਜਾਂਦੇ ਸਨ ਜਾਂ ਇੱਥੇ ਵਧੀਆ ਨੌਕਰੀਆਂ ਲੈ ਲੈਂਦੇ ਸਨ। ਹੁਣ ਵਿਦਿਆਰਥੀਆਂ ਦਾ ਸ਼ੋਸ਼ਣ ਤਾਂ ਉੱਥੇ ਖੁੱਲ੍ਹੇ ਆਈਲੈਟਸ ਸਕੂਲਾਂ ਤੋਂ ਬੈਂਡ ਲੈਣ ਲਈ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਕੂਲ ਮਨਮਰਜ਼ੀ ਦੀਆਂ ਫੀਸਾਂ ਲੈ ਕੇ, ਬੈਂਡਾਂ ਦੇ ਦਾਅਵੇ ਕਰ ਕੇ ਵਿਦਿਆਰਥੀਆਂ ਦੀ ਲੁੱਟ ਕਰਦੇ ਹਨ। ਇਸ ਤੋਂ ਬਾਅਦ ਇੰਮੀਗ੍ਰੇਸ਼ਨ ਸਲਾਹਕਾਰ ਜੋ ਕੈਨੇਡਾ ਵਿਚ ਥਾਂ-ਥਾਂ 'ਤੇ ਖੁੰਭਾਂ ਵਾਂਗ ਉੱਗੇ ਕਾਲਜਾਂ ਨਾਲ ਰਾਬਤਾ ਕਰ ਕੇ ਦੋ-ਦੋ ਜਾਂ ਤਿੰਨ-ਤਿੰਨ ਸਾਲ ਦੀਆਂ ਫੀਸਾਂ ਪਹਿਲਾਂ ਹੀ ਭਰਵਾ ਲੈਂਦੇ ਹਨ। ਮਾਪਿਆਂ ਜਾਂ ਬੱਚਿਆਂ ਨੂੰ ਇਹਨਾਂ ਸਕੂਲਾਂ ਕਾਲਜਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਪਰ ਰੀਸੋ-ਰੀਸ ਚੂਹਾ-ਦੌੜ ਵਿਚ ਇੱਕ ਦੂਜੇ ਤੋਂ ਅੱਗੇ ਭੱਜਦੇ ਹਨ। ਸਲਾਹਕਾਰਾਂ ਦੀ ਵੀ ਇਹੀ ਹੋੜ ਹੈ ਕਿ ਜੋ ਉਹਨਾਂ ਕੋਲ ਇੱਕ ਵਾਰ ਫਸ ਗਿਆ, ਉਹਨੂੰ ਕਿਵੇਂ ਨਾ ਕਿਵੇਂ, ਉਹਨੂੰ ਜਹਾਜ਼ੇ ਚੜ੍ਹਾ ਦੇਣ ਅਤੇ ਆਪਣੀਆਂ ਜੇਬਾਂ ਭਰ ਲੈਣ। ਉਹਨਾਂ ਨਾਲ ਬਾਅਦ ਵਿਚ ਕੀ ਵਾਪਰਦਾ ਹੈ, ਉਹਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ। ਇਸ ਦਾ ਹੀ ਸਿੱਟਾ ਹੈ ਕਿ ਜੋ ਕਿਊਬਿਕ ਵਿਚ ਤਿੰਨ ਕਾਲਜ ਦੀਵਾਲੀਆ ਹੋ ਗਏ ਜਿਸ ਵਿਚ 1173 ਦੇ ਕਰੀਬ 95% ਵਿਦਿਆਰਥੀ ਪੰਜਾਬ ਤੋਂ ਦਾਖ਼ਲ ਹੋਏ ਸਨ। ਇਨ੍ਹਾਂ ਵਿਚੋਂ 633 ਵਿਦਿਆਰਥੀ ਕੋਵਿਡ ਮਹਾਮਾਰੀ ਕਰ ਕੇ ਭਾਰਤ ਤੋਂ ਇੱਥੇ ਪਹੁੰਚ ਨਹੀਂ ਸਕੇ ਪਰ ਹਰ ਵਿਦਿਆਰਥੀ ਨੇ 15 ਹਜ਼ਾਰ ਡਾਲਰ ਫੀਸ ਭਰੀ ਸੀ। ਉਹ ਦਿਨ ਰਾਤ ਦੇ ਫ਼ਰਕ ਨੂੰ ਝੱਲਦੇ ਹੋਏ ਸਾਰੀ-ਸਾਰੀ ਰਾਤ ਜਾਗ ਕੇ ਔਨਲਾਈਨ ਕਲਾਸਾਂ ਵੀ ਲਾਉਂਦੇ ਰਹੇ। ਉਹਨਾਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ ਗਏ ਅਤੇ ਡਾਲਰ ਵੀ ਵਾਪਸ ਨਹੀਂ ਕੀਤੇ ਜਾ ਰਹੇ। ਇਹਨਾਂ ਕਾਲਜਾਂ ਨੇ ਬੱਚਿਆਂ ਤੋਂ 6.4 ਮਿਲੀਅਨ ਡਾਲਰ ਇਕੱਠਾ ਕਰ ਕੇ ਆਪਣਾ ਝੁੱਗਾ ਚੁੱਕ ਦਿੱਤਾ ਹੈ। ਇਹਨਾਂ ਕਾਲਜਾਂ ਦੇ ਮਾਲਕਾਂ ਦਾ ਇਹ ਕਾਰੋਬਾਰ ਪਹਿਲਾਂ ਵੀ 2016 ਵਿਚ ਸਸਪੈਂਡ ਕੀਤਾ ਗਿਆ ਸੀ ਪਰ ਸਰਕਾਰ ਨੇ ਇਹਨਾਂ ਨੂੰ ਦੁਬਾਰਾ ਕਾਰੋਬਾਰ ਦੇ ਲਾਇਸੈਂਸ ਦੀ ਮਨਜ਼ੂਰੀ ਦੇ ਕੇ ਵਿਦਿਆਰਥੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਹੈ। ਜਿਹੜੇ ਵਿਦਿਆਰਥੀ ਇੱਥੇ ਪਹੁੰਚ ਵੀ ਗਏ ਹਨ, ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 150 ਦਿਨਾਂ ਦੇ ਵਿਚ ਵਿਚ ਹੋਰ ਕਾਲਜਾਂ ਦੀਆਂ ਫੀਸਾਂ ਭਰ ਕੇ ਉੱਥੇ ਦਾਖ਼ਲ ਹੋ ਸਕਦੇ ਹਨ। ਜਿਹੜੀਆਂ ਦੋ ਸਾਲਾਂ ਦੀਆਂ ਫੀਸਾਂ 28 ਤੋਂ 30 ਹਜ਼ਾਰ ਦੂਸਰੇ ਕਾਲਜ ਹੋਰ ਲੈਣਗੇ, ਉਹ ਹੁਣ ਕਿਹੜਾ ਖੂਹ ਪੱਟਣ? ਉਹਨਾਂ ਦੇ ਵਰਕ ਪਰਮਿਟ ਵੀ ਸਕੂਲਾਂ ਦੇ ਸਟੱਡੀ ਵੀਜ਼ੇ ਦੇ ਨਾਲ਼ ਹੀ ਖ਼ਤਮ ਹੋ ਗਏ ਹਨ; ਜੋ ਉਹ 20 ਘੰਟੇ ਕੰਮ ਕਰ ਸਕਦੇ ਸੀ, ਉਹ ਜਾਂਦੇ ਲੱਗੇ ਹਨ। ਜਦੋਂ ਇੱਕ ਰੇਡਿਓ ਹੋਸਟ ਨੇ ਮੌਜੂਦਾ ਐੱਮ.ਪੀ. ਨਾਲ ਇਸ ਮੁੱਦੇ 'ਤੇ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਫੈਡਰਲ ਸਰਕਾਰ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੀ, ਇਹ ਰਾਜਾਂ ਦਾ ਆਪਣਾ ਮਾਮਲਾ ਹੈ।

ਸ਼ੱਕ ਉਦੋਂ ਪੈਦਾ ਹੁੰਦਾ ਹੈ (ਜਦੋਂ ਇਹ ਕਿਹਾ ਜਾਦਾ ਹੈ) ਕਿ ਇਹਨਾਂ ਕਾਲਜਾਂ ਦੀ ਜਾਣਕਾਰੀ ਤਾਂ ਕੈਨੇਡਾ ਦੀ ਵੈੱਬਸਾਈਟ ਕੈਨੇਡਾ ਡੌਟ ਸੀ.ਏ. (ਚਅਨਅਦਅ।ਚਅ) 'ਤੇ ਪਾਈ ਗਈ ਸੀ ਜਿਸ ਤੋਂ ਇਹ ਵਿਦਿਆਰਥੀ ਚੈੱਕ ਕਰ ਕੇ ਦਾਖਲਾ ਲੈਂਦੇ ਹਨ। ਜੇ ਘਪਲੇ ਦੀ ਜ਼ਿੰਮੇਵਾਰ ਰਾਜ ਸਰਕਾਰ ਹੈ ਜਿਸ ਨੇ ਮਨਜ਼ੂਰੀ ਤੋਂ ਪਹਿਲਾਂ ਇਹਨਾਂ ਦੀ ਛਾਣਬੀਣ ਨਹੀਂ ਕੀਤੀ ਤਾਂ ਉਹ ਅੱਗੇ ਆਵੇ। ਵਿਦਿਆਰਥੀ ਦੱਸ ਰਹੇ ਹਨ ਕਿ ਸੋਚੀ ਸਮਝੀ ਯੋਜਨਾ ਅਧੀਨ ਉਹਨਾਂ ਨਾਲ ਇਹ ਠੱਗੀ ਮਾਰੀ ਗਈ ਹੈ। ਚਾਰ-ਚਾਰ ਸਮੈਸਟਰਾਂ ਦੀਆਂ ਫੀਸਾਂ ਪਹਿਲਾਂ ਹੀ ਭਰਵਾ ਲਈਆਂ ਗਈਆਂ ਸਨ। ਇਹਨਾਂ ਕਾਲਜਾਂ ਦੀਆਂ ਬਿਲਡਿੰਗਾਂ ਦੇ ਦੋ-ਦੋ ਕਮਰੇ ਹਨ, ਨਾ ਲਾਇਬਰੇਰੀ, ਨਾ ਕਨਟੀਨ, ਨਾ ਹੀ ਸਕੂਲ ਦਾ ਕੋਈ ਪ੍ਰਬੰਧਕੀ ਢਾਂਚਾ ਤੇ ਨਾ ਕੋਈ ਪੱਕਾ ਅਧਿਆਪਕ ਹੈ।

ਇਸ ਮਸਲੇ 'ਤੇ ਗੌਰ ਕਰਦਿਆਂ ਨਜ਼ਰੀਂ ਪੈਂਦਾ ਹੈ ਕਿ ਇਹ ਦੇਸ਼ ਜੋ ਕੁਝ ਸਾਲ ਪਹਿਲਾਂ ਇੱਥੇ ਵਾਧੂ ਚਿੜੀ ਨਹੀਂ ਸੀ ਫਟਕਣ ਦਿੰਦੇ, ਉਹ ਐਨੇ ਦਿਆਲੂ ਕਿਵੇਂ ਹੋ ਗਏ? ਇਹਨਾਂ ਨੂੰ ਇਹ ਹੇਜ ਕਿਉਂ ਜਾਗਿਆ ਜਿਹੜੇ 17-17 ਸਾਲ ਦੇ ਬੱਚਿਆਂ ਨੂੰ ਲੱਖਾਂ ਦੀ ਗਿਣਤੀ ਵਿਚ ਬੁਲਾ ਰਹੇ ਹਨ? ਇਹ ਗੱਲ ਤਾਂ ਸਾਨੂੰ ਅੱਖਾਂ ਮੀਚ ਕੇ ਮੰਨ ਲੈਣੀ ਚਾਹੀਦੀ ਹੈ ਕਿ ਪੂੰਜੀਵਾਦ ਦਾ ਮੁਢਲਾ ਕੰਮ ਮੁਨਾਫ਼ਾ ਅਤੇ ਸਿਰਫ਼ ਮੁਨਾਫ਼ਾ ਹੈ। ਇਸ ਦੇ ਮੱਦੇਨਜ਼ਰ ਹੀ ਇਸ ਸ਼ੋਸ਼ਣ ਦੀ ਸ਼ੁਰੂਆਤ ਹੁੰਦੀ ਹੈ ਕਿ ਲੈਰੀ ਉਮਰ ਦੇ ਇਹ ਬੱਚੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਹੈ, ਆਪਣੇ ਸੁਫਨੇ ਸਜਾਉਣੇ ਹਨ, ਸੁਫਨਿਆਂ ਨੂੰ ਜਗਦੇ ਮਘਦੇ ਰੱਖਣ ਲਈ ਵੱਡੀਆਂ ਪੁਲਾਘਾਂ ਪੁੱਟਣੀਆਂ ਹਨ, ਉਹਨਾਂ ਲਈ ਅਜਿਹਾ ਜਾਲ ਵਿਛਾ ਦਿੱਤਾ ਹੈ ਕਿ ਚੋਗੇ ਦੀ ਭਾਲ ਵਿਚ ਉਹ ਸਾਰੇ ਅਣਭੋਲ ਹੀ ਫਸ ਰਹੇ ਹਨ। ਇਹ ਸਾਰਾ ਪੂੰਜੀਵਾਦੀ ਸਰਕਾਰਾਂ ਦਾ ਤਾਣਾ-ਬਾਣਾ ਹੈ। ਪ੍ਰਸ਼ਨ ਹੈ: ਭਾਰਤ ਦੀਆਂ ਸਰਕਾਰਾਂ ਆਪਣੇ ਭਵਿੱਖ ਨੂੰ ਕਿਉਂ ਵਿਦੇਸ਼ਾਂ ਵੱਲ ਧੱਕ ਰਹੀਆਂ ਹਨ? ਹਾਂ, ਅਗਰ ਉਹਨਾਂ ਨੂੰ ਉਹਨਾਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ ਲਈ ਕੋਈ ਨਹੀਂ ਹੋਵੇਗਾ ਕਿ ਭਾਰਤ ਵਿਚ ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਕਿਉਂ ਹੋ ਰਹੇ ਹਨ ਤਾਂ ਉਹ ਕਾਰਪੋਰੇਸ਼ਨਾਂ ਦਾ ਢਿੱਡ ਖੁੱਲ੍ਹਦਿਲੀ ਨਾਲ ਭਰ ਸਕਣਗੇ। ਦੂਜਾ, ਜੇ ਇਹ ਬੱਚੇ ਉੱਥੇ ਪੜ੍ਹਦੇ ਹਨ ਤਾਂ ਕੱਲ੍ਹ ਨੂੰ ਇਹ ਗਰਮ ਖ਼ੂਨ ਬੇਰੁਜ਼ਗਾਰ ਹੋ ਕੇ ਉਹਨਾਂ ਦੇ ਤਖ਼ਤ ਨੂੰ ਹੱਥ ਪਾਵੇਗਾ। ਹੁਣ ਉਹ ਸਿਰਫ਼ ਤੇ ਸਿਰਫ਼ ਮਾਪਿਆਂ 'ਤੇ ਜ਼ਿੰਮੇਵਾਰੀ ਸਿੱਟ ਕੇ ਸੁਰਖ਼ਰੂ ਹੋ ਰਹੇ ਹਨ ਕਿ ਬੱਚੇ ਜਾ ਰਹੇ ਨੇ ਤੇ ਮਾਪੇ ਭੇਜ ਰਹੇ ਨੇ, ਗੱਲ ਖ਼ਤਮ। ਸਵਾਲ ਹੈ: ਅਸੀਂ ਸਰਕਾਰਾਂ ਕਿਉਂ ਚੁਣਦੇ ਹਾਂ? ਟੈਕਸ ਕਿਉਂ ਦਿੰਦੇ ਹਾਂ? ਕੀ ਉਹਨਾਂ ਦਾ ਰੋਲ ਸਿਰਫ਼ ਗੁਆਂਢੀ ਪਾਕਿਸਤਾਨ ਨਾਲ ਲੜਨ ਦਾ ਹੀ ਹੈ? ਆਪਣੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕਿਸ ਨੇ ਮੁਹੱਈਆ ਕਰਾਉਣੀਆਂ ਹਨ? ਦੂਜਾ ਪਾਸਾ (ਇਹ ਹੈ ਕਿ) ਕੈਨੇਡਾ ਜਿੱਥੇ ਇੱਥੋਂ ਦੇ ਜੰਮਪਲ ਬੱਚੇ ਵ੍ਹਾਈਟ ਕਾਲਰ ਜੌਬ ਹੀ ਕਰਨਾ ਚਾਹੁੰਦੇ ਹਨ, ਮਜ਼ਦੂਰੀ ਨਹੀਂ; ਦੂਜਾ ਉਹ ਵਿਆਹ ਨਹੀਂ ਕਰਵਾ ਰਹੇ ਜਿਸ ਨਾਲ ਦਿਨੋ-ਦਿਨ ਜਨਸੰਖਿਆ ਘਟ ਰਹੀ ਹੈ। ਉਸ ਨੂੰ ਪੂਰਾ ਕਰਨ ਲਈ ਇਹਨਾਂ ਨੂੰ ਅਵਾਸੀਆਂ ਦੀ ਸਖ਼ਤ ਲੋੜ ਹੈ। ਇਹਨਾਂ ਦੀ ਇਹ ਵੀ ਜ਼ਰੂਰਤ ਹੈ ਕਿ ਇੱਥੇ ਉਹ ਲੋਕ ਆਉਣ ਜੋ ਸਖ਼ਤ ਮਿਹਨਤ ਵੀ ਕਰਨ ਤੇ ਡਾਲਰਾਂ ਦੇ ਗੱਫੇ ਲਿਆ ਕੇ ਇੱਥੋਂ ਦੀ ਆਰਥਿਕਤਾ ਵਿਚ ਵਾਧਾ ਕਰ ਸਕਣ। ਪਹਿਲਾਂ ਪਰਿਵਾਰਾਂ ਨੂੰ ਆਉਣ ਦੀ ਖੁੱਲ੍ਹ ਹੁੰਦੀ ਸੀ। ਉਸ 'ਤੇ ਰੋਕ ਲਗਾਉਣ ਦਾ ਵੀ ਕਾਰਨ ਇਹੀ ਸੀ ਕਿ ਬਹੁਤੇ ਬਜ਼ੁਰਗ ਇੱਥੇ ਆ ਕੇ ਕੰਮ ਨਹੀਂ ਸੀ ਕਰ ਸਕਦੇ ਤੇ ਇਹ ਉਹਨਾਂ ਨੂੰ ਆਪਣੇ 'ਤੇ ਭਾਰ ਸਮਝਦੇ ਸਨ। ਫਿਰ ਸੁਪਰ ਵੀਜ਼ਾ ਸ਼ੁਰੂ ਕੀਤਾ ਜਿਸ ਵਿਚ ਇਹਨਾਂ 'ਤੇ ਮੈਡੀਕਲ ਦਾ ਕੋਈ ਖਰਚਾ ਨਹੀਂ, ਆਉਣ ਵਾਲਾ ਆਪ ਬੀਮਾ ਕਰਵਾਉਂਦਾ ਹੈ। ਇਸ ਵਿਚ ਇਹ ਹੋਰ ਫਾਇਦਾ ਹੋਇਆ ਕਿ ਅਣਗਿਣਤ ਲੋਕਾਂ ਨੇ ਬੀਮਾ ਦੁਕਾਨਾਂ ਖੋਲ੍ਹ ਲਈਆਂ ਹਨ। ਪਰਿਵਾਰਾਂ ਨੂੰ ਸੱਦਣ ਵਿਚ ਦੇਰੀ ਦਾ ਮਤਲਬ ਵੀ ਬੱਚੇ ਕਈ ਕਈ ਸਾਲ ਵਾਧੂ ਆਮਦਨ ਦਿਖਾਉਣ ਲਈ ਵਾਧੂ ਕੰਮ ਕਰ-ਕਰ ਕੇ ਟੈਕਸ ਨਾਲ ਇਹਨਾਂ ਦੀਆਂ ਤਿਜੌਰੀਆਂ ਮਜਬੂਰੀ ਵਿਚ ਭਰਦੇ ਰਹਿੰਦੇ ਹਨ।




ਹੁਣ ਆਈ ਇਹਨਾਂ ਵਿਦਿਆਰਥੀਆਂ ਦੀ ਗੱਲ ਜੋ ਰਿਸ਼ਟ-ਪੁਸ਼ਟ, ਪੂਰੀ ਊਰਜਾ ਨਾਲ ਤਿੱਗਣੀਆਂ ਚੌਗੁਣੀਆਂ ਫੀਸਾਂ ਦੇ ਕੇ ਇੱਥੇ ਆਉਂਦੇ ਹਨ। ਉਹ ਪਿੱਛੇ ਆਪਣੇ ਮਾਪਿਆਂ ਦੇ ਹਾਲ ਨੂੰ ਜਾਣਦੇ ਹਨ ਕਿ ਉਹਨਾਂ ਨੇ ਕਿੰਨੇ ਔਖੇ ਹੋ ਕੇ, ਕਰਜ਼ੇ ਲੈ ਕੇ, ਜਾਂ ਜ਼ਮੀਨਾਂ ਵੇਚ ਕੇ ਫੀਸਾਂ ਭਰੀਆਂ ਹਨ; ਹੁਣ ਉਹਨਾਂ ਨੇ ਸਖ਼ਤ ਮਿਹਨਤ ਕਰ ਕੇ ਆਪਣੀ ਅਤੇ ਮਾਪਿਆਂ ਦੀ ਜ਼ਿੰਦਗੀ ਸੰਵਾਰਨੀ ਹੈ ਤੇ ਇਸ ਸਮਾਜ ਵਿਚ ਹੀ ਵੱਸਣਾ ਹੈ। ਜਿਨ੍ਹਾਂ ਨੇ ਇੰਨਾ ਖ਼ਰਚਾ ਕੀਤਾ, ਉਹ ਕਦੇ ਵਾਪਸ ਜਾਣ ਜੋਗੇ ਤਾਂ ਨਹੀਂ ਰਹਿਣਗੇ; ਇਹ ਕੈਨੇਡਾ ਸਰਕਾਰ ਵੀ ਨਹੀਂ ਚਾਹੁੰਦੀ ਕਿਉਂਕਿ ਇਹ ਆਪਣੀ ਲੋੜ ਨੂੰ ਸੱਦ ਰਹੀ ਹੈ। ਪਹਿਲਾਂ ਇਹਨਾਂ ਨੇ ਆਰਥਿਕਤਾ ਵਿਚ ਹਿੱਸਾ ਪਾਇਆ, ਫਿਰ ਇਹਨਾਂ ਦੇ ਤੌਰ-ਤਰੀਕੇ ਵੀ ਸਿੱਖ ਲਏ, ਪੱਕੇ ਹੋਣ ਲਈ ਟੈਕਸ ਵੀ ਭਰੇ, ਐਲ.ਐਮ.ਆਈਆਂ ਆਦਿ ਲਈ ਬਿਜ਼ਨਸਾਂ ਤੇ ਸਲਾਹਕਾਰਾਂ (ਏਜੰਟਾਂ) ਦੀਆਂ ਆਮਦਨਾਂ ਵਿਚ ਵਾਧਾ ਵੀ ਕੀਤਾ ਤੇ ਚੰਗੇ ਸ਼ਹਿਰੀ ਬਣ ਕੇ ਸਾਰੀ ਜ਼ਿੰਦਗੀ ਕੰਮ ਕਰਨਗੇ ਤੇ ਇਹਨਾਂ ਦੀ ਜਨਸੰਖਿਆ ਵਿਚ ਵਾਧਾ ਵੀ ਕਰਨਗੇ। ਕੈਨੇਡਾ ਦੇ ਨਜ਼ਰੀਏ ਤੋਂ ਤਾਂ ਪੌਂ ਬਾਰਾਂ ਹੋ ਗਈਆਂ ਪਰ ਇਹਨਾਂ ਨਾਲ ਕੀ ਬੀਤੀ, ਕਿਸੇ ਨੂੰ ਇਲਮ ਨਹੀਂ। ਪਹਿਲਾਂ ਪਹਿਲ ਇਹ ਗੱਲ ਉੱਠੀ ਕਿ ਇਹਨਾਂ ਦੀ ਵਜ੍ਹਾ ਕਰ ਕੇ ਇੱਥੋਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿਚ ਜਗ੍ਹਾ ਨਹੀਂ ਮਿਲ ਰਹੀ ਜਦਕਿ ਇਹਨਾਂ ਦੀਆਂ ਸੀਟਾਂ ਕਾਲਜਾਂ ਵਿਚ ਰਾਖਵੀਂਆਂ ਰੱਖੀਆਂ ਜਾਂਦੀਆਂ ਹਨ। ਦੂਜਾ, ਇਹ ਸੋਚ ਲੈਣਾ ਚਾਹੀਦਾ ਹੈ ਕਿ ਇੱਥੇ ਜਾਂ ਉੱਥੇ ਵਾਲ਼ਿਆਂ ਦੀ ਕਿਸੇ ਵੀ ਸਰਕਾਰਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ, ਜਨਤਾ ਸਿਰਫ਼ ਜਨਤਾ ਹੁੰਦੀ ਹੈ, ਕਿਤੋਂ ਦੀ ਵੀ ਹੋਵੇ। ਦੂਜਾ, ਇਸ ਸਮੇਂ ਕੈਨੇਡਾ ਸਰਕਾਰਾਂ ਨੇ ਬਹੁਤ ਸਾਰੇ ਬਿਜ਼ਨਸ ਕਾਲਜਾਂ ਦੇ ਨਾਂ ਹੇਠ ਖੋਲ੍ਹੇ ਹਨ ਜੋ ਇੱਥੋਂ ਦੀ ਲੇਬਰ ਕਰਨ ਲਈ ਅੰਗਰੇਜ਼ੀ ਨਾ ਬੋਲਣ ਆਉਣ ਦੀ ਸਮੱਸਿਆ ਤੋਂ ਮੁਕਤ ਕਰਾਉਣ ਲਈ ਤੇ ਇੱਥੋਂ ਦੀ ਆਰਥਿਕਤਾ ਵਿਚ ਖੁਸ਼ਹਾਲੀ ਲਿਆਉਣ ਲਈ ਪੂਰੀ ਯੋਗਤਾ ਨਾਲ ਕੰਮ ਸਕਣ।

ਕੌਮਾਂਤਰੀ ਵਿਦਿਆਰਥੀਆਂ ਨੂੰ ਲੋਹੜੇ ਦੀਆਂ ਫੀਸਾਂ ਦੀ ਹੀ ਨਹੀਂ ਸਗੋਂ ਰਹਿਣ-ਸਹਿਣ, ਖਾਣ-ਪੀਣ ਲਈ ਵੀ ਖ਼ਰਚਿਆਂ ਦੀ ਲੋੜ ਪੈਂਦੀ ਹੈ। ਉਹ ਬੱਚੇ ਬੇਸਮੈਂਟਾਂ ਜਾਂ ਘਰਾਂ ਵਿਚ ਮੁਰਗੀਆਂ ਵਾਂਗ ਕਿੰਨੇ-ਕਿੰਨੇ ਤੜੇ ਰਹਿੰਦੇ ਹਨ, ਉਹਨਾਂ ਦੇ ਜੀਵਨ ਪੱਧਰ ਦਾ ਕਿਸੇ ਨੂੰ ਖ਼ਿਆਲ ਨਹੀਂ। ਉਹਨਾਂ 'ਤੇ ਹੀ ਦੋਸ਼ ਮੜ੍ਹ ਦਿੱਤਾ ਜਾਂਦਾ ਹੈ ਕਿ ਇਹਨਾਂ ਦੇ ਆਉਣ ਨਾਲ ਘਰਾਂ ਦੇ ਕਿਰਾਏ ਅਤੇ ਕੀਮਤਾਂ ਵਧ ਗਈਆਂ ਹਨ। ਉਹ ਕੁਦਰਤੀ ਗੱਲ ਕਿ ਉਹਨਾਂ ਨੇ ਰਹਿਣਾ ਤਾਂ ਹੈ ਹੀ ਜਿੱਥੇ ਵੀ ਥਾਂ ਮਿਲਦੀ ਹੈ, ਉਹ ਮਜਬੂਰੀ ਨੂੰ ਮਹਿੰਗਾ ਬਸੇਰਾ ਵੀ ਕਰਦੇ ਹਨ। ਇਸ ਵਿਚ ਕਿਸ ਦਾ ਕਸੂਰ ਹੈ ਕਿ ਘਰਾਂ ਦੇ ਕਿਰਾਏ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਰਹੀਆਂ ਹਨ, ਉਸ 'ਤੇ ਰੋਕ ਲਾਉਣਾ ਵੀ ਤਾਂ ਸਰਕਾਰ ਦਾ ਕੰਮ ਹੈ ਤੇ ਆ ਰਹੇ ਪਰਵਾਸੀਆਂ ਲਈ ਰਹਿਣ ਦਾ ਜੁਗਾੜ ਕਰਨਾ ਵੀ। ਇਸ ਦੇ ਉਲਟ ਕਮਿਊਨਿਟੀ ਦੋਫਾੜ ਹੋ ਕੇ ਆਪਣਾ ਨਜ਼ਲਾ ਵਿਦਿਆਰਥੀਆਂ 'ਤੇ ਝਾੜ ਦਿੰਦੀ ਹੈ, ਉਹ ਭਾਵੇਂ ਇਹ ਕਹਿਣ ਕਿ ਵਿਦਿਆਰਥੀਆਂ ਨੂੰ ਇੱਥੇ ਰਹਿਣਾ ਨਹੀਂ ਆਉਂਦਾ, ਜਾਂ ਇਹ ਸਫ਼ਾਈ ਨਹੀਂ ਕਰਦੇ, ਗੰਦ ਪਾਉਂਦੇ ਹਨ ਜਾਂ ਉੱਚੀ ਸੰਗੀਤ ਲਾ ਕੇ ਰੱਖਦੇ ਨੇ, ਜਾਂ ਲੜਾਈਆਂ ਕਰਦੇ ਨੇ। ਇੱਥੇ ਵਸਦੇ ਲੋਕ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਜਿਹੜੀ ਉਹਨਾਂ ਨੂੰ ਘਰਾਂ ਜਾਂ ਹੋਰ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਕਰ ਕੇ ਸਰਕਾਰ ਵੱਲ ਉਂਗਲ ਕਰਨੀ ਚਾਹੀਦੀ, ਉਹ ਵੀ ਆਪਣਾ ਗੁੱਸਾ, ਇਸ ਅਖਾਣ ਵਾਂਗ ਕਿ 'ਗਰੀਬ ਦੀ ਜ਼ੋਰੂ ਸਭ ਦੀ ਭਾਬੀ' 'ਤੇ ਲਾਹ ਕੇ ਹੀ ਆਪਣੀ ਭੜਾਸ ਕੱਢ ਲੈਂਦੇ ਹਨ।

ਇਹ ਨਿੱਕੀਆਂ-ਨਿੱਕੀਆਂ ਗੱਲਾਂ ਕਈ ਵਾਰ ਬਹੁਤ ਵੱਡੀਆਂ ਬਣ ਕੇ ਸਾਡੇ ਸਾਹਮਣੇ ਆਈਆਂ ਹਨ। ਹਰ ਇਨਸਾਨ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਅਜੇ ਨੌਜਵਾਨ ਬੱਚੇ ਹਨ ਜੋ ਮਾਵਾਂ ਦੀਆਂ ਬੁੱਕਲਾਂ ਵਿਚੋਂ ਸਿੱਧੇ ਅਜਿਹੀ ਧਰਤੀ 'ਤੇ ਆ ਗਏ ਜਿੱਥੇ ਸਭ ਕੁਝ ਅਲੱਗ-ਥਲੱਗ ਹੈ, ਵੱਖਰਾ ਹੈ- ਬੋਲੀ, ਰਹਿਣ-ਸਹਿਣ ਦਾ ਸਲੀਕਾ, ਵਾਤਾਵਰਨ, ਭੱਜ-ਨੱਠ ਦੀ ਜ਼ਿੰਦਗੀ। ਉਹਨਾਂ ਨੂੰ ਇੱਥੇ ਨੂੰ ਸਮਝਣ ਲਈ ਸਮਾਂ ਲੱਗਦਾ ਹੈ, ਤੇ ਜਾਂ ਉਹਨਾਂ ਦੀ ਮਜਬੂਰੀ ਹੈ ਕਿ ਉਹ ਸਕੂਲ ਵੀ ਜਾਂਦੇ ਹਨ, ਰੋਟੀ-ਰੋਜ਼ੀ ਲਈ ਕੰਮ ਵੀ ਕਰਦੇ ਹਨ, ਸਕੂਲ ਦਾ ਹੋਮ-ਵਰਕ ਵੀ ਕਰਨਾ ਹੈ ਤੇ ਘਰ ਆ ਕੇ ਸਾਫ਼-ਸਫ਼ਾਈ ਜਾਂ ਖਾਣਾ ਵੀ

***(ਬਾਕੀ ਅਗਲੇ ਸਫੇ 'ਤੇ)***

# ਪੱਛਮੀ ਆਵਾਸ ਨੀਤੀਆਂ ਦੇ ਦੂਰਗਾਮੀ ਅਸਰ

1990ਵਿਆਂ ਦੇ ਮੱਧ ਤੋਂ ਭਾਰਤ ਤੋਂ ਵੱਖ-ਵੱਖ ਦੇਸ਼ਾਂ ਨੂੰ ਹੋਣ ਵਾਲੇ ਕਿਰਤ ਸ਼ਕਤੀ ਦੇ ਪਰਵਾਸ ਵਿਚ ਵਾਧਾ ਹੋ ਰਿਹਾ ਹੈ ਜਿਸ ਕਰ ਕੇ ਭਾਰਤੀ ਪਰਵਾਸੀ ਭਾਈਚਾਰੇ ਦਾ ਆਕਾਰ ਦੁਨੀਆ ਵਿਚ ਸਭ ਤੋਂ ਵੱਡਾ ਹੋ ਗਿਆ ਹੈ। ਇਸ ਨਾਲ ਪਰਵਾਸੀਆਂ ਵੱਲੋਂ ਭਾਰਤ ਵਿਚ ਆਪਣੇ ਪਰਿਵਾਰਾਂ ਨੂੰ ਭੇਜੀ ਜਾਣ ਵਾਲੀ ਕਮਾਈ ਵਿਚ ਵੀ ਚੋਖਾ ਵਾਧਾ ਹੋਇਆ ਅਤੇ ਭਾਰਤ ਆਪਣੇ ਪਰਵਾਸੀ ਕਿਰਤੀਆਂ ਦੀ ਸਭ ਤੋਂ ਵੱਧ ਕਮਾਈ ਪ੍ਰਾਪਤ ਕਰਨ ਵਾਲਾ ਮੁਲਕ ਬਣ ਗਿਆ ਹੈ।

**ਡਾ. ਸੁੱਚਾ ਸਿੰਘ ਗਿੱਲ**

ਹਾਲ ਹੀ ਵਿਚ ਕੈਨੇਡਾ ਦੀਆਂ ਆਵਾਸ ਨੀਤੀਆਂ ਵਿਚ ਤਬਦੀਲੀ ਆਉਣ ਕਰ ਕੇ ਅਤੇ ਅਮਰੀਕਾ ਦੀਆਂ ਆਵਾਸ ਨੀਤੀਆਂ ਵਿਚ ਸੰਭਾਵੀ ਰੱਦੋ-ਬਦਲ ਕਰ ਕੇ ਭਾਰਤ ਉੱਪਰ ਪ੍ਰਭਾਵ ਪੈਣ ਦੇ ਆਸਾਰ ਹਨ, ਖ਼ਾਸਕਰ ਉਨ੍ਹਾਂ ਰਾਜਾਂ 'ਤੇ ਜਿੱਥੋਂ ਵੱਡੀ ਗਿਣਤੀ ਵਿਚ ਪਰਵਾਸੀ ਦੂਜੇ ਮੁਲਕਾਂ ਵਿਚ ਜਾਂਦੇ ਹਨ। ਇਨ੍ਹਾਂ ਵਿਚ ਕੇਰਲ, ਗੁਜਰਾਤ, ਪੰਜਾਬ ਅਤੇ ਆਂਧਰਾ ਪ੍ਰਦੇਸ਼ ਜਿਹੇ ਸੂਬੇ ਸ਼ਾਮਲ ਹਨ।

ਬਹੁਤ ਸਾਰੇ ਅਰਥਸ਼ਾਸਤਰੀਆਂ ਅਤੇ ਆਲਮੀ ਸੰਸਥਾਵਾਂ ਵੱਲੋਂ ਭਾਰਤ ਦੀ ਸ਼ਾਨਦਾਰ ਆਰਥਿਕ ਕਾਰਕਰਦਗੀ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ (1991) ਦੀ ਭੂਮਿਕਾ ਦਾ ਜ਼ਿਕਰ ਕੀਤਾ ਜਾਂਦਾ ਹੈ। ਇਸ ਉੱਦਮ ਤਹਿਤ ਆਰਥਿਕ ਨੀਤੀ ਵਿਚ ਤਬਦੀਲੀ ਦੇ ਨਾਲ-ਨਾਲ ਜੀ-7 ਮੁਲਕਾਂ ਨਾਲ ਭਾਰਤ ਦੇ ਰਿਸ਼ਤਿਆਂ ਦੀ ਮੁੜ ਵਿਉਂਤਬੰਦੀ ਵੀ ਕੀਤੀ ਗਈ ਸੀ। ਇਸ ਦਾ ਵਿਸਤਾਰ ਕਰਦਿਆਂ ਜੀ-20 ਮੀਟਿੰਗਾਂ ਵਿਚ ਭਾਰਤ ਦੀ ਹਿੱਸੇਦਾਰੀ ਨੂੰ ਕਾਰਗਰ ਬਣਾਇਆ ਗਿਆ। ਇਸ ਸਦਕਾ ਭਾਰਤ ਵੱਡੀ ਵਿਦੇਸ਼ੀ ਪੂੰਜੀ ਨੂੰ ਆਕਰਸ਼ਿਤ ਕਰਨ ਵਿਚ ਸਫ਼ਲ ਹੋ ਸਕਿਆ ਜਿਸ ਦੇ ਨਾਲ ਹੀ ਘਰੇਲੂ ਬੱਚਤਾਂ ਅਤੇ ਨਿਵੇਸ਼ ਦੀ ਉੱਚੀ ਦਰ ਦਾ ਇਸ ਨੂੰ ਫ਼ਾਇਦਾ ਹੋਇਆ। ਪਿਛਲੇ ਸਾਲ ਨਵੀਂ ਦਿੱਲੀ ਵਿਚ ਜੀ-20 ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ.ਆਰ.ਆਈ.) ਦੇ ਮੁਕਾਬਲੇ 'ਤੇ ਮੱਧ ਪੂਰਬ ਦੇ ਦੇਸ਼ਾਂ ਰਾਹੀਂ ਯੂਰਪ ਨੂੰ ਜੋੜਨ ਵਾਲਾ ਰੇਲ ਲਿੰਕ ਉਸਾਰਿਆ ਜਾਵੇ।

ਵੱਡੀ ਤਾਦਾਦ ਵਿਚ ਪੜ੍ਹੇ ਲਿਖੇ ਭਾਰਤੀ ਹੁਨਰਮੰਦ ਤੇ ਅਰਧ ਹੁਨਰਮੰਦ ਕਾਮਿਆਂ ਨੂੰ ਵਿਦੇਸ਼ਾਂ ਵਿਚ ਨੌਕਰੀਆਂ ਮਿਲਦੀਆਂ ਰਹੀਆਂ ਹਨ। ਇਨ੍ਹਾਂ ਘਟਨਾਵਾਂ ਕਰ ਕੇ ਭਾਰਤੀ ਪਰਵਾਸੀ ਭਾਈਚਾਰੇ ਦਾ ਵਿਸਤਾਰ ਹੋ ਰਿਹਾ ਸੀ ਜਿਸ ਸਦਕਾ ਪਿਛਲੇ ਕੁਝ ਸਾਲਾਂ ਤੋਂ ਘਰੇਲੂ ਕਮਾਈ ਵਿਚ ਇਸ ਦਾ ਯੋਗਦਾਨ ਦੁਨੀਆ ਭਰ ਵਿਚ ਸਭ ਤੋਂ ਜ਼ਿਆਦਾ ਹੋ ਗਿਆ। ਆਰਥਿਕ ਨੀਤੀ ਵਿਚ ਸੰਤੁਲਨ ਕਾਇਮ ਰੱਖਣ ਅਤੇ ਦੇਸ਼ ਦੇ ਕੌਮਾਂਤਰੀ ਰਿਸ਼ਤਿਆਂ ਸਦਕਾ ਇਹ ਸੰਭਵ ਹੋਇਆ ਸੀ। ਸਾਲ 2000 ਵਿਚ ਭਾਰਤੀ ਪਰਵਾਸੀਆਂ ਦੀ ਗਿਣਤੀ 79 ਲੱਖ ਸੀ ਜੋ 2023 ਵਿਚ ਵਧ ਕੇ 1.89 ਕਰੋੜ ਹੋ ਗਈ ਸੀ। ਪਰਵਾਸੀ ਭਾਰਤੀਆਂ ਵੱਲੋਂ ਦੇਸ਼ ਵਿਚ ਭੇਜੀ ਜਾਂਦੀ ਕਮਾਈ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਦੇ ਖ਼ਪਤ ਮਿਆਰਾਂ ਵਿਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਮਕਾਨ ਉਸਾਰੀ ਤੇ ਕਾਰੋਬਾਰਾਂ ਵਿਚ ਨਿਵੇਸ਼ ਵਧਦਾ ਹੈ। ਭਾਰਤ ਦੀ ਵਿਦੇਸ਼ੀ ਮੁਦਰਾ ਦੀ ਕਮਾਈ ਵਿਚ ਉਨ੍ਹਾਂ ਵੱਲੋਂ ਵੱਡਾ ਯੋਗਦਾਨ ਦਿੱਤਾ ਜਾਂਦਾ ਹੈ।

ਪਰਵਾਸੀ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ (44.60 ਲੱਖ) ਅਮਰੀਕਾ ਵਿਚ ਹੈ। ਅਮਰੀਕਾ ਦੇ ਚਾਰ ਸਭ ਤੋਂ ਕਰੀਬੀ ਮੁਲਕਾਂ ਵਿਚ ਭਾਰਤੀ ਪਰਵਾਸੀਆਂ ਦੀ ਕੁੱਲ ਗਿਣਤੀ 86.49 ਲੱਖ ਹੈ ਜਿਨ੍ਹਾਂ 'ਚ ਆਸਟਰੇਲੀਆ (4.96 ਲੱਖ), ਕੈਨੇਡਾ (16.89 ਲੱਖ), ਨਿਊਜ਼ੀਲੈਂਡ (2.40 ਲੱਖ) ਅਤੇ ਬਰਤਾਨੀਆ (17.64 ਲੱਖ) ਸ਼ਾਮਿਲ ਹਨ। ਮੱਧ ਪੂਰਬ ਇੱਕ ਹੋਰ ਖ਼ਿੱਤਾ ਹੈ ਜਿੱਥੇ ਸਭ ਤੋਂ ਵੱਧ ਭਾਰਤੀ ਪਰਵਾਸੀ ਮੌਜੂਦ ਹਨ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਸਾਊਦੀ ਅਰਬ, ਓਮਾਨ, ਕੁਵੈਤ ਅਤੇ ਕਤਰ ਵਿਚ ਕੁੱਲ ਮਿਲਾ ਕੇ 85.77 ਲੱਖ ਭਾਰਤੀ ਪਰਵਾਸੀ ਹਨ। ਇਨ੍ਹਾਂ ਦੋਵੇਂ ਖ਼ਿੱਤਿਆਂ ਦੀਆਂ ਆਵਾਸ ਨੀਤੀਆਂ ਵਿਚ ਵੱਡਾ ਫ਼ਰਕ ਹੈ। ਪੱਛਮੀ ਮੁਲਕਾਂ ਵੱਲੋਂ ਪਰਵਾਸੀਆਂ ਨੂੰ ਸਥਾਈ ਤੌਰ 'ਤੇ ਵਸਣ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਨਾਗਰਿਕਤਾ ਵੀ ਦਿੱਤੀ ਜਾਂਦੀ ਹੈ। ਖਾੜੀ ਦੇਸ਼ਾਂ ਵਿਚ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਇਸ ਕਰ ਕੇ ਪੱਛਮੀ ਦੇਸ਼ ਪਰਵਾਸੀਆਂ ਦਾ ਪਸੰਦੀਦਾ ਟਿਕਾਣਾ ਬਣੇ ਹੋਏ ਹਨ। ਸਾਲ 2023 ਵਿਚ ਭਾਰਤ ਨੂੰ ਆਪਣੇ ਪਰਵਾਸੀਆਂ ਦੀ ਪ੍ਰਾਪਤ ਹੋਈ ਕੁੱਲ ਕਮਾਈ ਦਾ 35 ਫ਼ੀਸਦੀ ਤੋਂ ਵੱਧ ਹਿੱਸਾ ਅਮਰੀਕਾ ਤੇ ਇਸ ਦੇ ਚਾਰ ਕਰੀਬੀ ਮੁਲਕਾਂ ਤੋਂ ਆਇਆ ਸੀ। ਇਕੱਲੇ ਅਮਰੀਕਾ ਦਾ ਯੋਗਦਾਨ 23 ਫ਼ੀਸਦੀ ਹੈ ਜਿਸ ਤੋਂ ਬਾਅਦ ਭਾਰਤ ਦੀ 120 ਅਰਬ ਡਾਲਰ ਦੀ ਕੁੱਲ ਪਰਵਾਸੀ ਕਮਾਈ ਵਿਚ ਬਰਤਾਨੀਆ ਦਾ ਹਿੱਸਾ (6.8 ਫ਼ੀਸਦੀ), ਕੈਨੇਡਾ (2.4 ਫ਼ੀਸਦੀ), ਆਸਟਰੇਲੀਆ (1.9 ਫ਼ੀਸਦੀ) ਅਤੇ ਨਿਊਜ਼ੀਲੈਂਡ (ਇੱਕ ਫ਼ੀਸਦੀ ਤੋਂ ਘੱਟ) ਹੈ। ਪਰਵਾਸੀ ਭਾਰਤੀਆਂ ਦੀ ਦੇਸ਼ ਭੇਜੀ ਜਾਂਦੀ ਕਮਾਈ ਵਿਚ ਯੂਰਪ ਸਣੇ ਪੱਛਮੀ ਦੇਸ਼ਾਂ ਦਾ ਕੁੱਲ ਹਿੱਸਾ ਖਾੜੀ ਦੇਸ਼ਾਂ ਦੇ ਪਰਵਾਸੀਆਂ ਨਾਲੋਂ ਜ਼ਿਆਦਾ ਹੈ, ਜਿਨ੍ਹਾਂ ਦਾ ਕੁੱਲ ਹਿੱਸਾ 42 ਫ਼ੀਸਦੀ ਬਣਦਾ ਹੈ।



ਭਾਰਤ ਨੂੰ ਪ੍ਰਾਪਤ ਹੋਣ ਵਾਲੀ ਆਪਣੇ ਪਰਵਾਸੀਆਂ ਦੀ ਕਮਾਈ ਵਿਚ 85 ਫ਼ੀਸਦੀ ਤੋਂ ਵੱਧ ਹਿੱਸਾ ਪੱਛਮੀ ਦੇਸ਼ਾਂ ਅਤੇ ਮੱਧ ਪੂਰਬ ਦੇ ਦੇਸ਼ਾਂ ਦੇ ਪਰਵਾਸੀਆਂ ਦਾ ਹੀ ਹੈ ਜਿਸ ਸਦਕਾ ਭਾਰਤ ਨੂੰ ਵਿਦੇਸ਼ੀ ਵਪਾਰ ਵਿਚਲਾ ਆਪਣਾ ਘਾਟਾ ਪੂਰਾ ਕਰਨ ਵਿਚ ਮਦਦ ਮਿਲਦੀ ਰਹੀ ਹੈ। ਪਰਵਾਸੀਆਂ ਵੱਲੋਂ ਭੇਜੀ ਜਾਂਦੀ ਕਮਾਈ ਦੇ ਸੂਬਾਵਾਰ ਅੰਕੜਿਆਂ ਵਿਚ ਪਹਿਲਾ ਸਥਾਨ ਕੇਰਲਾ ਦਾ ਹੈ ਜਿਸ ਤੋਂ ਬਾਅਦ ਮਹਾਰਾਸ਼ਟਰ, ਕਰਨਾਟਕ ਅਤੇ ਤਾਮਿਲ ਨਾਡੂ ਆਉਂਦੇ ਹਨ।

ਵੱਖ-ਵੱਖ ਦੇਸ਼ਾਂ 'ਚ ਵੱਡੀ ਗਿਣਤੀ ਆਵਾਸੀ ਹੋਣ ਦੇ ਬਾਵਜੂਦ, ਪੰਜਾਬ ਅਜੇ ਵੀ ਇਨ੍ਹਾਂ ਸੂਬਿਆਂ ਤੋਂ ਪਿੱਛੇ ਹੈ। ਇਹ ਇਸ ਕਰ ਕੇ ਹੈ ਕਿਉਂਕਿ ਪਰਵਾਸੀ ਪੰਜਾਬੀ ਜ਼ਿਆਦਾਤਰ ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਹੋਰਨਾਂ ਮੁਲਕਾਂ ਵਿਚ ਹਨ, ਜਿੱਥੇ ਉਹ ਪੱਕੇ ਤੌਰ 'ਤੇ ਵਸ ਗਏ ਹਨ ਤੇ ਸਮੇਂ ਦੇ ਨਾਲ-ਨਾਲ ਉੱਥੋਂ ਭੇਜੀ ਜਾਂਦੀ ਰਕਮ ਘਟਦੀ ਗਈ ਹੈ। ਕੇਰਲ ਦੇ ਬਹੁਤੇ ਪਰਵਾਸੀ ਜ਼ਿਆਦਾਤਰ ਯੂਏਈ ਤੇ ਹੋਰਨਾਂ ਅਰਬ ਮੁਲਕਾਂ ਵਿਚ ਹਨ ਜਿੱਥੇ ਉਹ ਪੱਕੇ ਤੌਰ 'ਤੇ ਨਹੀਂ ਰਹਿ ਸਕਦੇ। ਇਸ ਕਰ ਕੇ ਉਹ ਘਰਾਂ ਨੂੰ ਪਿੱਛੇ ਜ਼ਿਆਦਾ ਪੈਸਾ ਭੇਜਦੇ ਹਨ।

ਦੂਜੇ ਮੁਲਕਾਂ ਵੱਲ ਹੁੰਦੇ ਪਰਵਾਸ ਨਾਲ ਭਾਰਤ ਸਿਰੋਂ ਪੜ੍ਹੇ-ਲਿਖਿਆਂ ਤੇ ਹੁਨਰਮੰਦਾਂ ਦੀ ਬੇਰੁਜ਼ਗਾਰੀ ਦਾ ਬੋਝ ਘਟਿਆ ਹੈ। ਭਾਰਤ ਦੇ ਪਰਵਾਸੀ ਨਾ ਸਿਰਫ਼ ਵੱਡੇ ਪੱਧਰ 'ਤੇ ਵਿਦੇਸ਼ੀ ਮੁਦਰਾ ਵਟਾਂਦਰੇ ਤੋਂ ਹੁੰਦੀ ਕਮਾਈ ਦਾ ਸਰੋਤ ਹਨ ਸਗੋਂ ਨਾਲ ਹੀ ਵਿਦੇਸ਼ਾਂ 'ਚ ਭਾਰਤੀ ਸੱਭਿਆਚਾਰ ਤੇ ਚੰਗਿਆਈ ਨੂੰ ਵੀ ਫੈਲਾਉਂਦੇ ਹਨ। ਉਹ ਵਿਦੇਸ਼ਾਂ 'ਚ ਰਵਾਇਤੀ ਵਸਤਾਂ ਦੀ ਮੰਗ ਵੀ ਪੈਦਾ ਕਰਦੇ ਹਨ।

ਸੰਨ 1991 ਵਿਚ ਉਦਾਰੀਕਰਨ ਨੀਤੀ ਅਪਣਾਉਣ ਤੋਂ ਬਾਅਦ ਭਾਰਤ ਆਪਣੀਆਂ ਘਰੇਲੂ ਲੋੜਾਂ ਲਈ ਅਤੇ ਵਾਧੂ ਵਸਤਾਂ ਤੇ ਸੇਵਾਵਾਂ ਨੂੰ ਵਿਦੇਸ਼ਾਂ 'ਚ ਲਾਹੁਣ ਲਈ ਦੂਜੇ ਅਰਥਚਾਰਿਆਂ 'ਤੇ ਪਹਿਲਾਂ ਨਾਲੋਂ ਵੱਧ ਨਿਰਭਰ ਹੁੰਦਾ ਗਿਆ ਹੈ ਤੇ ਨਾਲ ਹੀ ਇਹ ਆਪਣੇ ਸਿੱਖਿਅਤ ਕਾਮਿਆਂ ਨੂੰ ਬਾਹਰ ਵੀ ਭੇਜਦਾ ਰਿਹਾ ਹੈ। ਇਹੀ ਕਾਰਨ ਹੈ ਕਿ ਪੱਛਮੀ ਮੁਲਕਾਂ ਦੀਆਂ ਆਵਾਸ ਨੀਤੀਆਂ 'ਚ ਤਬਦੀਲੀਆਂ ਇਸ 'ਤੇ ਗੰਭੀਰ ਅਸਰ ਪਾਉਂਦੀਆਂ ਹਨ।

ਕੈਨੇਡਾ ਦੀ ਆਵਾਸ ਨੀਤੀ ਵਿਚ ਹਾਲ ਹੀ 'ਚ ਕਈ ਤਬਦੀਲੀਆਂ ਹੋਈਆਂ ਹਨ, ਜਿਵੇਂ ਕਿ 'ਮਲਟੀਪਲ-ਐਂਟਰੀ' ਵਿਜ਼ਟਰ ਵੀਜ਼ਾ ਸੀਮਤ ਕੀਤਾ ਗਿਆ ਹੈ। ਇੱਕ ਹੋਰ ਮਹੱਤਵਪੂਰਨ ਤਬਦੀਲੀ ਪੱਕੀ ਰਿਹਾਇਸ਼ (ਪੀ.ਆਰ.) ਪ੍ਰਵਾਨ ਕਰਨ ਦੀ ਤਜਵੀਜ਼ ਨਾਲ ਸਬੰਧਿਤ ਹੈ। ਇਸ ਤੋਂ ਪਹਿਲਾਂ ਜਿਹੜੇ ਵਿਦਿਆਰਥੀ ਆਪਣੀਆਂ ਡਿਗਰੀਆਂ ਜਾਂ ਡਿਪਲੋਮੇ ਪੂਰੇ ਕਰ ਲੈਂਦੇ ਸਨ, ਉਨ੍ਹਾਂ ਨੂੰ ਆਰਜ਼ੀ ਕੰਮ ਕਰਨ ਦੀ ਖੁੱਲ੍ਹ (ਵਰਕ ਪਰਮਿਟ) ਮਿਲ ਜਾਂਦੀ ਸੀ ਤੇ ਕੁਝ ਸਮੇਂ ਬਾਅਦ ਪੀਆਰ ਵੀ ਮਿਲ ਜਾਂਦੀ ਸੀ। ਇਹ ਪ੍ਰਕਿਰਿਆ ਹੁਣ ਸਖ਼ਤ ਕਰ ਦਿੱਤੀ ਗਈ ਹੈ ਤੇ ਬਹੁਤ ਘੱਟ ਗਿਣਤੀ ਵਿਦਿਆਰਥੀ ਹੀ ਪੀ.ਆਰ. ਲੈ ਸਕਣਗੇ, ਸ਼ਰਤ ਇਹ ਹੋਵੇਗੀ ਕਿ ਉਨ੍ਹਾਂ ਕੋਲ ਉਹ ਹੁਨਰ ਹੋਵੇ ਜਿਸ ਲਈ ਕੈਨੇਡਾ ਨੂੰ ਆਪਣੇ ਨਾਗਰਿਕਾਂ ਵਿਚੋਂ ਕਾਮੇ ਨਾ ਮਿਲ ਰਹੇ ਹੋਣ।

ਪਿਛਲੇ ਸਾਲ ਕੈਨੇਡਾ ਨੇ ਅਕਾਦਮਿਕ ਸੰਸਥਾਵਾਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ ਦੀ ਸ਼ਰਤ ਦੇ ਤੌਰ 'ਤੇ ਰਹਿਣ-ਸਹਿਣ ਦੇ ਖ਼ਰਚਿਆਂ ਲਈ ਅਗਾਊਂ ਜਮ੍ਹਾਂ ਹੁੰਦੀ ਰਕਮ ਦੀ ਜ਼ਰੂਰਤ ਨੂੰ ਦੁੱਗਣਾ ਕਰ ਦਿੱਤਾ ਸੀ। ਪੀ.ਆਰ. ਦੇ ਨਿਯਮਾਂ ਤੇ ਵੀਜ਼ਾ ਨੀਤੀ ਵਿਚ ਆਈਆਂ ਤਬਦੀਲੀਆਂ ਕਾਰਨ ਭਾਰਤੀਆਂ ਸਣੇ ਵੱਡੀ ਗਿਣਤੀ ਵਿਦੇਸ਼ੀ ਵਿਦਿਆਰਥੀਆਂ ਅੱਗੇ ਪੜ੍ਹਾਈ ਤੋਂ ਬਾਅਦ ਕੈਨੇਡਾ 'ਚੋਂ ਕੱਢੇ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ।

ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਤੇ ਵਰਕਰਾਂ ਲਈ ਕੈਨੇਡਾ ਪਸੰਦੀਦਾ ਟਿਕਾਣਾ ਬਣਿਆ ਹੋਇਆ ਸੀ। ਪਿਛਲੇ ਸਾਲ (2023 ਵਿਚ) ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 4.27 ਲੱਖ ਸੀ ਜਿਨ੍ਹਾਂ ਵਿਚੋਂ 1.47 ਲੱਖ (41 ਫ਼ੀਸਦੀ) ਪੰਜਾਬ ਤੋਂ ਸਨ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਪੰਜਾਬੀ ਅਜਿਹੇ ਹਨ ਜਿਨ੍ਹਾਂ ਕੋਲ ਆਰਜ਼ੀ ਰਿਹਾਇਸ਼ੀ ਪਰਮਿਟ ਹਨ ਜੋ ਮੁੱਕਣ ਵਾਲੇ ਹਨ। ਇਨ੍ਹਾਂ ਵਿਚੋਂ ਡੇਢ ਲੱਖ ਤੋਂ ਵੱਧ ਅਜਿਹੇ ਹਨ ਜੋ ਡਿਪੋਰਟ ਹੋਣ ਦੇ ਖ਼ਤਰੇ ਨਾਲ ਜੂਝ ਰਹੇ ਹਨ। ਇਨ੍ਹਾਂ 'ਚੋਂ ਕਈ ਆਪਣੀਆਂ ਮੁਸ਼ਕਿਲਾਂ ਦੱਸਣ ਲਈ ਕੈਨੇਡਾ ਭਰ 'ਚ ਰੋਸ ਮੁਜ਼ਾਹਰੇ ਕਰ ਰਹੇ ਹਨ ਪਰ ਕੋਈ ਵੀ ਇਨ੍ਹਾਂ ਦਾ ਦੁੱਖ ਸੁਣਨ ਲਈ ਤਿਆਰ ਨਹੀਂ ਹੈ।

ਅਮਰੀਕਾ ਦੀ ਹਾਲੀਆ ਚੋਣ ਨੇ ਡੋਨਲਡ ਟਰੰਪ ਦੀ ਸੱਤਾ 'ਚ ਵਾਪਸੀ ਕਰਵਾ ਦਿੱਤੀ ਹੈ। ਉਹ 'ਅਮਰੀਕਾ ਫਸਟ' ਦੀ ਨੀਤੀ ਉੱਤੇ ਚੱਲ ਰਿਹਾ ਹੈ ਤੇ ਸ਼ਾਇਦ ਆਵਾਸ ਨੀਤੀਆਂ ਸਖ਼ਤ ਕਰ ਸਕਦਾ ਹੈ। ਕਈ ਹੋਰ ਪੱਛਮੀ ਮੁਲਕਾਂ ਵਿਚ ਵੀ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਦੇ ਸੰਕੇਤ ਨਜ਼ਰ ਆ ਰਹੇ ਹਨ। ਇਸ ਨਾਲ ਪਰਵਾਸੀ ਭਾਰਤੀ ਭਾਈਚਾਰੇ ਅਤੇ ਭਾਰਤ ਨੂੰ ਭੇਜੀ ਜਾ ਰਹੀ ਕਮਾਈ 'ਤੇ ਗੰਭੀਰ ਅਸਰ ਪੈਣੇ ਤੈਅ ਹਨ।

ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਬਚਾਉਣ ਦੀ ਫ਼ੌਰੀ ਲੋੜ ਹੈ, ਜੋ ਉੱਥੇ ਪੱਕੇ ਤੌਰ 'ਤੇ ਵਸਣ ਦੀਆਂ ਖ਼ਾਹਿਸ਼ਾਂ ਲੈ ਕੇ ਗਏ ਹਨ। ਜੇਕਰ ਇਨ੍ਹਾਂ ਵਿਚੋਂ ਵੱਡੀ ਗਿਣਤੀ ਨੂੰ ਪੰਜਾਬ ਵਾਪਸ ਆਉਣ ਲਈ ਮਜਬੂਰ ਕਰ ਦਿੱਤਾ ਗਿਆ ਤਾਂ ਬਹੁਤ ਵੱਡੀ ਸਮੱਸਿਆ ਖੜ੍ਹੀ ਹੋਵੇਗੀ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਨੂੰ ਇੱਕ ਵਿਹਾਰਕ ਹੱਲ ਲਈ ਤੁਰੰਤ ਕੇਂਦਰ ਸਰਕਾਰ ਵੱਲੋਂ ਉਠਾਏ।

## ਕੌਮਾਂਤਰੀ ਵਿਦਿਆਰਥੀ

*(ਪਿਛਲੇ ਸਫੇ ਦੀ ਬਾਕੀ)*

ਬਣਾਉਣਾ ਹੈ, ਉਹ ਬੱਚੇ ਉਦਾਸ ਤਾਂ ਹੋਣਗੇ ਹੀ ਜਿਨ੍ਹਾਂ ਨੇ ਕਦੇ ਪਾਣੀ ਦਾ ਗਿਲਾਸ ਚੁੱਕ ਕੇ ਨਹੀਂ ਪੀਤਾ ਹੁੰਦਾ। ਮਾਪਿਆਂ ਨੂੰ ਛੱਡ ਕੇ ਅਜਿਹੀ ਧਰਤੀ 'ਤੇ ਆ ਟਿਕੇ ਜਿੱਥੇ ਉਹਨਾਂ ਨੂੰ ਆਪਣਾ ਕੋਈ ਦੁੱਖ-ਸੁੱਖ ਸੁਣਨ ਵਾਲਾ ਨਹੀਂ ਦਿਸ ਰਿਹਾ। ਕਮਿਊਨਿਟੀ ਨੂੰ ਵੀ ਸਮਝਣ ਦੀ ਲੋੜ ਹੈ ਤੇ ਧੀਰਜ ਭਾਅ ਨਾਲ ਗੱਲ ਕਰਨ ਦੀ ਵੀ ਤੇ ਉਹਨਾਂ ਨੂੰ ਸਭ ਕੁਝ ਆਪਣੇ ਸਮਝ ਕੇ ਸਮਝਾਉਣ ਦੀ ਵੀ। ਉਂਝ ਤਾਂ ਜੋ ਕਾਲਜ ਇਹਨਾਂ ਨੂੰ ਲੁੱਟਦੇ ਹਨ, ਉਹਨਾਂ ਨੂੰ ਇਹਨਾਂ ਨੂੰ ਨੈਤਿਕਤਾ ਦਾ ਸਬਕ ਵੀ ਸਿਖਾਉਣ ਲਈ ਕਲਾਸਾਂ ਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਇਹਨਾਂ ਨੂੰ ਕਮਿਊਨਿਟੀ ਵਿਚ ਐਨੀ ਜ਼ਲਾਲਤ ਦਾ ਸਾਹਮਣਾ ਨਾ ਕਰਨਾ ਪਵੇ। ਘੱਟੋ-ਘੱਟ ਇੱਕ ਸਾਲ ਰਹਿਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਇਹਨਾਂ ਸੰਸਥਾਵਾਂ ਨੂੰ ਸਿਰਫ਼ 60% ਕੈਨੇਡਾ ਵਿਚੋਂ ਆਮਦਨ ਹੁੰਦੀ ਹੈ ਜਦਕਿ ਇਹ 40% ਕੌਮਾਂਤਰੀ ਵਿਦਿਆਰਥੀਆਂ ਤੋਂ ਹਾਸਲ ਕਰਦੇ ਹਨ ਜੋ ਬਹੁਤ ਵੱਡੀ ਰਕਮ ਹੈ।

ਜਿੱਥੇ ਕਮਿਊਨਿਟੀ ਵਿਚ ਬਹੁਤ ਸਾਰੇ ਚੰਗੇ ਲੋਕ ਹਨ ਜੋ ਇਹਨਾਂ ਵਿਦਿਆਰਥੀਆਂ ਨੂੰ ਹਮੇਸ਼ਾ 'ਜੀ ਆਇਆਂ' ਕਹਿ ਰਹੇ ਹਨ। ਜੋ ਉਹ ਕਿਰਾਏ 'ਤੇ ਰਹਿੰਦੇ ਹਨ, ਉਹਨਾਂ ਨਾਲ ਬਹੁਤ ਵਧੀਆ ਵਿਹਾਰ ਕਰਦੇ ਹਨ। ਕੰਮ ਦੇਣ ਅਤੇ ਦਿਵਾਉਣ ਵਿਚ ਵੀ ਮਦਦ ਕਰਦੇ ਹਨ ਪਰ ਕੁਝ ਕੁ ਕਾਂਗਿਆਰੀਆਂ ਜਿਹਨਾਂ ਨੇ ਕੌਮਾਂਤਰੀ ਮਜਬੂਰ ਵਿਦਿਆਰਥਣਾਂ ਜੋ ਕਿਰਾਇਆ ਨਹੀਂ ਦੇ ਸਕਦੀਆਂ ਸੀ, ਉਹਨਾਂ ਨਾਲ ਗ਼ਲਤ ਸਬੰਧ ਬਣਾ ਕੇ ਸ਼ੋਸ਼ਣ ਵੀ ਕੀਤਾ ਹੋ ਸਕਦਾ ਹੈ, ਉਹ ਲੋਕ ਆਪਣੇ ਘਰ ਵੀ ਖ਼ਰਾਬ ਕਰਦੇ ਹਨ। ਸਮਾਜ ਵਿਚ ਗੰਦੇ ਕੀੜੇ ਜੋ ਕੱਖਾਂ ਦੀ ਭਰੀ ਪਿੱਛੇ ਗਰੀਬ ਮਜਬੂਰ ਔਰਤਾਂ ਦਾ ਸ਼ੋਸ਼ਣ ਭਾਰਤ ਵਿਚ ਕਰਦੇ ਸਨ, ਬਿਮਾਰ ਮਾਨਸਿਕਤਾ ਵਾਲੇ ਉਹ ਲੋਕ ਇੱਥੇ ਵੀ ਆਪਣੀ ਗੰਦੀ ਸੋਚ ਲੈ ਕੇ ਕੁੜੀਆਂ ਦੀ ਮਜਬੂਰੀ ਦਾ ਫ਼ਾਇਦਾ ਲੈ ਕੇ ਬਦਨਾਮ ਵੀ ਕਰਦੇ ਹੋਣਗੇ। ਕੁਝ ਕੁ ਕੰਮਾਂ 'ਤੇ ਵੀ ਸਰਕਾਰ ਵਲੋਂ ਨਿਰਧਾਰਤ 20 ਘੰਟੇ ਤੋਂ ਉੱਪਰ ਕੰਮ ਕਰਾ ਕੇ ਉਹਨਾਂ ਦੀ ਕਿਰਤ ਦਾ ਮੁੱਲ ਨਾ ਦੇ ਕੇ ਧੋਖਾਧੜੀ ਕਰ ਰਹੇ ਹਨ ਕਿਉਂਕਿ ਬੱਚੇ ਲੇਬਰ ਕੋਰਟ ਦਾ ਬੂਹਾ ਨਹੀਂ ਖੜਕਾ ਸਕਦੇ। ਇੰਮੀਗ੍ਰੇਸ਼ਨ ਸਲਾਹਕਾਰ ਪੀ.ਆਰ. ਦਿਵਾਉਣ ਦੇ ਬਹਾਨੇ ਹਜ਼ਾਰਾਂ ਡਾਲਰ ਉਹਨਾਂ ਤੋਂ ਹਥਿਆ ਲੈਂਦੇ ਹਨ। ਇਹਨਾਂ ਔਕੜਾਂ ਦੇ ਬਾਵਜੂਦ ਵਿਦਿਆਰਥੀ ਹੱਡ ਭੰਨਵੀਂ ਮਿਹਨਤ ਅਰਥਾਤ ਦੂਹਰੀਆਂ-ਦੂਹਰੀਆਂ ਸ਼ਿਫਟਾਂ ਲਾ ਕੇ ਮੰਜ਼ਲਾਂ ਪਾ ਰਹੇ ਹਨ, ਇਹ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਜਿਸ ਭਾਈਚਾਰੇ ਦੇ ਇੱਥੇ ਵਸੇਬੇ ਲਈ ਭਾਈ ਮੇਵਾ ਸਿੰਘ, ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਵਰਗੇ ਗ਼ਦਰੀਆਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਸ ਨੂੰ ਨੇਪਰੇ ਚਾੜ੍ਹ ਰਹੇ ਹਨ।

ਜਦੋਂ ਲਵਪ੍ਰੀਤ ਸਿੰਘ ਦੀ ਖ਼ੁਦਕਸ਼ੀ ਅਤੇ ਬੇਅੰਤ ਦਾ ਕੇਸ ਸਾਹਮਣੇ ਆਇਆ, ਉਦੋਂ ਵੀ ਸਾਰੇ ਕੌਮਾਂਤਰੀ ਵਿਦਿਆਰਥੀਆਂ ਨੂੰ ਇੱਕੋ ਰੱਸੇ ਬੰਨ੍ਹ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਖ਼ਬਰ ਨੂੰ ਐਨਾ ਰਿੜਕਿਆ ਕਿ ਘਰ ਬੈਠਿਆਂ ਅਸੀਂ ਲੋਕਾਂ ਨੇ ਬੇਅੰਤ ਨੂੰ ਡੀਪੋਰਟ ਕਰਾ ਦਿੱਤਾ ਜਦਕਿ ਸਰਕਾਰਾਂ ਕਿਸ ਨੂੰ ਇੱਥੇ ਸੱਦ ਰਹੀਆਂ ਹਨ ਤੇ ਕਿਸ ਨੂੰ ਸੱਦਣਾ ਹੈ, ਸਾਨੂੰ ਕਿਸੇ ਗੱਲ ਦਾ ਪਤਾ ਨਹੀਂ ਹੁੰਦਾ। ਇਸੇ ਤਰਜ਼ 'ਤੇ ਔਨਲਾਈਨ ਅਖ਼ਬਾਰ 'ਕੈਨੇਡੀਅਨ ਬਾਜ਼ਾਰ' (ਟੋਰਾਂਟੋ) ਦੀ ਬਿਨਾਂ ਲੇਖਕ, ਬਿਨਾਂ ਤੱਥਾਂ ਤੋਂ ਛਪੀ ਖ਼ਬਰ ਨੇ ਇੱਕ ਵਾਰ ਫਿਰ ਪੰਜਾਬੀ ਕੌਮਾਂਤਰੀ ਵਿਦਿਆਰਥੀ ਕੁੜੀਆਂ ਨੂੰ ਮਸਾਲਾ ਲੱਗੀਆਂ ਸੁਰਖ਼ੀਆਂ ਵਿਚ ਪਰੋ ਕੇ ਦੇਹ ਵਪਾਰ ਦੇ ਧੰਦੇ ਵਿਚ 90% ਨੂੰ ਉਲੱਦ ਦਿੱਤਾ। ਪੇਸ਼ ਇਹ ਕੀਤਾ ਕਿ ਇਹ ਬਹੁਤ ਗੰਭੀਰ ਮਸਲਾ ਹੈ। ਪੰਜਾਬੀ ਮੀਡੀਆ ਨੇ ਇਸ ਨੂੰ ਹੋਰ ਵੀ ਛੱਜ 'ਚ ਪਾ ਕੇ ਛੱਟਿਆ। ਜਿਨ੍ਹਾਂ ਨੇ ਆਪਣੀ ਟੀ.ਆਰ.ਪੀ. ਵਧਾਉਣੀ ਸੀ, ਉਹਨਾਂ ਇਸ ਤੋਂ ਪੂਰੀ ਖੱਟੀ ਖੱਟੀ। ਇਹ ਸੁਣ ਕੇ ਪੰਜਾਬ ਵਿਚ ਬੈਠੇ ਮਾਪੇ ਤਰਾਹ-ਤਰਾਹ ਕਰਨ ਲੱਗੇ ਤੇ ਫੋਨਾਂ ਦੀਆਂ ਘੰਟੀਆਂ ਖੜਕਣ ਲੱਗੀਆਂ। ਬਾਅਦ ਵਿਚ ਤੱਥਾਂ ਤੋਂ ਬਿਨਾਂ ਇਸ ਖ਼ਬਰ ਵਿਚੋਂ ਕੁਝ ਨਾ ਨਿਕਲਿਆ। ਮੈਂ ਇਸ ਖ਼ਬਰ ਬਾਰੇ ਵਿਚਾਰ ਕਰਦਿਆਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੰਨ ਲਓ ਇਹ ਸਮੱਸਿਆ ਹੈ, ਇੱਥੇ ਵੀ ਹੈ, ਜਿਵੇਂ ਲੱਗਭਗ ਦੁਨੀਆ ਦੇ ਸਾਰੇ ਹੀ ਦੇਸ਼ਾਂ ਵਿਚ ਹੈ। ਇੱਥੇ ਵੀ ਘੱਟ ਗਿਣਤੀਆਂ ਵਾਲੇ ਤੇ ਮੂਲ ਨਿਵਾਸੀ ਲੋਕ ਆਪਣੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਦੀ ਵਜ੍ਹਾ ਕਰਕੇ ਇਸ ਸਮੱਸਿਆ ਦਾ ਸ਼ਿਕਾਰ ਹਨ ਪਰ ਦੇਖਣਾ ਇਹ ਬਣਦਾ ਹੈ ਕਿ ਉਹ ਇਸ ਦਾ ਸ਼ਿਕਾਰ ਕਿਉਂ ਬਣਦੇ ਹਨ? ਜਿਵੇਂ ਸਾਰੀ ਦੁਨੀਆ 'ਤੇ ਕੁਝ ਕੁ ਪੂੰਜੀਪਤੀਆਂ ਦਾ ਰਾਜ ਹੈ, ਉਸ ਦੇ ਘੇਰੇ ਵਿਚ ਕੈਨੇਡਾ ਵੀ ਆਉਂਦਾ ਹੈ। ਇੱਥੇ ਵੀ ਅਮੀਰ ਗਰੀਬ ਦੇ ਪਾੜੇ ਵਿਚ ਗਰੀਬ ਨੂੰ ਹੀ ਮਾਰ ਪੈਂਦੀ ਹੈ। ਇਹ ਪਾੜਾ ਇੱਥੇ ਵੀ ਦਿਨੋਂ-ਦਿਨ ਵਧ ਰਿਹਾ ਹੈ। ਹੁਣ ਉਹ ਬੱਚੇ ਜੋ ਤਿੰਨ ਕਾਲਜਾਂ ਦੇ ਦੀਵਾਲੀਆ ਹੋਣ ਦੇ ਕਾਰਨ ਗਲੀਆਂ ਵਿਚ ਭਟਕ ਰਹੇ ਹਨ, ਉਹਨਾਂ ਦੀ ਮਾਨਸਿਕ ਹਾਲਤ ਕਿੰਨੀ ਡਾਵਾਂਡੋਲ ਹੋਵੇਗੀ? ਇਸ ਹਾਲਤ ਵਿਚ ਉਹਨਾਂ ਦਾ ਕੋਈ ਵੀ ਫ਼ਾਇਦਾ ਉਠਾ ਸਕਦਾ ਹੈ। ਆਪਣੇ ਘਰ ਤੋਂ ਦੂਰ ਬੱਚੇ ਜਦੋਂ ਕਿਸੇ ਵੀ ਦੁਰ-ਵਿਹਾਰ ਦਾ ਸਾਹਮਣਾ ਕਰਦੇ ਹਨ, ਉਹ ਮਾਨਸਿਕ ਤੌਰ 'ਤੇ ਬਹੁਤ ਜਦੋਜਹਿਦ ਵਿਚ ਹੁੰਦੇ ਹਨ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹੁੰਦੇ ਹਨ। ਇਸ ਕਰ ਕੇ ਕਾਫ਼ੀ ਗਿਣਤੀ ਵਿਚ ਬੱਚੇ ਖੁਦਕੁਸ਼ੀਆਂ ਕਰ ਰਹੇ ਹਨ। ਉਹ ਵਾਪਸ ਨਹੀਂ ਜਾਣਾ ਚਾਹੁੰਦੇ ਕਿਉਂਕਿ ਸਾਡਾ ਸਮਾਜ ਉੱਥੇ ਗਿਆਂ ਨੂੰ ਵੀ ਨੇਣ-ਨੇਣ ਕੇ ਮਾਰ ਦਿੰਦਾ ਹੈ।

ਅੰਤ ਵਿਚ ਇਹਨਾਂ ਸਾਰੀਆਂ ਸਮੱਸਿਆਵਾਂ ਤੇ ਕਮਿਊਨਿਟੀ ਵਿਚ ਗੱਲ ਕਰਦੇ ਹੋਏ ਇਹ ਗੱਲ ਸਾਹਮਣੇ ਆਈ ਕਿ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ 20 ਘੰਟੇ ਕੰਮ ਕਰਨ ਦੀ ਛੋਟ ਨਹੀਂ ਸਗੋਂ ਇੱਥੋਂ ਦੇ ਜੰਮਪਲ ਵਿਦਿਆਰਥੀਆਂ ਵਾਂਗ ਖੁੱਲ੍ਹਾ ਸਮਾਂ ਕੰਮ ਕਰਨ ਦੇਣਾ ਚਾਹੀਦਾ ਹੈ ਪਰ ਮੇਰੀਆਂ ਨਜ਼ਰਾਂ ਵਿਚ ਵਿਦਿਆਰਥੀ ਜਿੰਨਾ ਚਿਰ ਪੜ੍ਹਦੇ ਹਨ, ਉਹਨਾਂ ਨੂੰ ਬਿਲਕੁੱਲ ਕੰਮ ਨਹੀਂ ਹੋਣਾ ਚਾਹੀਦਾ; ਭਾਵੇਂ ਇੱਥੋਂ ਦੇ ਹੋਣ, ਭਾਵੇਂ ਕੌਮਾਂਤਰੀ। ਖ਼ਰਚਿਆਂ ਦਾ ਐਨਾ ਵਜ਼ਨ ਲੈ ਕੇ ਕੀ ਉਹ ਵਧੀਆ ਪੜ੍ਹ ਸਕਦੇ ਹਨ? ਸਰਕਾਰਾਂ ਦਾ ਫ਼ਰਜ਼ ਹੋਣਾ ਚਾਹੀਦਾ ਹੈ ਜਦੋਂ ਉਹ ਟੈਕਸ ਲੈਂਦੀਆਂ ਹਨ ਤਾਂ ਉਹ ਹਰ ਵਿਅਕਤੀ ਨੂੰ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਉਣ। ਇੱਕ ਚਿੜੀ ਦੇ ਪੰਜੇ ਜਿੰਨਾ ਦੇਸ਼ ਕਿਊਬਾ ਜਿੱਥੋਂ ਦੀ ਸਰਕਾਰ ਹਰ ਵਿਅਕਤੀ ਨੂੰ ਰਹਿਣ ਲਈ ਘਰ, ਜਿਊਣ ਲਈ ਖਾਣਾ, ਸਾਰੀਆਂ ਸਿਹਤ ਸਹੂਲਤਾਂ ਤੇ ਪਹਿਲੀ (ਜਮਾਤ) ਤੋਂ ਡਾਕਟਰੀ ਦੀ ਪੜ੍ਹਾਈ ਤੱਕ ਮੁਫ਼ਤ ਗਿਆਨ ਹਾਸਲ ਕਰਵਾਉਂਦੀ ਹੈ, ਕੀ ਇਹ ਦੇਸ਼ ਉਸ ਤੋਂ ਵੀ ਗਏ ਗੁਜ਼ਰੇ ਹਨ?

ਸਾਡੀਆਂ ਸਰਕਾਰਾਂ ਕਾਰਪੋਰੇਸ਼ਨਾਂ ਨੂੰ ਵੱਡੇ ਗੱਫੇ ਦੇ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਡਿਪਰੈਸ਼ਨ ਵਿਚ ਧੱਕ ਰਹੇ ਹਨ। ਕੌਮਾਂਤਰੀ ਵਿਦਿਆਰਥੀਆਂ ਤੋਂ ਤਿੱਗਣੀਆਂ ਫੀਸਾਂ ਲੈ ਕੇ ਯੂਨੀਵਰਸਿਟੀਆਂ, ਕਾਲਜ ਵੱਡੇ ਬਿਜ਼ਨਸ ਅਦਾਰੇ ਹੀ ਹਨ ਜਿਨ੍ਹਾਂ ਦੀਆਂ ਝੋਲੀਆਂ ਭਰੀਆਂ ਜਾ ਰਹੀਆਂ ਹਨ। ਜਿਨ੍ਹਾਂ ਬੱਚਿਆਂ ਨੇ ਸਾਰੀ ਜ਼ਿੰਦਗੀ ਇਸ ਸਮਾਜ ਦਾ ਹਿੱਸਾ ਬਣ ਕੇ ਇਸ ਨੂੰ ਵਧੀਆ ਤੇ ਸੁੰਦਰ ਬਣਾਉਣਾ ਹੈ, ਜੇ ਉਸ ਦੀ ਨੀਂਹ ਇਹੋ ਜਿਹੀ ਰੱਖੀ ਜਾ ਰਹੀ ਹੈ, ਫਿਰ ਅਸੀਂ ਆਉਣ ਵਾਲੇ ਸਮੇਂ ਲਈ ਕਿਹੋ ਜਿਹੀ ਤਵੱਕੋ ਰੱਖਦੇ ਹਾਂ।

ਸਾਡੀ ਇੱਥੇ ਰਹਿੰਦੇ ਭਾਈਚਾਰੇ ਨੂੰ ਵਿਦਿਆਰਥੀਆਂ ਦੀ ਸਮੱਸਿਆ ਨੂੰ ਸਮਝਣਾ ਚਾਹੀਦਾ ਹੈ ਤੇ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ। ਜੋ ਕਾਲਜ ਬੰਦ ਹੋਏ ਹਨ, ਬੱਚੇ ਅਵਾਜ਼ਾਰ ਹਨ। ਸਾਨੂੰ ਸਾਰਿਆਂ ਨੂੰ ਜਥੇਬੰਦ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਕਿ ਸਰਕਾਰਾਂ ਇਹਨਾਂ ਬੱਚਿਆਂ ਦੀ ਬਾਂਹ ਫੜਨ ਅਤੇ ਉਹਨਾਂ ਦੀ ਪੜ੍ਹਾਈ ਹਰ ਹਾਲਤ ਵਿਚ ਪੂਰੀ ਕਰਾਉਣ ਦੀ ਗਰੰਟੀ ਕਰਨ। ਇਹ ਸਾਡੇ ਹੀ ਬੱਚੇ ਹਨ। ਕੈਨੇਡਾ ਦਾ ਭਵਿੱਖ ਇਹਨਾਂ ਦੇ ਹੱਥਾਂ ਵਿਚ ਆਉਣਾ ਹੈ। ਸੋ, ਅਸੀਂ ਇਹਨਾਂ ਦੇ ਮੋਢੇ ਨੂੰ ਮੋਢਾ ਦੇਈਏ।

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਗਿਆਨ

ਪਿਛਲੇ ਅੰਕ ਵਿਚ ਤੁਸੀਂ ਆਦਮੀ ਦੇ ਸਪਰਮ ਤੇ ਔਰਤ ਦੇ ਓਵਮ ਦੇ ਮਿਲਾਪ ਬਾਰੇ ਪੜ੍ਹਿਆ ਸੀ। ਇਸ ਤੋਂ ਬਾਅਦ ਇਸ ਮਿਲਾਪ ਹੋਏ ਜੀਵਨ ਦੀ ਸ਼ੁਰੂਆਤ ਦਾ ਨਾਂ ਮੌਰੂਲਾ ਤੇ ਫਿਰ ਬਲਾਸਟੋਸਿਸਟ ਹੋ ਜਾਂਦਾ ਹੈ। ਦੋ ਅਧੂਰੇ ਸੈੱਲ ਆਪਸ ਵਿਚ ਮਿਲ ਕੇ ਇਕ ਹੋ ਜਾਂਦੇ ਹਨ।

ਇਨ੍ਹਾਂ ਸਪਰਮ ਤੇ ਓਵਮ ਵਿਚ ਅਲੱਗ ਅਲੱਗ ਤੇਈ ਤੇਈ ਜੋੜੇ ਕਰੋਮੋਜ਼ੋਮਜ਼ ਦੇ ਹੁੰਦੇ ਹਨ ਜਿਨ੍ਹਾਂ ਵਿਚ ਬਾਈ ਬਾਈ ਜੋੜੇ ਕੇਵਲ ਸਰੀਰਕ ਕਹੋ ਜਾਂ ਲਫ਼ਜ਼ ਖੁਸਰਾ ਇਸਤੇਮਾਲ ਕਰ ਸਕਦੇ ਹਾਂ ਭਾਵ ਖੁਸਰੇ ਜੋੜੇ ਹੁੰਦੇ ਹਨ ਇਨ੍ਹਾਂ ਨੂੰ ਬਾਡੀ ਕਰੋਮੋਜ਼ੋਮ ਕਹਿੰਦੇ ਹਨ ਜਿਨ੍ਹਾਂ ਵਿਚ ਕੇਵਲ ਇਕ ਇਕ ਹੀ ਜੋੜਾ ਸੈਕਸ ਕਰੋਮੋਜ਼ੋਮ ਦਾ ਹੁੰਦਾ ਹੈ। ਕਰੋਮੋਜ਼ੋਮਜ਼ ਨੂੰ



**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਤੁਸੀਂ ਇੰਜ ਸਮਝ ਸਕਦੇ ਹੋ ਕਿ ਇਕ ਐਸਾ ਪਦਾਰਥ ਇਕ ਐਸਾ ਅਣੂ ਜਿਸ ਵਿਚ ਆਦਮੀ ਜਾਂ ਔਰਤ ਦਾ ਕਰੈਕਟਰ ਘੜਨ ਦੀ ਤੇ ਅਗਲੀ ਜਨਰੇਸ਼ਨ ਨੂੰ ਅੱਗੇ ਪਰੋਸਣ ਦੀ ਸਮਰੱਥਾ ਹੁੰਦੀ ਹੈ। ਭਾਵ ਜਿਸ ਦੇ ਇਹ ਕਰੋਮੋਜ਼ੋਮ ਹੁੰਦੇ ਹਨ ਉਨ੍ਹਾਂ ਦੇ ਜੈਨੇਟਿਕ ਕਰੈਕਟਰ ਦੀ ਹਰ ਖ਼ਾਸੀਅਤ ਇਨ੍ਹਾਂ ਵਿਚ ਮੌਜੂਦ ਹੁੰਦੀ ਹੈ। ਇਨ੍ਹਾਂ ਨੂੰ ਜੀਨਜ਼ ਵੀ ਕਹਿੰਦੇ ਹਨ। ਜਿਵੇਂ ਕਹੀਏ ਕੋਈ ਕਿਥੋਂ ਆਇਆ ਹੈ ਕਿਸ ਸੁਭਾਅ ਦਾ ਹੈ ਕਿੰਨਾ ਐਕਟਿਵ ਤੇ ਕਿੰਨਾ ਸਮਰੱਥਾਵਾਨ ਹੈ ਕੱਦ ਕਾਠ ਸਰੀਰਕ ਬਣਤਰ ਇਹ ਸਭ ਸੰਭਾਵਨਾਵਾਂ ਉਨ੍ਹਾਂ ਇਕ ਇਕ ਜੋੜੀ ਜੀਨਜ਼ ਵਿਚ ਪੈਕ ਹੁੰਦੀਆਂ ਹਨ। ਜੋ ਜੀਵਨ ਵਿਚ ਤਹਿ ਦਰ ਤਹਿ ਖੁਲ੍ਹਦੀਆਂ ਰਹਿੰਦੀਆਂ ਹਨ ਤੇ ਆਪਣੇ ਆਪ ਨੂੰ ਆਪਣੇ ਭੂਤਕਾਲ ਭਾਵ ਆਪਣੇ ਮਾਪਿਆਂ ਦੇ ਸਰੀਰ ਅਤੇ ਮਾਂ-ਬਾਪ ਦੇ ਕਰੈਕਟਰ ਨੂੰ ਪਰਿਭਾਸ਼ਿਤ ਕਰਦੀਆਂ ਰਹਿੰਦੀਆਂ ਹਨ। ਇਸੇ ਲਈ ਕਹਾਵਤ ਘੜੀ ਗਈ ਮਾਂ ਪਰ ਧੀ ਪਿਤਾ ਪਰ ਘੋੜਾ ਬਹੁਤਾ ਨਹੀਂ ਤੇ ਥੋੜ੍ਹਾ-ਥੋੜ੍ਹਾ। ਥੋੜ੍ਹਾ ਥੋੜ੍ਹਾ ਇਸ ਲਈ ਕਿਉਂਕਿ ਇਸ ਦੇ ਦੋ ਵਾਰਸਾਂ ਦੇ ਕਰੋਮੋਜ਼ੋਮਜ਼ ਕਰੈਕਟਰ ਇਸ ਵਿਚ ਸ਼ਾਮਲ ਹੁੰਦੇ ਹਨ।

ਮਤਲਬ ਮਿਕਸ ਐਂਡ ਮੈਚ ਵਾਲੀ ਸਥਿਤੀ ਵਿਚ ਮਾਂ-ਬਾਪ ਵਿਚੋਂ ਕਿਸੇ ਦੇ ਸਰੀਰ ਦੀ ਰਚਨਾ, ਕਿਸੇ ਦੇ ਸਰੀਰ ਦੀ ਮਾਨਸਿਕਤਾ ਦੇ ਕਰੈਕਟਰ ਭਾਵ ਮਨ ਦੀ ਵਿਚਾਰਧਾਰਾ ਲੈ ਕੇ ਵੀ ਵਿਚਰਦੇ ਹਨ ਜਾਂ ਇਕ ਹੀ ਕਰੈਕਟਰ ਦਾ ਸਰੀਰ ਤੇ ਉਸੇ ਦੀ ਹੀ ਵਿਚਾਰਧਾਰਾ ਲੈ ਕੇ ਜੀਵਨ ਵਿਚ ਵਿਚਰਦੇ ਹਨ।

ਜੈਸਾ ਕਿ ਤੁਸਾਂ ਆਮ ਹੀ ਵੇਖਿਆ ਹੋਣਾ ਹੈ ਨਵ-ਜੰਮੇ ਬੱਚੇ ਦੀ ਸ਼ਕਲ ਸੂਰਤ ਮਾਂ-ਬਾਪ ਵਿਚੋਂ ਕਿਸੇ ਇਕ ਨਾਲ ਤੇ ਸੁਭਾਅ ਵਿਚਾਰਧਾਰਾ ਕਿਸੇ ਦੂਸਰੇ ਨਾਲ ਮਿਲਦੀ ਹੁੰਦੀ ਹੈ। ਜਾਂ ਸਰੀਰਕ ਬਣਤਰ ਤੇ ਸੁਭਾਅ ਮਾਂ ਬਾਪ ਵਿਚੋਂ ਕਿਸੇ ਇਕ ਹੀ ਕਰੈਕਟਰ ਨੂੰ ਵਿਕਸਤ ਕਰ ਕੇ ਜੀਅ ਰਿਹਾ ਹੁੰਦਾ ਹੈ।

ਆਓ ਵਿਚਾਰਦੇ ਹਾਂ ਕਿ ਬਲਾਸਟੋਸਿਸਟ ਸਪਰਮ ਤੇ ਓਵਮ ਦੇ ਮਿਲਾਪ ਨਾਲ ਬਣਿਆ ਇਕ ਸੈਲ ਦਾ ਜੀਵ ਔਰਤ ਦੀ ਫੈਲੋਪੀਅਨ ਟਿਊਬ ਵਿਚ ਆਪਣਾ ਜੀਵਨ ਸ਼ੁਰੂ ਕਰਦਾ ਹੈ। ਇਹਦੇ ਉੱਪਰ ਵਾਲਾ ਪਰਦਾ ਬੜਾ ਸਖ਼ਤ ਕਿਸਮ ਦਾ ਹੁੰਦਾ ਹੈ ਜਿਸਨੂੰ ਕੋਰਨਾ ਰੇਡੀਏਟਾ ਕਹਿੰਦੇ ਹਨ।

ਇਸ ਬਲਾਸਟੋਸਿਸਟ ਵਿਚ ਜਦ ਦੋਵੇਂ ਧਿਰਾਂ ਮਿਲਦੀਆ ਹਨ ਤਾ ਇਨ੍ਹਾਂ ਵਿਚਲੇ ਤੇਈ ਤੇਈ ਜੋੜੇ ਕਰੋਮੋਜ਼ੋਮ ਦੇ ਸੈਲ ਡਿਵੀਜ਼ਨ ਦੀ ਮਾਈਟੋਟਿਕ ਸੈਲ ਡਿਵੀਜ਼ਨ ਦੀ ਕਿਰਿਆ ਅਧੀਨ ਟੋਟਲ ਕਰੋਮੋਜ਼ੋਮ ਛਿਆਲੀ ਹੋ ਜਾਂਦੇ ਹਨ ਤੇ ਫਿਰ ਇਨ੍ਹਾਂ ਵਿਚ ਮਿਓਸਿਸ ਭਾਵ ਘਟਾਓ ਵਾਲੀ ਕਿਰਿਆ ਸ਼ੁਰੂ ਹੁੰਦੀ ਹੈ ਭਾਵ ਲੜਨ ਮਰਨ ਦੀ ਜਾਂ ਇਕ ਦੂਜੇ ਵਿਚ ਮਿਕਸ ਹੋ ਜਾਣ ਦੀ ਕਿਰਿਆ, ਜਿਸ ਅਧੀਨ ਹਰੇਕ ਕਰੋਮੋਜ਼ੋਮ ਦੂਸਰੇ ਆਪੋਜ਼ਿਟ ਸਰੀਰ ਦੇ ਕਰੋਮੋਜ਼ੋਮ ਵਿਚ ਵੜ ਜਾਂਦਾ ਹੈ। ਇਨ੍ਹਾਂ ਕਰੋਮੋਜ਼ੋਮ ਦੀ ਗਿਣਤੀ ਛਿਆਲੀ ਤੋਂ ਫਿਰ ਤੇਈ ਹੋ ਜਾਂਦੀ ਹੈ।

ਇਸ ਕਿਰਿਆ ਦੌਰਾਨ ਇਕ ਗੱਲ ਹੋਰ ਯਾਦ ਰੱਖਣ ਵਾਲੀ ਹੈ ਕਿ ਦੋਹਾਂ ਪਾਸਿਆਂ ਤੋਂ ਆਏ ਸੈਕਸ ਕਰੋਮੋਜ਼ੋਮ ਵਿਚ ਵੱਖ ਵੱਖ ਜੀਨਜ਼ ਹਨ। ਜੀਨਜ਼ ਮਤਲਬ ਉਹ ਸਟਾਕ ਜਿਸ ਵਿਚ ਪਿਛਲੇ ਮਾਪਿਆਂ ਦੇ ਕਰੈਕਟਰ ਦੀ ਇਕ ਇਕ ਗੱਲ ਰਿਕਾਰਡ ਕੀਤੀ ਹੋਈ ਹੈ ਜਿਸ ਨੇ ਨਵੇਂ ਪਨਪਦੇ ਜੀਵਨ ਵਿਚ ਆਪਣੇ ਆਪ ਨੂੰ ਪਰਤੱਖ ਸਾਬਤ ਕਰਨਾ ਹੁੰਦਾ ਹੈ।

ਔਰਤ ਵੱਲੋਂ ਆਏ ਓਵਮ ਦੇ ਜੀਨਜ਼ ਨੂੰ ਅਸੀਂ ਐਕਸ ਐਕਸ ਜੀਨਜ਼ ਕਹਿੰਦੇ ਹਾਂ ਜਦੋਂਕਿ ਆਦਮੀ ਵੱਲੋਂ ਆਏ ਸਪਰਮ ਦੇ ਜੀਨਜ਼ ਨੂੰ ਅਸੀਂ ਐਕਸ ਵਾਈ ਨਾਲ ਪਰਿਭਾਸ਼ਿਤ ਕਰਦੇ ਹਾਂ। ਆਦਮੀ ਦੇ ਐਕਸ ਵਾਈ ਜੀਨਜ਼ ਦਾ ਤੇ ਔਰਤ ਦੇ ਐਕਸ ਐਕਸ ਜੀਨਜ਼ ਦਾ ਵੀ ਆਪਣੇ ਆਪਣੇ ਘੇਰੇ ਵਿਚ ਮਿਲਾਪ ਤੋਂ ਪਹਿਲਾਂ ਆਪਸੀ ਮੁਕਾਬਲਾ ਹੁੰਦਾ ਹੈ ਤੇ ਜੋ ਤਾਕਤਵਰ ਹੁੰਦਾ ਹੈ ਉਹ ਦੂਸਰੇ ਪਾਸੇ ਦੇ ਤਾਕਤਵਰ ਜੀਨਜ਼ ਨਾਲ ਮੁਕਾਬਲੇ ਵਿਚ ਆਉਂਦਾ ਹੈ। ਮਿਸਾਲ ਦੇ ਤੌਰ 'ਤੇ ਔਰਤ ਦੇ ਓਵਮ ਵਿਚ ਤਾਂ ਹੈ ਹੀ ਐਕਸ ਐਕਸ ਜੀਨਜ਼ ਸੋ ਕੋਈ ਇਕ ਤਾਕਤਵਰ ਐਕਸ ਜੀਨਜ਼ ਹੀ ਆਦਮੀ ਦੇ ਸਪਰਮ ਵਿਚਲੇ ਐਕਸ ਜਾਂ ਵਾਈ ਜੀਨਜ਼ ਨਾਲ ਮੁਕਾਬਲੇ ਵਿਚ ਆਵੇਗਾ।

ਦੂਜੇ ਪਾਸੇ ਆਦਮੀ ਦੇ ਸਪਰਮ ਹੈੱਡ ਵਿਚ ਮੌਜੂਦ ਕਿਉਂਕਿ ਐਕਸ ਤੇ ਵਾਈ ਕਰੋਮੋਜ਼ੋਮ ਹੁੰਦੇ ਹਨ ਇਸ ਲਈ ਇਨ੍ਹਾਂ ਵਿਚੋਂ ਕੋਈ ਇਕ ਜਿਹੜਾ ਤਾਕਤਵਰ ਹੋਇਆ ਐਕਸ ਜਾਂ ਵਾਈ ਉਹੀ ਅੱਗੇ ਔਰਤ ਦੇ ਵਾਈ ਵਾਈ ਕਰੋਮੋਜ਼ੋਮ ਵਿਚੋਂ ਕੋਈ ਇਕ ਐਕਸ ਕਰੋਮੋਜ਼ੋਮ ਆਦਮੀ ਦੇ ਐਕਸ ਜਾਂ ਵਾਈ ਕਰੋਮੋਜ਼ੋਮ ਨਾਲ ਮਿਲਾਪ ਕਰਦਾ ਹੈ।

ਮਨ ਲਓ ਆਦਮੀ ਦੇ ਕਰੋਮੋਜ਼ੋਮ ਵਿਚੋਂ ਵੀ ਐਕਸ ਹੀ ਤਾਕਤਵਰ ਹੈ ਤਾਂ ਐਕਸ ਦੇ ਐਕਸ ਨਾਲ ਮਿਲਾਪ ਬਾਅਦ ਜੋ ਨਵਾਂ ਜੀਵਨ ਸ਼ੁਰੂ ਹੋਵੇਗਾ ਉਹ ਔਰਤ ਕਰੈਕਟਰ ਨੂੰ ਪਰਿਭਾਸ਼ਿਤ ਕਰੇਗਾ।

ਪਰ ਇਸਦੇ ਉਲਟ ਜੇ ਆਦਮੀ ਦੇ ਕਰੋਮੋਜ਼ੋਮ ਵਿਚੋਂ ਵਾਈ ਜੀਨਜ਼ ਵਾਲਾ ਕਰੈਕਟਰ ਤਾਕਤਵਰ ਹੋਇਆ ਤਾਂ ਇਹ ਵਾਈ ਦੂਜੇ ਪਾਸੇ ਔਰਤ ਦੇ ਐਕਸ ਜੀਨਜ਼ ਨਾਲ ਮਿਲਾਪ ਕਰੇਗਾ ਜਿਸ ਨਾਲ ਨਵ ਜੀਵਨ ਆਦਮੀ ਦੇ ਕਰੈਕਟਰ ਨੂੰ ਪਰਿਭਾਸ਼ਿਤ ਕਰੇਗਾ ਪਰ ਯਾਦ ਰਹੇ ਇਹ ਮੁਕਾਬਲਾ ਇੱਥੇ ਹੀ ਖਤਮ ਨਹੀਂ ਹੋ ਜਾਂਦਾ।

ਫਿਰ ਦੁਹਰਾਦਿਆ ਇਕ ਹੀ ਨਵ-ਜੀਵਨ ਵਿਚ ਆਪੋਜ਼ਿਟ ਮਤਲਬ ਉਲਟ ਜੀਵਨ ਦੀ ਜੱਦੋ-ਜਹਿਦ ਇੱਥੇ ਹੀ ਖਤਮ ਨਹੀਂ ਹੋ ਜਾਂਦੀ ਕਈ ਵੇਰ ਬੱਚਾ ਪੈਦਾ ਹੋਣ ਤੋਂ ਬਾਅਦ ਵੀ ਜਵਾਨੀ ਵਿਚ ਪੈਰ ਰੱਖਣ ਤੱਕ ਜਿਸਨੂੰ ਮੈਡੀਕਲ ਟਰਮ ਵਿਚ ਪਿਊਬਰਟੀ ਕਹਿੰਦੇ ਹਨ ਉਦੋਂ ਤੱਕ ਇਹ ਜ਼ੋਰ ਅਜ਼ਮਾਈ ਚਲਦੀ ਰਹਿੰਦੀ ਹੈ। ਜਿਸ ਅਧੀਨ ਤੁਸਾਂ ਕਈ ਵੇਰ ਵੇਖਿਆ ਹੋਵੇਗਾ ਕਿ ਜਵਾਨੀ ਵਿਚ ਪੈਰ ਰੱਖਦਿਆਂ ਲੜਕਾ ਬਣ ਕੇ ਜੋ ਪੈਦਾ ਹੋਇਆ ਸੀ ਉਹ ਲੜਕੀ ਬਣ ਗਿਆ ਤੇ ਜੋ ਲੜਕੀ ਬਣ ਕੇ ਪੈਦਾ ਹੋਇਆ ਸੀ ਉਹ ਲੜਕਾ ਬਣ ਗਿਆ। ਸੋ ਬਲਾਸਟੋਸਿਸਟ ਫੈਲੋਪੀਅਨ ਟਿਊਬ ਵਿਚ ਦੋਹਾਂ ਦੇ ਮਿਲਾਪ ਬਾਅਦ ਵਧਣ ਲਗਦਾ ਹੈ।

ਪਹਿਲੀ ਕਿਰਿਆ ਵਾਧੇ ਵਾਲੀ ਜੋੜ ਵਾਲੀ ਕਿਰਿਆ ਅਧੀਨ ਇਹ ਸਭ ਵਾਪਰਿਆ ਸੀ ਕਿ ਇਕ ਕਰੈਕਟਰ ਨਵਜੀਵਨ ਦਾ ਤਾਕਤਵਰ ਹੋ ਕੇ ਅੱਗੇ ਵਧਣ ਲਗਦਾ ਹੈ। ਇਸਦੇ ਕਰੋਮੋਜ਼ੋਮ ਤੇਈ ਤੇ ਤੇਈ ਦੇ ਜੋੜ ਨਾਲ ਛਿਆਲੀ ਹੋ ਗਏ ਸਨ ਤੇ ਇਸ ਵਾਧੇ ਵਾਲੀ ਕਿਰਿਆ ਨੂੰ ਮਿਓਸਿਸ ਸੈਲ ਡਿਵੀਜ਼ਨ ਕਹਿੰਦੇ ਹਨ। ਇਸ ਤੋਂ ਬਾਅਦ ਇਕ ਦੂਸਰੀ ਸੈਲ ਡਿਵੀਜ਼ਨ ਸ਼ੁਰੂ ਹੋ ਜਾਂਦੀ ਹੈ ਜਿਸ ਅਧੀਨ ਇਹ ਛਿਆਲੀ ਤੋਂ ਫਿਰ ਘਟਾਉ ਵਾਲੀ ਸਥਿਤੀ ਵਿਚ ਆ ਜਾਂਦੇ ਹਨ। ਭਾਵ ਫਿਰ ਆਪਸ ਵਿਚ ਏਨੇ ਮਿਕਸ ਹੋ ਜਾਂਦੇ ਹਨ ਕਿ ਕਰੋਮੋਜ਼ੋਮ ਫਿਰ ਤੇਈ ਜੋੜੇ ਹੋ ਜਾਂਦੇ ਹਨ। ਇਸ ਕਿਰਿਆ ਨੂੰ ਮਾਈਟੋਟਿਕ ਸੈਲ ਡਿਵੀਜ਼ਨ ਕਿਹਾ ਜਾਂਦਾ ਹੈ। ਇਸ ਪੂਰਨ ਮਿਲਾਪ ਤੋਂ ਬਾਅਦ ਫਿਰ ਦੁਬਾਰਾ ਮਿਓਸਿਸ ਸੈਲ ਡਿਵੀਜ਼ਨ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ ਤੇ ਹੁਣ ਸੈਲ ਸੰਪੂਰਨ ਸੈਲ ਡਿਵੀਜ਼ਨ ਦੇ ਰੂਪ ਵਿਚ ਇਕ ਤੋਂ ਦੋ ਤੇ ਦੋ ਤੋਂ ਚਾਰ ਸੈਲ ਬਣਨੇ ਸ਼ੁਰੂ ਹੋ ਜਾਂਦੇ ਹਨ ਤੇ ਹਰ ਨਵੇਂ ਬਣਨ ਵਾਲੇ ਸੈੱਲ ਵਿਚ ਕਰੋਮੋਜ਼ੋਮ ਦੇ ਤੇਈ ਜੋੜੇ ਹੀ ਵਿਕਸਤ ਹੋਣ ਲੱਗਦੇ ਹਨ। ਤੇ ਸੈੱਲਾਂ ਦੀ ਵਧਦੀ ਗਿਣਤੀ ਨਾਲ ਹਰ ਸੈੱਲ ਵਿਚ ਕਰੋਮੋਜ਼ੋਮਜ ਦੀ ਗਿਣਤੀ ਤੇਈ ਜੋੜੇ ਹੀ ਰਹਿੰਦੀ ਹੈ ਪਰ ਸੈਲਾਂ ਦੀ ਗਿਣਤੀ ਇਕ ਤੋਂ ਦੋ ਦੋ ਤੋਂ ਫਿਰ ਚਾਰ ਫਿਰ ਚਾਰ ਤੋਂ ਅੱਠ ਦੇ ਹਿਸਾਬ ਨਾਲ ਵਧਦੀ ਜਾਂਦੀ ਹੈ। ਜੇ ਕਰੋਮੋਜ਼ੋਮਜ ਦੀ ਇੰਜ ਗਿਣਤੀ ਕਰੀਏ ਤਾ ਕਰੋਮੋਜ਼ੋਮ ਤੇਈ ਤੋਂ ਫਿਰ ਛਿਆਲੀ ਤੇ ਛਿਆਲੀ ਤੋਂ ਬਾਨਵੇ ਤੇ ਇਸੇ ਤਰ੍ਹਾਂ ਅੱਗੇ ਤੋਂ ਅੱਗੇ ਡਬਲ ਹੋਣ ਦੀ ਸਪੀਡ ਨਾਲ ਵਧਣੇ ਸ਼ੁਰੂ ਹੁੰਦੇ ਹਨ ਤੇ ਤਾਕਤਵਰ ਜੈਨੇਟਿਕ ਕਰੈਕਟਰ ਲੀਡ ਕਰਦਾ ਰਹਿੰਦਾ ਹੈ। ਪਰ ਯਾਦ ਰਹੇ ਹਰ ਸੈਲ ਵਿਚ ਕਰੋਮੋਜ਼ੋਮਜ਼ ਦੀ ਨਿਰਧਾਰਿਤ ਗਿਣਤੀ ਤੇਈ ਜੋੜੇ ਹੀ ਰਹਿੰਦੀ ਹੈ।

ਦੂਸਰੀ ਖ਼ਾਸ ਗੱਲ ਇਸ ਬਲਾਸਟੋਸਿਸਟ ਦੀ ਬਣਤਰ ਦੀ ਕਿ ਓਵਮ ਤੇ ਸਪਰਮ ਦੇ ਮਿਲਾਪ ਸਮੇਂ ਇਕ ਗ਼ਿਲਾਫ਼ ਵਿਚ ਦੋਵੇਂ ਇੰਜ ਲੱਗਦੇ ਹਨ ਜਿਵੇਂ ਦੋ ਫੁਲਾਏ ਹੋਏ ਭੁਕਾਨੇ ਤੁਸੀਂ ਪ੍ਰੈਸ ਕਰਕੇ ਇਕ ਨੂੰ ਦੂਸਰੇ ਵਿਚ ਘੁਸੇੜਨ ਦੀ ਕੋਸ਼ਿਸ਼ ਕਰੋ ਤਾਂ ਇਕ ਪਾਸੇ ਤੋਂ ਦੇਖਣ ਨਾਲ ਤੁਹਾਨੂੰ ਤਿੰਨ ਦੀਵਾਰਾਂ ਬਣੀਆਂ ਨਜ਼ਰ ਆਉਣਗੀਆਂ। ਇਕ ਓਵਮ ਦੀ ਬਾਹਰੀ ਦੀਵਾਰ ਦੂਸਰੀ ਸਪਰਮ ਦੇ ਸੈਲ ਮਾਸ ਦੀ ਓਵਮ ਦੇ ਅੰਦਰ ਦਾਖਲ ਹੋਣ ਸਮੇਂ ਦੋਹਾਂ ਦੇ ਮਿਲਾਪ ਦੀ ਸਾਂਝੀ ਦੀਵਾਰ ਤੇ ਤੀਸਰੀ ਜਿਹੜੀ ਬਾਅਦ ਵਿਚ ਛੋਟੇ ਭੁਕਾਨੇ ਦੇ ਅੰਦਰ ਦਾਖਲ ਹੋਣ ਸਮੇਂ ਸਪਰਮ ਸੈਲ ਮਾਸ ਨੂੰ ਪੂਰੀ ਤਰ੍ਹਾਂ ਕਵਰ ਕਰਦੀ ਉਪਰਲੀ ਦੀਵਾਰ।

ਸੋ ਇਹ ਤਿੰਨ ਤੈਹਾਂ ਜਾਂ ਦੀਵਾਰਾਂ ਬਣ ਗਈਆਂ। ਬਾਹਰੀ ਦੀਵਾਰ ਨੂੰ ਐਕਟੋਡਰਮ ਕਹਿੰਦੇ ਹਨ। ਦੋਹਾਂ ਦੇ ਮਿਲਾਪ ਵਾਲੀ ਸਾਂਝੀ ਦੀਵਾਰ ਨੂੰ ਮੈਸੋਡਰਮ ਕਹਿੰਦੇ ਹਨ ਤੇ ਇਸ ਮੈਸੋਡਰਮ ਨੂੰ ਵੀ ਦਬਾ ਕੇ ਧੁਰ ਅੰਦਰ ਜਾਣ ਵਾਲੀ ਸਪਰਮ ਵਾਲੇ ਭੁਕਾਨੇ ਦੀ ਆਖਰੀ ਦੀਵਾਰ ਮੈਸੋਡਰਮ ਦੇ ਵੀ ਅੰਦਰ ਘੁਸੜ ਜਾਂਦੀ ਹੈ ਉਸਨੂੰ ਇੰਟੋਡਰਮ ਕਹਿੰਦੇ ਹਨ ਤੇ ਇਸ ਦੇ ਉੱਪਰ ਓਵਮ ਦੀ ਬਾਹਰੀ ਦੀਵਾਰ ਇਸਨੂੰ ਪੂਰੀ ਤਰ੍ਹਾਂ ਆਪਣੇ ਅੰਦਰ ਸਮੋਅ ਲੈਂਦੀ ਹੈ। ਇਸ ਲਈ ਇਸਨੂੰ ਇੰਟੋਡਰਮ ਕਹਿੰਦੇ ਹਨ ਭਾਵ ਧੁਰ ਅੰਦਰ ਦੀ ਤੇ ਇਸਨੂੰ ਵਿਚਕਾਰਲੀ ਮੈਸੋਡਰਮ ਵੀ ਆਪਣੇ ਘੇਰੇ ਵਿਚ ਲੈ ਲੈਂਦੀ ਹੈ।

ਅੱਗੇ ਦੀ ਸਾਰੀ ਨਵ-ਜੀਵਨ ਦੇ ਸਰੀਰ ਦੀ ਬਣਤਰ ਇਨ੍ਹਾਂ ਹੀ ਤਿੰਨਾਂ ਪਰਦਿਆਂ 'ਤੇ ਨਿਰਭਰ ਹੈ। ਮੋਟੇ ਤੌਰ 'ਤੇ ਇਹ ਜਾਣ ਲੈਣਾ ਹਜੇ ਕਾਫ਼ੀ ਹੈ ਕਿ ਐਕਟੋਡਰਮ ਨਾਲ ਚਮੜੀ, ਬਰੇਨ, ਰੀੜ੍ਹ ਦੀ ਹੱਡੀ ਦੇ ਮਣਕੇ, ਦੰਦਾਂ ਦੀ ਚਮਕੀਲੀ ਤਹਿ, ਹੱਡੀਆਂ, ਦਿਲ ਦਾ ਢਾਂਚਾ ਆਦਿ ਬਣਦੀਆਂ ਹਨ। ਦਿਲ ਪਹਿਲੀ ਬਣਤਰ ਹੈ ਜੋ ਬਲਾਸਟੋਸਿਸਟ ਵਿਚ ਬਣਨੀ ਸ਼ੁਰੂ ਹੁੰਦੀ ਹੈ। ਬਾਅਦ ਵਿਚ ਹੱਡੀਆਂ ਦੇ ਢਾਂਚੇ ਵਿਚੋਂ ਸਭ ਤੋਂ ਪਹਿਲਖ ਹਸਲੀ ਦੀ ਹੱਡੀ ਜਿਸ ਨੂੰ ਕਲੈਵੀਕਲ ਕਹਿੰਦੇ ਹਨ ਉਹ ਬਣਨੀ ਸ਼ੁਰੂ ਹੁੰਦੀ ਹੈ।

ਮੈਸੋਡਰਮ ਭਾਵ ਵਿਚਕਾਰਲੇ ਲੇਅਰ/ਪਰਦੇ ਨਾਲ ਅੰਦਰੂਨੀ ਅੰਗ ਕਿਡਨੀ, ਬੱਚੇਦਾਨੀ, ਲਿਵਰ, ਪੈਂਕਰੀਆਜ, ਤਿੱਲੀ ਤੇ ਆਂਤੜੀਆਂ ਬਣਦੀਆਂ ਹਨ। ਤੀਸਰਾ ਲੇਅਰ ਬਲਾਸਟੋਸਿਸਟ ਸਟੇਜ ਵਿਚ ਜਿਸ ਨੂੰ ਇੰਟੋਡਰਮ ਕਿਹਾ ਜਾਂਦਾ ਹੈ ਉਸ ਰਾਹੀਂ ਸਾਰੇ ਅੰਗਾਂ ਦੀਆਂ ਅੰਦਰੂਨੀ ਝਿੱਲੀਆਂ ਬਣਦੀਆਂ ਹਨ। ਬਰੇਨ ਮਾਸ ਤੇ ਮਨਿਜਿਜ ਭਾਵ ਬਰੇਨ ਦੇ ਅਲੱਗ-ਅਲੱਗ ਭਾਗਾਂ ਨੂੰ ਲਪੇਟਣ ਵਾਲੇ ਪਰਦੇ ਬਣਦੇ ਹਨ। ਹੱਡੀਆਂ ਦੇ ਅੰਦਰਲਾ ਖੋਖਲਾਪਨ ਤੇ ਉਸ ਅੰਦਰ ਚਲਦੀ ਖ਼ੂਨ ਬਣਾਉਣ ਵਾਲੀ ਫ਼ੈਕਟਰੀ ਦਾ ਨਿਰਮਾਣ ਵੀ ਇਸੇ ਇੰਟੋਡਰਮ ਲੇਅਰ ਨਾਲ ਹੀ ਹੁੰਦਾ ਹੈ ਤੇ ਇਹ ਸਾਰੀ ਕਿਰਿਆ ਬਲਾਸਟੋਸਿਸਟਿਕ ਸਟੇਜ ਤੱਕ ਸ਼ੁਰੂ ਹੋ ਚੁੱਕੀ ਹੁੰਦੀ ਹੈ ਤੇ ਇਸ ਵਧਦੇ ਕਰਮ ਦੇ ਨਾਲ ਨਾਲ ਇਹ ਦੋਹਾਂ ਦੇ ਮਿਲਾਪ ਵਾਲਾ ਬਲਾਸਟੋਸਿਸਟ ਜੀਵਨ ਨੂੰ ਅੱਗੇ ਤੋਰਦਾ ਹੈ।

ਇਸ ਬਲਾਸਟੋਸਿਸਟਿਕ ਸਟੇਜ ਵਿਚ ਹੀ ਵਧਦੇ ਸੈੱਲਾਂ ਦੀ ਗਿਣਤੀ ਦੇ ਨਾਲ ਨਾਲ ਇਹ ਬਲਾਸਟੋਸਿਸਟ ਫੈਲੋਪੀਅਨ ਟਿਊਬ ਤੋਂ ਬੱਚੇਦਾਨੀ ਵੱਲ ਨੂੰ ਤੁਰਨਾ ਸ਼ੁਰੂ ਕਰਦਾ ਹੈ।

ਯਾਦ ਰਹੇ ਬੱਚੇਦਾਨੀ ਨਾਲ ਜੁੜੀ ਫੈਲੋਪੀਅਨ ਟਿਊਬ ਦੇ ਅੰਦਰਲੇ ਸੁਰਾਖ ਦਾ ਘੇਰਾ ਕੇਵਲ ਇਕ ਮਿਲੀਮੀਟਰ ਹੀ ਹੁੰਦਾ ਹੈ। ਓਵਮ ਤੇ ਸਪਰਮ ਦੇ ਮਿਲਾਪ ਨਾਲ ਫਰਟੀਲਾਈਜ਼ਡ ਹੋਣ ਤੋਂ ਇਕ ਹਫ਼ਤੇ ਬਾਅਦ ਇਹ ਬਲਾਸਟੋਸਿਸਟ ਬੱਚੇਦਾਨੀ ਵਿਚ ਪਹੁੰਚ ਜਾਂਦਾ ਹੈ ਪਰ ਜੇ ਫੈਲੋਪੀਅਨ ਟਿਊਬ ਦੀ ਲੰਬਾਈ ਦਸ ਬਾਰਾਂ ਸੈਂਟੀਮੀਟਰ ਤੋਂ ਜ਼ਿਆਦਾ ਹੋਵੇ ਜਾਂ ਇਸ ਨਵ ਉਤਪਤੀ ਨੂੰ ਲੋੜ ਤੋਂ ਵੱਧ ਸਮਾਂ ਬੱਚੇਦਾਨੀ ਵਿਚ ਪਹੁੰਚਣ ਲਈ ਲੱਗ ਸਕਦਾ ਹੈ ਤੇ ਇਹ ਸਾਈਜ਼ ਵਿਚ ਇਕ ਮਿਲੀਮੀਟਰ ਤੋਂ ਵੱਡਾ ਹੋਣ ਕਰਕੇ ਵੀ ਬੱਚੇਦਾਨੀ ਵਿਚ ਦਾਖਲ ਨਹੀਂ ਹੋ ਸਕਦਾ। ਤੇ ਸਿਤਮ ਦੀ ਗੱਲ ਇਕ ਵੱਡਾ ਇਮਤਿਹਾਨ ਜੀਵਨ ਨੂੰ ਦੇਣਾ ਪੈਂਦਾ ਹੈ ਕਿ ਸਪਰਮ ਤੇ ਓਵਮ ਦੇ ਮਿਲਾਪ ਬਾਅਦ ਇਸ ਭੁਕਾਨੇ ਨੁਮਾ ਜੀਵ ਦੇ ਅੰਦਰਲੇ ਵਧਦੇ ਪਰੈਸ਼ਰ ਕਰਕੇ ਇਹਦੀ ਬਾਹਰੀ ਦੀਵਾਰ ਸਾਡੀਆਂ ਉਂਗਲਾਂ ਵਰਗੇ ਪਰ ਤਿੱਖੇ ਉਭਾਰ ਉੱਭਰਨ ਲੱਗਦੇ ਹਨ ਜਿਸ ਕਾਰਨ ਵੀ ਬਲਾਸਟੋਸਿਸਟ ਨੂੰ ਫੈਲੋਪੀਅਨ ਟਿਊਬ 'ਚੋਂ ਨਿਕਲ ਕੇ ਬੱਚੇਦਾਨੀ ਵਿਚ ਦਾਖਲ ਹੋਣ ਵਿਚ ਦਿਕਤ ਆਉਂਦੀ ਹੈ ਪਰ ਜੀਵਨ ਤਾਂ ਮੁਸ਼ਕਲਾਂ ਵਿਚੋਂ ਨਿਕਲ ਕੇ ਹੀ ਮਰਦਾ ਮਰਦਾ ਪਰਵਾਨ ਹੁੰਦਾ ਹੈ। ਸਤਿਕਾਰਿਆ ਜਾਂਦਾ ਹੈ। ਅਸਾਨ ਜੀਵਨ ਤਾਂ ਕਿਸੇ ਗਿਣਤੀ ਵਿਚ ਨਹੀਂ ਹੁੰਦਾ। ਮੁਸ਼ਕਲਾਂ ਵਿਚੋਂ ਲੰਘਣ ਵਾਲੇ ਜੀਵਨ ਹੀ ਸਤਿਕਾਰ ਦੇ ਪਾਤਰ ਬਣਦੇ ਹਨ।

ਜੀਵਨ ਨੂੰ ਇਥੇ ਦਰਪੇਸ਼ ਮੁਸ਼ਕਲ ਨੂੰ ਜ਼ਰਾ ਹੋਰ ਵਿਸਥਾਰ ਦਿਆਂ। ਜੇ ਬਲਾਸਟੋਸਿਸਟ ਵਧਦੇ ਅਕਾਰ ਤੇ ਇਸਦੇ ਉੱਪਰ ਪੈਦਾ ਹੋਣ ਵਾਲੀਆਂ ਉਂਗਲਾਂ ਵਰਗੀਆਂ ਚੁੰਝਾਂ ਜਿਨ੍ਹਾਂ ਨੂੰ ਕੋਰੀਓਨਿਕ ਵਿਲਾਈਜ ਕਹਿੰਦੇ ਹਨ ਕਿਉਂਕਿ ਬਲਾਸਟੋਸਿਸਟ ਦੇ ਉੱਪਰ ਵਾਲੇ ਪਰਦੇ ਦਾ ਨਾਂ ਹੁਣ ਕੋਰੀਓਨ ਹੋ ਜਾਂਦਾ ਹੈ ਇਸ ਲਈ ਇਸ ਉੱਪਰ ਉੱਗੇ ਉਂਗਲਾਂ ਵਰਗੇ ਉਭਾਰਾਂ ਨੂੰ ਕੋਰੀਓਨਿਕ ਵਿਲਾਈਜ ਕਹਿੰਦੇ ਹਨ।

ਸੋ ਜੇ ਇਨ੍ਹਾਂ ਸਭ ਕਾਰਨਾਂ ਕਰਕੇ ਬਲਾਸਟੋਸਿਸਟ ਦੇ ਵਧਦੇ ਅਕਾਰ ਕਰਕੇ ਅਗਰ ਅਕਾਰ ਇਕ ਮਿਲੀਮੀਟਰ ਤੋਂ ਵੱਧ ਹੋ ਜਾਵੇ ਤਾਂ ਇਹ ਬਲਾਸਟੋਸਿਸਟ ਉੱਥੇ ਫੈਲੋਪੀਅਨ ਟਿਊਬ ਵਿਚ ਹੀ ਵਧਣ ਲਗਦਾ ਹੈ ਤੇ ਬੱਚੇਦਾਨੀ ਵਿਚ ਦਾਖਲ ਨਹੀਂ ਹੋ ਸਕਦਾ ਜਿਸਨੂੰ ਟਿਊਬਲ ਜੈਸਟੇਸਨ ਯਾਨੀ ਟਿਊਬ ਵਿਚ ਹੀ ਪਰੈਗਨੈਂਸੀ ਦਾ ਵਧਣਾ ਕਹਿੰਦੇ ਹਨ ਜੋ ਬਹੁਤ ਤਕਲੀਫਦੇਹ ਸਥਿਤੀ ਉਤਪੰਨ ਕਰਦਾ ਹੈ।


ਸੋ ਇਹ ਸਮਝੋ ਬਹਾਦਰ ਜੀਵਨ ਮੁਸ਼ਕਲਾਂ ਨੂੰ ਪਾਰ ਕਰਦਾ ਹੋਇਆ ਹੁਣ ਇਸ ਨਵੀਂ ਉਤਪਤੀ ਦੇ ਰੂਪ ਵਿਚ ਬੱਚੇਦਾਨੀ ਵਿਚ ਪਹੁੰਚ ਗਿਆ ਹੈ। ਇਸ ਦੇ ਅੱਗੇ ਜੀਵਨ ਦੇ ਸਫਰ ਦਾ ਵੇਰਵਾ ਅਗਲੇ ਲੈਕਚਰ ਵਿਚ ਕੀਤਾ ਜਾਵੇਗਾ। ਚੱਲਦਾ

# ਮਨਾਂ ਨੂੰ ਝੰਜੋੜਨ ਵਾਲੀ ਪਰਿਵਾਰਕ ਫ਼ਿਲਮ 'ਵੱਡਾ ਘਰ'

ਪੰਜਾਬੀ ਸਿਨੇਮੇ ਵਿਚ ਅਸਲ ਸਮਾਜਿਕ ਮੁੱਦਿਆਂ ਆਧਾਰਿਤ ਫ਼ਿਲਮਾਂ ਬਹੁਤ ਘੱਟ ਬਣਦੀਆਂ ਹਨ। ਕੋਈ-ਕੋਈ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਹੀ ਇਹ ਜ਼ਿੰਮਾ ਉਠਾ ਕੇ ਇਹੋ-ਜਿਹੀਆਂ ਫ਼ਿਲਮਾਂ ਬਣਾ ਕੇ ਦਰਸ਼ਕਾਂ ਨੂੰ ਸਮਾਜੀ ਕੌੜਾ ਘੋਲ ਪਿਲਾਉਣ ਦਾ ਕਾਰਜ ਕਰਦੇ ਹਨ। ਇਹ ਜ਼ਰੂਰੀ ਵੀ ਹੈ ਕਿਉਂਕਿ ਤਦ ਹੀ ਸਾਡੇ ਨਜ਼ਰੀਏ ਅੰਦਰ ਤਬਦੀਲੀ ਆ ਸਕਦੀ ਹੈ।

ਦਸੰਬਰ ਮਹੀਨੇ ਦੀ 13 ਤਾਰੀਕ ਨੂੰ ਰਿਲੀਜ਼ ਹੋ ਰਹੀ ਨਿਰਦੇਸ਼ਕ ਕਮਲਜੀਤ ਸਿੰਘ ਅਤੇ ਗੋਲਡੀ ਢਿਲੋਂ ਦੀ ਫ਼ਿਲਮ 'ਵੱਡਾ ਘਰ' ਇਸਦੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜ੍ਹੇ ਰਿਸ਼ਤਿਆਂ ਦੀ ਅਹਿਮੀਅਤ ਇਸ ਵਿਚਲੀ ਅਣਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ-ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਵਿਖਾ ਕੇ ਪੇਸ਼ ਕਰੇਗੀ। ਘਰ ਉਸ ਵਿਚ ਵਸਦੇ ਲੋਕਾਂ ਨਾਲ ਹੀ ਬਣਦਾ ਹੈ, ਨਹੀਂ ਤਾਂ ਖ਼ਾਲੀ ਘਰ ਦੀਆਂ ਕੰਧਾਂ ਵੀ ਇੱਕ ਪਲ ਤੋਂ ਬਾਅਦ ਗੱਲਾਂ ਕਰਨੀਆਂ ਬੰਦ ਕਰ ਦਿੰਦੀਆਂ ਨੇ। ਇੱਕ ਥਾਂ ਰਲ-ਮਿਲ ਬੈਠ ਖਾਦੀ ਰੋਟੀ ਦੀ ਹਰੇਕ ਬੁਰਕੀ ਵੀ ਸੁਰਗ ਵਰਗੀ ਜਾਪਦੀ ਹੈ। ਬੇਗਾਨੇ ਮੁਲਕ ਦੀ ਰੋਟੀ, ਇਸ ਰੋਟੀ ਦੀ ਕੋਈ ਰੀਸ ਨਹੀਂ ਕਰ ਸਕਦੀ।

ਪਰ ਅੱਜ ਦਾ ਅੱਧਾ ਪੰਜਾਬ ਇਥੋਂ ਦੀ ਸਥਿਤੀ ਤੋਂ ਅਸੰਤੁਸ਼ਟ ਹੁੰਦਿਆਂ ਨੱਕ ਮੋੜ ਬੇਗਾਨੇ ਮੁਲਕ ਕੈਨੇਡਾ ਦੀ ਰੋਟੀ ਕਮਾਉਣ ਨੂੰ ਉੱਥੇ ਜਾ ਬੈਠਾ ਹੈ। ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੌਬੀ) ਅਤੇ ਜਸਵੀਰ ਗੁਣਾਚੌਰੀਆ ਨੇ ਇਸੇ ਗੰਭੀਰ ਮੁੱਦੇ ਨੂੰ ਫ਼ਿਲਮ ਦਾ ਵਿਸ਼ਾ ਚੁਣ ਕੇ ਕਿਰਦਾਰਾਂ ਦੀਆਂ ਵਿਚਾਰ-ਧਾਰਾਵਾਂ ਦੀ ਅਣਬਣ ਜ਼ਰੀਏ ਜ਼ਰੂਰੀ ਸੁਨੇਹਾ ਘੱਲਣ ਦੀ ਕੋਸ਼ਿਸ਼ ਕੀਤੀ ਹੈ।



ਜਸਵੀਰ ਅਤੇ ਬਾਣੀ ਦੇ ਪਿਆਰ ਵਿਚਲੀ ਬਣੀ ਚਿੰਤਾ ਦੀ ਜੜ੍ਹ 'ਕੈਨੇਡਾ' ਤੋਂ ਹੀ ਸ਼ੁਰੂ ਹੁੰਦੀ ਹੈ। ਜਸਵੀਰ ਪੰਜਾਬ ਨੂੰ ਪਿਆਰ ਕਰਦਾ ਨੌਜਵਾਨ ਗੱਭਰੂ ਇਥੋਂ ਦੀ ਮਿੱਟੀ ਦੀ ਹਵਾ ਦੇ ਸਾਹ ਤੋਂ ਬਗੈਰ ਜਿਉਂ ਨਹੀਂ ਸਕਦਾ, ਜਦਕਿ ਉਸਦੀ ਮੁਹੱਬਤ ਬਾਣੀ ਵੀ ਆਪਣੇ ਕੈਨੇਡਾ ਵਿਚ ਰਹਿ ਕੇ ਜ਼ਿੰਦਗੀ ਜਿਉਣ ਦੇ ਸੁਫ਼ਨੇ ਤੋਂ ਹੇਠਾਂ ਉਤਰਨਾ ਨਹੀਂ ਚਾਹੁੰਦੀ।

ਦੂਜਾ ਭਰਾ ਦੀਪਾ ਪੰਜਾਬ ਦੇ ਮਾੜੇ ਵੈਲਪੁਣੇ ਵਿਚ ਅੱਗੇ, ਨਸ਼ੇ ਵਿਚ ਗਲਤਾਨ, ਬਿਨਾਂ ਕੋਈ ਜ਼ਿੰਦਗੀ ਦੇ ਮੁਕਾਮ ਵਾਲੇ ਨੌਜਵਾਨ ਦੀ ਝਾਕੀ ਪੇਸ਼ ਕਰਦਾ ਹੋਇਆ ਆਪਣੀਆਂ ਆਦਤਾਂ ਸਦਕਾ ਕੈਨੇਡਾ ਵਰਗੇ ਤੇਜ਼ ਮੁਲਕ ਵਿਚ ਆਪਣੇ ਮਾਪਿਆਂ ਨੂੰ ਬੁਲਾ ਉਥੋਂ ਦਾ ਸੰਘਰਸ਼ ਵੀ ਵਿਖਾਉਂਦਾ ਹੈ।

ਰੌਬੀ ਐਂਡ ਲਾਡੀ ਫਿਲਮ ਪ੍ਰੋਡਕਸ਼ਨ ਲਿਮਟਿਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਟਿਡ ਦੀ ਪੇਸ਼ਕਸ਼ ਇਸ ਫਿਲਮ ਵੱਡਾ ਘਰ ਵਿਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਜਸਵੀਰ ਗੁਣਾਚੌਰੀਆ ਪ੍ਰਸਿੱਧ ਗੀਤਕਾਰ ਹੈ ਜਿਸ ਨੇ ਆਪਣੀ ਕਲਮ ਸਦਕਾ ਪੰਜਾਬੀ ਸੰਗੀਤ ਖੇਤਰ 'ਚ ਚੰਗੀ ਪਛਾਣ ਬਣਾਈ। ਉਸਨੇ ਪਰਵਾਸੀ ਜੀਵਨ ਨੂੰ ਬਹੁਤ ਨੇੜੇ ਹੋ ਕੇ ਸਮਝਿਆ ਹੈ। ਹੁਣ ਗੀਤਕਾਰ ਤੋਂ ਫ਼ਿਲਮ ਲੇਖਕ ਬਣ ਕੇ ਜਸਬੀਰ ਗੁਣਾਚੌਰੀਆ ਨੇ ਆਪਣੀਆ ਦਿਲੀ-ਭਾਵਨਾਵਾਂ ਸਾਂਝੀਆਂ ਕਰਨ ਲਈ ਪੰਜਾਬੀ ਸਿਨਮੇ ਵੱਲ ਕਦਮ ਵਧਾਇਆ ਹੈ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਗੀਤ ਜਸਬੀਰ ਗੁਣਾਚੌਰੀਆ ਨੇ ਲਿਖੇ ਹਨ। ਫ਼ਿਲਮ ਦੇ ਗੀਤ ਵੀ ਜਸਬੀਰ ਗੁਣਾਚੌਰੀਆ ਨੇ ਹੀ ਲਿਖੇ ਹਨ, ਜਿਨ੍ਹਾਂ ਨੂੰ ਨਛੱਤਰ ਗਿੱਲ, ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ, ਸੁਨਿਧੀ ਚੌਹਾਨ, ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਨਿਰਮਾਤਾ ਤੇ ਡਿਸਟਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵਲੋਂ ਸੰਸਾਰ ਭਰ ਵਿਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ 'ਵੱਡਾ ਘਰ' ਮੁੱਖ ਤੌਰ 'ਤੇ ਆਪਣੇ ਜੱਦੀ ਘਰ ਦੀ ਅਹਿਮੀਅਤ ਨੌਜਵਾਨੀ ਪੀੜ੍ਹੀ ਦੀ ਦੋ ਅੰਤਰ-ਮੁਖੀ ਵਿਚਾਰ-ਧਾਰਾਵਾਂ ਅਤੇ ਚਰਿੱਤਰ ਦੇ ਫ਼ਰਕ ਨਾਲ ਆਪਣੇ ਮੁਲਕ ਦੇ ਮੁੱਦੇ 'ਸੁਲਝਾਉਣਾ' ਅਤੇ ਇਸ ਤੋਂ 'ਦੂਰ ਭੱਜਣਾ' ਨੂੰ ਪੇਸ਼ ਕਰਕੇ ਵੀ ਵਿਖਾਵੇਗੀ।

*-ਸੁਰਜੀਤ ਜੱਸਲ*
*ਫੋਨ: 98146-07737*

# ਮਰਦਾਨਿਆ ਰਬਾਬ ਵਜਾਇ

**ਬਰਸੀ 'ਤੇ ਵਿਸ਼ੇਸ਼**

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢ ਕਦੀਮ ਦਾ ਸਾਥੀ ਤੇ ਗੁਰੂ ਜੀ ਦੇ ਪਹਿਲੇ ਸਿੱਖਾਂ ਵਿਚ ਹੋਣ ਕਰਕੇ ਸਿੱਖ ਪੰਥ ਵਿਚ ਜੋ ਦਰਜਾ ਭਾਈ ਮਰਦਾਨੇ ਦਾ ਹੈ ਉਹ ਹੋਰ ਕਿਸੇ ਹਜ਼ੂਰੀ ਸਿੱਖ ਦਾ ਨਹੀਂ ਮੰਨਿਆ ਜਾ ਸਕਦਾ। ਸਿੱਖ ਸਾਹਿਤ ਤੇ ਇਤਿਹਾਸ ਵਿਚ ਭਾਈ ਮਰਦਾਨੇ ਨੂੰ ਬੜੀ ਅਹਿਮੀਅਤ ਹਾਸਲ ਹੈ। ਉਹ ਜਾਤ ਦਾ ਮਰਾਸੀ ਅਤੇ ਅੱਵਲ ਦਰਜੇ ਦਾ ਗਵੱਈਆ ਅਥਵਾ ਸੰਗੀਤਕਾਰ ਸੀ। ਜਨਮ ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਤੋਂ ਪਤਾ ਲਗਦਾ ਹੈ ਕਿ ਭਾਈ ਮਰਦਾਨਾ ਬੇਦੀਆਂ ਦਾ ਮਿਰਾਸੀ ਤੇ ਪਿੰਡ ਤਲਵੰਡੀ ਰਾਏ ਭੋਇ ਭੱਟੀ ਕੀ (ਹੁਣ ਪ੍ਰਸਿੱਧ ਨਗਰ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ) ਦਾ ਵਸਨੀਕ ਸੀ। ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਜੀ ਦਾ ਖਾਨਦਾਨੀ ਮਿਰਾਸੀ ਹੋਣ ਕਰਕੇ ਹੀ, ਉਹ ਗੁਰੂ ਨਾਨਕ ਦੀ ਖ਼ਬਰ



**ਡਾ. ਅਜੀਤ ਸਿੰਘ ਕੋਟ ਕਪੂਰਾ**

ਸਾਰ ਪੁੱਛਣ ਵਾਸਤੇ ਪਹਿਲੀ ਵਾਰ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਗਿਆ ਤੇ ਫੇਰ ਉਥੇ ਹੀ ਗੁਰੂ ਜੀ ਦੇ ਕੋਲ ਰਹਿ ਗਿਆ ਸੀ। ਉਹ ਗੁਰੂ ਨਾਨਕ ਸਾਹਿਬ ਦਾ ਰਬਾਬੀ ਕਾਵ ਤੇ ਸੰਗੀਤ ਦਾ ਪੂਰਾ ਮਾਹਿਰ ਤੇ ਦੇਸ਼-ਵਿਦੇਸ਼ ਦੀਆਂ ਚਾਰੇ ਉਦਾਸੀਆਂ ਵਿਚ ਹਮੇਸ਼ਾ ਗੁਰੂ ਜੀ ਦੇ ਅੰਗ ਸੰਗ ਰਹਿਣ ਵਾਲਾ ਜੀਉੜਾ ਸੀ।

ਭਾਈ ਮਰਦਾਨਾ ਉਮਰ ਵਿਚ ਗੁਰੂ ਨਾਨਕ ਤੋਂ ਦਸ ਵਰ੍ਹੇ ਵੱਡਾ ਸੀ। ਉਸ ਦੇ ਪਿਤਾ ਦਾ ਨਾਂ ਸੀ ਬਦਰਾ ਤੇ ਮਾਤਾ ਦਾ ਨਾਂ ਲਖੋ। ਆਖਿਆ ਜਾਂਦਾ ਹੈ ਕਿ ਪਹਿਲਾਂ ਮਾਈ ਲਖੋ ਦੇ ਛੇ ਬੱਚੇ ਪੈਦਾ ਹੋ ਕੇ ਮਰ ਚੁੱਕੇ ਸਨ ਇਸ ਲਈ ਉਸ ਨੇ ਇਸ ਸੱਤਵੇਂ ਬੱਚੇ ਦਾ ਨਾਂ 'ਮਰਜਾਣਾ' ਰੱਖਿਆ ਸੀ। ਪਰ ਜਦ ਗੁਰੂ ਨਾਨਕ ਜੀ ਨੇ ਉਸ ਨੂੰ ਸੁਭਾਵਿਕ ਹੀ 'ਮਰਦਾਨਾ' ਕਹਿ ਕੇ ਸੱਦਿਆ ਤਾਂ ਉਹ ਅਮਰ ਪਦਵੀ 'ਮਰਦਾ ਨਾ' ਮਿਲਣ ਕਰ ਕੇ ਮਰਦਾਨਾ ਹੀ ਬਣ ਗਿਆ।

ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਅਨੁਸਾਰ ਭਾਈ ਮੰਗਲ ਸਿੰਘ ਉਪਦੇਸ਼ਕ ਦੀ ਇਹ ਲਿਖਤ ਸੰਨ 1916 ਵਿਚ ਪ੍ਰਕਾਸ਼ਿਤ ਹੋਈ। ਮੰਗਲ ਸਿੰਘ ਉਪਦੇਸ਼ਕ ਨੇ ਇਸ ਪੁਸਤਕ ਦੀ ਅਧਾਰ ਸਮੱਗਰੀ ਦੇ ਸਰੋਤ ਦਾ ਕੋਈ ਸੰਕੇਤ ਨਹੀਂ ਦਿਤਾ। ਡਾਕਟਰ ਰਜਿੰਦਰ ਕੌਰ ਇਸ ਦੀ ਰੂਪਾਂਤਰਕਾਰ ਹੈ ਉਸ ਨੇ ਮਰਦਾਨੇ ਦੇ ਮੁਖੋਂ ਬਾਬਾ ਬੁੱਢਾ ਜੀ ਨਾਲ ਵਾਰਤਾਲਾਪ ਕਰਦਿਆਂ ਇਸ ਤਰ੍ਹਾਂ ਦਰਜ ਕਰਵਾਇਆ ਹੈ

"ਰਾਏ ਭੋਏ ਕੀ ਭੱਟੀ, ਰਾਜਪੂਤ ਨੇ 1486 ਬਿਕ੍ਰਮੀ ਅਥਵਾ ਸੰਨ 1429 ਈਸਵੀ ਵਿਚ ਜਦੋਂ ਆਪਣੇ ਨਾਮ ਤੇ ਰਾਏ ਭੋਇ ਕੀ ਤਲਵੰਡੀ ਵਸਾਈ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਦੇ ਵੱਡੇ ਜਠੇਰੇ ਪਿੰਡ ਗੋਡੇ ਤੋਂ ਆਣ ਕੇ ਇੱਥੇ ਵਸੇ ਸਨ। ਭਾਈ ਮਰਦਾਨੇ ਨੇ ਕਿਹਾ ਕਿ ਉਸੀ ਸਮੇਂ ਮੇਰੇ ਜਜਮਾਨ ਪਿੰਡ ਲਥਣਕੇ ਤੋਂ ਸੰਧੂ ਜ਼ਿਮੀਂਦਾਰ ਜਿਨ੍ਹਾਂ ਵਿਚੋਂ ਭਾਈ ਬਾਲਾ ਜੀ ਹਨ -ਇਥੇ ਆ ਕੇ ਵਸੇ। "ਹਨਾ ਦੇ ਨਾਲ ਮੇਰੇ ਵੱਡੇ ਰਜਾਨੀ ਜੀ ਚੌਬੜ ਜਾਤ ਦੇ ਮਰਾਸੀ ਵੀ ਇਥੇ ਇਸ ਜਗਹ ਆ ਗਏ। ਉਸ ਦੀ ਵੰਸ਼ ਤੋਂ ਭਾਦੜਾ ਤੇ ਭਾਦੜਾ ਤੋਂ ਮੇਰਾ ਪਿਤਾ —ਬਾਦਰਾ (ਬਾਦੀਆ ) ਪੈਦਾ ਹੋਇਆ। ਉਸ ਦੇ ਘਰ ਲਖੋ ਦੀ ਕੁਖੋਂ ਮੇਰਾ ਜਨਮ 1516 ਬਿਕ੍ਰਮੀ ਸੰਨ 1459 ਨੂੰ ਹੋਇਆ।

ਇਕ ਦਿਨ ਮੇਰਾ ਪਿਤਾ ਕਿਤੇ ਬਾਹਰ ਗਿਆ ਹੋਇਆ ਸੀ। ਦਾਣਿਆਂ ਦੀ ਤੰਗੀ ਵੇਖ ਕੇ ਮੇਰੀ ਮਾਂ ਨੇ ਮੈਨੂੰ ਆਖਿਆ,

"ਕਿਸੇ ਕੋਠਾ ਕਿਸੇ ਪੱਲਾ, ਮੈਨੂੰ ਆਸ ਤੇਰੀ ਅਲਾ"

ਉਸ ਵਕਤ ਗੁਰੂ ਜੀ ਬਾਲਕਾਂ ਨਾਲ ਖੇਡ ਕੇ ਘਰ ਵਾਪਸ ਜਾ ਰਹੇ ਸਨ। ਇਹ ਗੱਲ ਸੁਣ ਕੇ ਬਾਲਕ ਗੁਰੂ ਜੀ ਨੇ ਰਸ ਭਿੰਨੀ ਜ਼ੁਬਾਨ ਵਿਚ ਬਚਨ ਕੀਤੇ... "ਅਸੀਂ ਵੀ ਅਲਾ ਦਾ ਆਸਰਾ ਰੱਖਦੇ ਹਾਂ ਤੇ ਤੁਹਾਡਾ ਆਸਰਾ ਵੀ ਅਲਾ ਦਾ ਹੈ, ਸਾਨੂੰ ਅਲਾ ਵਾਲਿਆਂ ਦੀ ਅਤੀ ਲੋੜ ਹੈ, ਆਪਣਾ ਪੁੱਤ ਸਾਨੂੰ ਦੇ ਛੱਡ" ਮੇਰੀ ਮਾਂ ਆਖਣ ਲੱਗੀ,

"ਤੁਸੀਂ ਮੇਰੇ ਜਜਮਾਨ ਹੋ ਮੇਰਾ ਪੁੱਤਰ ਤਾਂ ਰਾਗ ਪ੍ਰੇਮੀ ਹੈ, ਇਸ ਗਵਈਏ ਤੋਂ ਤੁਹਾਡਾ ਕੀ ਕੰਮ ਸੰਵਰੇਗਾ? ਸਾਡਾ ਤਾਂ ਇਹ ਕੁਝ ਨਹੀਂ ਸੰਵਾਰਦਾ।"

ਗੁਰੂ ਜੀ ਬੋਲੇ,

"ਗਵਈਆ ਨਿਕੰਮਾ ਨਹੀਂ ਹੁੰਦਾ, ਗਵਈਆ ਤੇ ਕਵੀ ਦੋਵੇਂ ਮਰਦ, ਮਰਦਾਨਾ ਹੁੰਦੇ ਹਨ, ਸਾਨੂੰ ਇਸ ਦੇ ਰਾਗ ਦੀ ਲੋੜ ਹੈ"

ਉਸੇ ਦਿਨ ਤੋਂ ਮੇਰੇ ਉਪਰ ਗੁਰੂ ਦੀ ਕਿਰਪਾ ਹੋ ਗਈ... ਮੈਨੂੰ ਉਹਨਾਂ ਨੇ ਮਰਦਾਨਾ ਨਾਮ ਬਖਸ਼ਿਆ।"

ਬਚਪਨ ਤੋਂ ਭਾਈ ਮਰਦਾਨੇ ਦੀ ਸਭ ਤੋਂ ਵਡੀ ਸਿਫਤ ਇਹੋ ਸੀ ਕਿ ਉਸ ਦਾ ਬੱਚਿਆਂ ਵਰਗਾ ਸਾਫ, ਸ਼ੁੱਧ ਅਤੇ ਮਿਲਾਪੜਾ ਸੁਭਾਅ, ਸੰਜੀਦਾ ਵਰਤਾਅ, ਵਿਦਿਆ ਤੇ ਸੰਗੀਤ ਨਾਲ ਦਿਲੀ ਲਗਾਅ ਅਤੇ ਇਨਸਾਨੀਅਤ ਵੱਲ ਪੂਰੀ ਤਰ੍ਹਾਂ ਝੁਕਾਅ ਸੀ ਜੋ ਗੁਰੂ ਨਾਨਕ ਦੇਵ ਜੀ ਨੂੰ ਪਸੰਦ ਆਏ।

ਨੀਤੀਵਾਨਾਂ ਦਾ ਇਕ ਕਥਨ ਵੀ ਹੈ...

ਪੁਰਖ ਰੂਪ-ਧਾਰੀ ਮਿਲਨ, ਨਟਖਟ ਲੋਕ ਅਨੇਕ।।
ਅਸਲੀ ਮਨੁੱਖ ਥੋੜਤੇ, ਮਨ, ਵਿਚ ਕਰਮੋ ਨੇਕ।।
(ਆਦਮੀ ਦੀ ਪਰਖ)

ਇਸੇ ਕਰਕੇ ਹੀ ਗੁਰੂ ਨਾਨਕ ਦੇਵ ਜੀ ਨੇ, ਕਦੇ ਇਕ ਖਿਨ-ਪਲ ਵੀ ਮਰਦਾਨੇ ਨੂੰ ਆਪਣੇ ਨਾਲੋਂ ਵੱਖ ਕਰਨਾ ਪਸੰਦ ਨਾ ਕੀਤਾ।

ਭਾਈ ਮਨੀ ਸਿੰਘ ਨੇ ਭਾਈ ਮਰਦਾਨਾ ਦਾ ਗੁਰੂ ਪਾਤਸ਼ਾਹ ਨਾਲ ਪਹਿਲਾਂ ਮੇਲ ਲਗਭਗ 1480 ਈਸਵੀ ਵਿਚ ਹੋਇਆ ਦੱਸਿਆ ਹੈ। ਉਸ ਸਮੇਂ ਬਾਬਾ ਨਾਨਕ ਦੀ ਉਮਰ 11 ਕੁ ਸਾਲ ਦੀ ਸੀ ਤੇ ਮਰਦਾਨਾ 21 ਸਾਲਾਂ ਦਾ ਸੀ। ਦੋਵੇਂ ਪਿਆਰ ਦੇ ਬੰਧਨ ਵਿਚ ਬੱਝੇ ਗਏ ਸਨ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਸੀ, ਸ਼ਬਦ ਦਾ ਗਾਇਨ ਸੀ। ਗੁਰੂ ਪਾਤਸ਼ਾਹ ਜਦ ਵੀ ਬੋਲਦੇ ਇਹੋ ਆਖਦੇ,"ਮਰਦਾਨਿਆ ਰਬਾਬ ਵਜਾਇ। ਕਾਈ ਸਿਫਤ ਖੁਦਾਇ ਦੇ ਦੀਦਾਰ ਦੀ ਕਰੀਏ।" ਦੋਵੇਂ ਤਰੰਨਮ ਨਾਲ ਵਜਦ ਵਿਚ ਆ ਜਾਂਦੇ। ਦੋਵੇਂ ਇਕ ਦੂਜੇ ਦੇ ਸੰਗ ਸਾਥ ਨੂੰ ਮਾਣਦੇ। ਉਮਰਾਂ ਦੇ ਕਈ ਵਰ੍ਹੇ ਇਕੱਠੇ ਬਿਤਾਏ। ਜਿੰਨਾ ਲੰਮਾ ਅਰਸਾ ਭਾਈ ਮਰਦਾਨੇ ਨੇ ਬਾਬੇ ਨਾਨਕ ਦੀ ਛੋਹ ਦਾ ਸੁਆਦ ਮਾਣਿਆ ਉਨਾ ਹੀ ਉਨ੍ਹਾਂ ਦਾ ਬਿੰਬ ਸਾਖੀਕਾਰਾਂ ਨੇ ਭੁੱਖਾ, ਤਿਹਾਇਆ, ਲਾਲਚੀ, ਮੰਗਤਾ ਤੇ ਡਰਪੋਕ ਜੇਹਾ ਬਣਾ ਕੇ ਉਭਾਰਿਆ। ਪ੍ਰੰਤੂ ਉਹ ਤਾਂ ਉਚੇ ਦਰਜੇ ਦਾ ਮਹਾਂਪੁਰਖ, ਨਿਰਛਲ, ਨਿਰਕਪਟ, ਹਲੀਮ, ਸੂਰਮਾ, ਰਾਗ ਵਿਦਿਆ ਵਿਚ ਪ੍ਰਬੀਨ, ਅਤੇ ਦਲੇਰ ਸ਼ਖ਼ਸੀਅਤ ਸੀ। ਗੁਰੂ ਜੀ ਦਾ ਅਜਿਹਾ ਸਾਥੀ ਬਣਿਆ ਜਿਸ ਨੇ ਹਰ ਦੁੱਖ ਤੇ ਆਈ ਔਕੜ ਨੂੰ ਦਲੇਰੀ ਨਾਲ ਨਜਿੱਠਿਆ। ਕੌਡੇ ਰਾਖਸ਼ ਤੇ ਵਲੀ ਕੰਧਾਰੀ ਵਰਗਿਆਂ ਦਾ ਸਾਹਮਣਾ ਕੀਤਾ ਤੇ ਗੁਰੂ ਦੇ ਹੁਕਮਾਂ ਦੀ ਪਾਲਣਾ ਬੜੀ ਨਿਰਭੈਅਤਾ ਨਾਲ ਕੀਤੀ।



ਮਰਦਾਨਾ ਆਪਣੇ ਪਿਤਾ ਦੇ ਵੇਲੇ ਦੀਆਂ ਗਾਇਕ ਵਾਣੀਆਂ ਦੀ ਸੰਗਤ ਵਿਚ ਸਾਜ਼-ਸੰਗੀਤ ਵਿਚ ਢਲ ਗਿਆ ਸੀ। ਉਹ ਸਾਰੰਗੀ ਤੇ ਰਬਾਬ ਦਾ ਮਾਹਿਰ ਉਸਤਾਦ ਬਣ ਗਿਆ। ਉਹ ਰਬਾਬ ਇਤਨੀ ਮਨਮੋਹਕ ਵਜਾਉਂਦਾ ਸੀ ਕਿ ਬਾਬਾ ਨਾਨਕ ਵੀ ਉਸ ਦੀ ਪ੍ਰਸ਼ੰਸਾ ਕਰਨੋਂ ਨਾ ਰਹਿ ਸਕਦੇ। ਉਹ ਮਰਦਾਨੇ ਦੀ ਸਰਲਤਾ 'ਤੇ ਬਹੁਤ ਖੁਸ਼ ਹੋਏ ਤੇ ਆਖਣ ਲੱਗੇ,"ਮਰਦਾਨਿਆ ਉਚ ਨੀਚ ਜਾਤਾਂ ਦੇ ਭਰਮ ਤਾਂ ਲੋਕਾਂ ਨੇ ਪਾ ਦਿਤੇ। ਰੱਬ ਨੇ ਜਿਹੋ ਜਿਹਾ ਹੱਡ ਚੰਮ ਦਾ ਮੈਨੂੰ ਬਣਾਇਆ ਹੈ, ਤੇਹਾ ਹੀ ਤੈਨੂੰ ਬਣਾਇਆ ਹੈ। ਰੱਬ ਨੇ ਆਪਣੀ ਜੋਤ ਤੇਰੇ ਤੇ ਮੇਰੇ ਵਿਚ ਰੱਖੀ ਹੈ।... ਸਾਡੇ ਵਿਚ ਫਰਕ ਕੋਈ ਨਾ।" ਇਸ ਤਰ੍ਹਾਂ ਮਰਦਾਨੇ ਦਾ ਬਾਬੇ ਨਾਲ ਮੇਲ ਹੋਇਆ ਤੇ ਮਰਦਾਨਾ ਸਦਾ ਲਈ ਗੁਰੂ ਨਾਨਕ ਦਾ ਹੋ ਗਿਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਜਾਤੀ ਬੰਧਨਾਂ ਤੋਂ ਮੁਕਤ ਸਮਝਦੇ ਸਨ ਤੇ ਦਿਨੋਂ-ਦਿਨ ਜਾਤੀ-ਬੰਧਨਾ ਵਿਚ ਨਪੀੜੇ ਜਾ ਰਹੇ ਜਨ ਸਮਾਜ ਨੂੰ ਸਦੀਵੀ ਜੀਵਨ-ਮੁਕਤੀ ਪ੍ਰਾਪਤ ਕਰਨ ਵਾਸਤੇ ਖੁੱਲ੍ਹ ਦਿਲੀ ਦਾ ਉਪਦੇਸ਼ ਦਿੰਦੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਅੰਗ 1329 ਉਪਰ ਸੁਸ਼ੋਭਮਾਨ ਪਰਭਾਤੀ ਰਾਗ ਵਿਚ ਪਹਿਲੇ ਪਾਤਸ਼ਾਹ ਜੀ ਲਿਖਦੇ ਹਨ...

ਊਚਾ ਤੇ ਫੁਨਿ ਨੀਚੁ ਕਰਤ ਹੈ, ਨੀਚ ਕਰੈ ਸੁਲਤਾਨੁ।।
ਜਿਨੀ ਜਾਣ ਸੁਜਾਣਿਆ, ਜਗਿ ਤੇ ਪੂਰੇ ਪਰਵਾਣੁ।।

ਇਸੇ ਕਾਰਨ ਉਹ ਹਮੇਸ਼ਾਂ ਨੀਵਿਆਂ ਨੂੰ ਉਚਿਆਉਂਦੇ, ਸਲਾਹੁੰਦੇ ਤੇ ਵਡਿਆਉਂਦੇ ਹੋਏ ਕਹਿੰਦੇ ਹਨ...

ਨੀਚਾ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚ।
ਨਾਨਕ ਤਿਨ ਕੇ ਸੰਗ ਸਾਥ, ਵਡਿਆਂ ਸਿਉ ਕਿਆ ਰੀਸ।
ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸ਼ੀਸ।
(ਸਗਗਸ —ਅੰਗ 15)

ਭਾਈ ਮਰਦਾਨੇ ਦੇ ਮਨ ਅੰਦਰ ਜਦੋਂ ਵੀ ਕੋਈ ਸ਼ੰਕਾ ਪੈਦਾ ਹੁੰਦੀ ਤਾਂ ਉਹ ਬੜੀ ਦਲੇਰੀ ਨਾਲ ਬਾਬਾ ਜੀ ਤੋਂ ਸਪੱਸ਼ਟੀਕਰਨ ਲੈ ਲਿਆ ਕਰਦਾ ਸੀ। ਉਸ ਦੀ ਦਲੀਲ ਹਮੇਸ਼ਾ ਹੀ ਦਮਦਾਰ ਹੁੰਦੀ ਸੀ ਅਤੇ ਸਪਸ਼ਟੀਕਰਨ ਗੁਰੂ ਸਾਹਿਬ ਆਪ ਹੀ ਦਿਆ ਕਰਦੇ ਸਨ। ਜੇ ਉਸ ਦੀ ਤਸੱਲੀ ਨਾ ਹੁੰਦੀ ਤਾਂ ਉਹ ਦੁਬਾਰਾ ਪੁੱਛਣ ਤੋਂ ਘਬਰਾਉਂਦਾ ਨਹੀਂ ਸੀ। ਉਸ ਨੇ ਇਕ ਵਾਰ ਦੋਵੇਂ ਹੱਥ ਜੋੜ ਆਖਿਆ, 'ਬਾਬਾ ਤੇਰਾ ਮੇਰਾ ਅੰਤਰ ਨਾਹੀਂ, ਤੂੰ ਖੁਦਾਇ ਦਾ ਡੂਮ ਹਉ ਤੇਰਾ ਡੂਮ। ਤੈਂ ਖੁਦਾਇ ਪਾਇਆ ਹੈ, ਤੈਂ ਖੁਦਾਇ ਦੇਖਿਆ ਹੈ, ਤੇਰਾ ਕਿਹਾ ਖੁਦਾਇ ਕਰਦਾ ਹੈ,

ਮੇਰੀ ਬੇਨਤੀ ਹੈ, ਇਕ, ਮੈਨੂੰ ਵਿਛੋੜਨਾ ਨਾਹੀਂ ਆਪ ਨਾਲੋਂ, ਨਾ ਏਥੇ, ਨਾ ਓਥੇ।'

ਬਾਬੇ ਗੁਰੂ ਨੇ ਉਸੇ ਵੇਲੇ ਰਹਿਮ ਕਰਕੇ ਫਰਮਾਇਆ, 'ਮਰਦਾਨਿਆ ਤੁਧ ਉਪਰ ਮੇਰੀ ਖੁਸ਼ੀ ਹੈ। ਜਿਥੇ ਤੇਰਾ ਵਾਸਾ, ਉਥੇ ਮੇਰਾ ਵਾਸਾ।'

ਭਾਈ ਮਰਦਾਨਾ ਜੀ ਨਾਲ ਬਾਬੇ ਨਾਨਕ ਨੇ ਅਨੇਕਾਂ ਬਚਨ ਬਿਲਾਸ ਕੀਤੇ। ਅਨੇਕ ਪ੍ਰਸ਼ਨ ਉਤਰ ਕਰ ਕੇ ਕਈ ਗੁੱਝੇ ਭਾਵ ਖੋਲ੍ਹੇ ਹਨ।

ਉਦਾਹਰਣ ਵਜੋਂ—ਰਾਗਾਂ ਦੀ ਮਹੱਤਤਾ, ਸਮਾਂ ਕਿਹੜਾ ਚੰਗਾ, ਦਰਿਆ 'ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ। ਇਹ ਸੰਸਾਰ ਮਾਨੋ ਦਰਿਆ ਹੈ, ਇਸ ਦਰਿਆ ਦਾ ਬੇੜਾ ਕੌਣ ਹੈ, ਲੰਘਾਵਣ ਵਾਲਾ ਕੌਣ ਹੈ। ਮਨੁੱਖ ਖੁਦਾ ਨੂੰ ਮਿਲਦਾ ਕਿਵੇਂ ਹੈ ਤੇ ਵਿਛੜਦਾ ਕਿਵੇਂ। ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਜਾਣੀਏ। ਇਤਨੇ ਸਵਾਲ ਪੁਛੇ ਹਨ। ਇਨ੍ਹਾਂ ਪ੍ਰਸ਼ਨਾਂ ਤੋਂ ਬਾਬੇ ਦੀ ਤੀਖਣ ਬੁੱਧੀ ਦਾ ਗਿਆਨ ਹੁੰਦਾ ਹੈ।

ਸੰਸਾਰ ਦੇ ਭਲੇ ਲਈ ਗੁਰੂ ਸਾਹਿਬ ਹਰੇਕ ਪ੍ਰਸ਼ਨ ਦਾ ਉਤਰ ਦਿੰਦੇ ਹਨ। ਰਾਗ ਤਾਂ ਸਭ ਭਲੇ ਹਨ ਪਰ ਸਭ ਤੋਂ ਭਲਾ ਉਹ ਹੀ ਹੈ ਜਿਸ ਦੁਆਰਾ ਉਹ ਚਿਤ ਆਵੇ।

ਇਹ ਮਰਦਾਨੇ ਦੀ ਜੁਰਅਤ ਕਮਾਲ ਹੈ ਕਿ ਉਨ੍ਹਾਂ ਨੇ ਇਸਲਾਮੀ ਦੇਸ਼ਾਂ ਵਿਚ ਰਬਾਬ ਨਾਲ ਕੀਰਤਨ ਕਰਕੇ ਸਭ ਨੂੰ ਹੈਰਾਨ ਕਰ ਦਿਤਾ। ਭਾਈ ਗੁਰਦਾਸ ਜੀ ਨੇ 35ਵੀਂ ਪੌੜੀ ਵਿਚ ਲਿਖਿਆ ਹੈ:

ਸੁੰਨ ਮੁਨ ਨਗਰੀ ਭਈ ਦੇਖ ਪੀਰ ਹੋਆ ਹੈਰਾਨਾ।
ਵੇਖੈ ਧਿਆਨ ਲਗਾਇ ਕਰਿ ਇਕ ਫਕੀਰੁ ਵਡਾ ਮਸਤਾਨਾ।

ਇਨ੍ਹਾਂ ਮੁਲਕਾਂ ਵਿਚ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੇ ਕੀਰਤਨੀ ਸ਼ਬਦ ਗਾਏ। ਪੀਰ ਦੇ ਪੁੱਤਰ ਨੇ ਕਿਹਾ,"ਜਾਂ ਇਹ ਕਾਫਰ ਹੈ ਜਾਂ ਬਾਉਲਾ"। ਮਰਦਾਨੇ ਨੇ ਉਤਰ ਦਿਤਾ," ਮੈਂ ਬਾਵਲਾ ਨਹੀਂ ਮੁਰਸ਼ਦ ਦੀ ਆਵਾਜ਼ ਸੁਣਾ ਰਿਹਾ ਹਾਂ"। ਜਦੋਂ ਉਨ੍ਹਾਂ ਕਿਹਾ ਆਪਣੇ ਮੁਰਸ਼ਦ ਨੂੰ ਬੁਲਾਓ। "ਪੀਰ ਉਹ ਕਿਸੇ ਦੇ ਸਦਿਆਂ ਨਹੀਂ ਆਉਂਦਾ, ਬੇਪਰਵਾਹ ਹੈ। ਆਪ ਭਾਵੇਂ ਕਿਸੇ ਥਾਂ ਚਲਿਆ ਜਾਵੇ"।

ਮਰਦਾਨਾ ਜਿਹੀ ਮਹਾਨ ਸਖਸ਼ੀਅਤ ਦਾ ਸ਼ਬਦ ਚਿਤ੍ਰ ਪੇਸ਼ ਕਰਨਾ ਭਾਵੇਂ ਬੇਹੱਦ ਮੁਸ਼ਕਲ ਹੈ ਤਾਂ ਵੀ ਭਾਈ ਕਾਨ੍ਹ ਸਿੰਘ ਨਾਭਾ ਨੇ ਰੂਪਕ ਰੂਪ ਕਬਿੱਤ ਵਿਚ ਉਨ੍ਹਾਂ ਬਾਰੇ ਲਿਖਿਆ ਸੀ:

ਬਾਬਾ! ਮੈਂ ਤਾਂ ਤਾਲੋਂ ਘੁਥਾ ਕਰਮ ਬੇਤਾਲੇ ਕਰਾਂ,
ਸੁਰ ਨਹੀਂ ਮਿਲਦਾ, ਮੈਂ ਹੋ ਗਿਆ ਬੜਾ ਲਚਾਰ।
ਲੈ ਗਈ ਉੱਘੜ ਨ ਤਾਨ ਬੈਠਦੀ ਠਿਕਾਣੇ,
ਤੀਬਰ ਸਰਗਮ ਸੁਧ ਕਮਲ ਨਹੀਂ ਵਿਚਾਰ।
ਵਾਦੀ ਤੇ ਸੰਵਾਦੀ ਅਨੁਵਾਦੀ ਨਾ ਗਿਆਨ ਕੁਝ,
ਟੁਟੇ ਫੁਟੇ ਸਾਜ਼ ਲੈ ਕੇ ਢੱਠਾ ਆਣ ਤੇਰੇ ਦਵਾਰ।
ਮਿਹਰਾਂ ਦੇ ਸਾਈਂ! ਮਰਦਾਨੇ ਨੂੰ ਇਸ਼ਾਰਾ ਕਰੀਂ,
ਸੁਰ ਠੀਕ ਕਰੇ ਨਾਲੇ ਛੇੜੇ ਜ਼ਰਾ ਮੇਰੀ ਤਾਰ।

ਉਸ ਸਮੇਂ ਦੇ ਲੋਕਾਂ ਨੇ ਬਾਬੇ ਨਾਨਕ ਨੂੰ ਠੀਕ ਤਰ੍ਹਾਂ ਨਹੀਂ ਸਮਝਿਆ ਸੀ। ਕਈ ਲੋਕਾਂ ਨੇ ਉਨ੍ਹਾਂ ਨੂੰ ਵੀ ਬੇਤਾਲਾ ਆਖਿਆ ਸੀ ਜਿਸ ਦਾ ਵਰਣਨ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਸੁਲਤਾਨਪੁਰ ਲੋਧੀ ਤੋਂ ਚਲ ਕੇ ਚਾਰ ਸੰਸਾਰ ਫੇਰੀਆਂ (ਉਦਾਸੀਆਂ) ਕਰਨ ਤੋਂ ਪਹਿਲਾਂ ਭਾਈ ਲਾਲੋ ਤਰਖਾਣ (ਸਿੱਖ) ਦੇ ਕੋਲ ਸੈਦਪੁਰ (ਐਮਨਾਬਾਦ) ਪਹੁੰਚ ਕੇ ਰੋੜੀ ਸਾਹਿਬ ਦੇ ਸਥਾਨ ਉਤੇ ਬੜੀ ਭਾਰੀ ਤਪੱਸਿਆ ਕੀਤੀ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ

ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲਿ ਕਮਾਈ।
ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।।

ਜਨਮ ਸਾਖੀ (ਪੈੜਾ- ਮੋਖਾ) ਦੇ ਕਥਨ ਅਨੁਸਾਰ ਇਸ ਸਮੇਂ ਭਾਈ ਮਰਦਾਨੇ ਤੇ ਮਹਿਤਾ ਕਾਲੂ ਜੀ ਅਤੇ ਰਾਏ ਬੁਲਾਰ ਦੀ ਜੋ ਪਰਸਪਰ ਸੁਆਦਲੀ ਬਾਤ-ਚੀਤ ਹੋਈ ਉਸ ਦਾ ਵੇਰਵਾ ਇਸ ਤਰ੍ਹਾਂ ਹੈ:

1. ਤਾਂ ਕਾਲੂ ਕਿਹਾ, 'ਮਰਦਾਨਾ ਦੇਹ ਨਾਨਕ ਦੀਆਂ ਗੱਲਾਂ ਖਬਰਾਂ' ਤਾਂ ਮਰਦਾਨੇ ਕਿਹਾ, ਮਹਿਤਾ ਜੀ! ਤੁਸੀਂ ਗਿਣਤੀ ਕਾਈ ਨਾ ਕਰੋ ਜੀ। ਗੁਰੂ ਨਾਨਕ ਜੀ ਤੇਰੇ ਘਰ ਚੰਦ, ਸੂਰਜ ਅਤੇ ਰਾਮ ਕ੍ਰਿਸ਼ਨ ਅਉਤਾਰ ਲੀਤਾ ਹੈ ਜੀ। ਮਹਿਤਾ ਜੀ! ਤੁਸੀਂ ਅਨੰਦ ਮੰਗਲ ਗਾਵੋ ਜੀ। ਤਾਂ ਕਾਲੂ ਕਿਹਾ ਸੁਣਦੇ ਹੋ ਲੋਕੋ! ਨਾਨਕ ਤਾਂ ਮੇਰਾ ਨਾਂ ਡੋਬਿਆ ਹੈ ਜੀ, ਇਹ ਬੇਅਕਲ ਡੂਮ ਆਖਦਾ ਹੈ ਜੀ, ਜੋ ਤੇਰੇ ਘਰ ਚੰਦ, ਸੂਰਜ ਅਤੇ ਰਾਮ, ਕ੍ਰਿਸ਼ਨ ਪੈਦਾ ਹੋਇਆ ਹੈ ਜੀ। ਤਾਂ ਮਰਦਾਨੇ (ਬੜੀ ਗੰਭੀਰਤਾ ਨਾਲ) ਆਖਿਆ, ਜਜਮਾਨ ! ਤੈਨੂੰ ਏਹਾ ਖਬਰ ਹੈ ਜੀ।

2. ਤਾਂ ਫੇਰ ਰਾਏ ਬੁਲਾਰ ਨੇ ਆਪਣਾ ਆਦਮੀ ਭੇਜ ਕੇ ਭਾਈ ਮਰਦਾਨੇ ਨੂੰ ਸਦਿਆ ਅਤੇ ਗੁਰੂ ਨਾਨਕ ਦੀਆਂ ਖਬਰਾਂ ਪੁੱਛੀਆਂ:

ਤਾਂ ਮਰਦਾਨੇ ਆਖਿਆ, 'ਲਵੋ ਰਾਏ ਜੀ! ਗੁਰੂ ਨਾਨਕ ਦੀਆਂ ਖਬਰਾਂ। ਗੁਰੂ ਨਾਨਕ ਜੀ ਪਾਤਸ਼ਾਹਾਂ ਦਾ ਪਾਤਸ਼ਾਹ, ਗੁਰੂ ਨਾਨਕ ਜੀ ਪੀਰਾਂ ਦਾ ਪੀਰ, ਗੁਰੂ ਨਾਨਕ ਜੀ ਫਕੀਰਾਂ ਸਿਰਿ ਫਕੀਰ। ਰਾਏ ਜੀ! ਗੁਰੂ ਨਾਨਕ ਜੀ ਦੇ ਤੁਲ ਅੱਜ ਕੋਈ ਨਹੀਂ ਹੈ ਜੀ। ਰਾਏ ਜੀ ਗੁਰੂ ਨਾਨਕ ਜੀ ਦੇ ਉਪਰ ਇਕ ਖੁਦਾਇ ਹੈ ਜੀ। ਗੁਰੂ ਨਾਨਕ ਜੀ ਨੂੰ ਖੁਦਾਇ ਵਡਾ ਮਰਤਬਾ ਦਿਤਾ ਹੈ ਜੀ।' ਤਾਂ ਮਰਦਾਨੇ ਨੂੰ ਰਾਏ ਆਖਿਆ 'ਮਰਦਾਨਾ! ਤੂੰ ਸੱਚ ਆਖਦਾ ਹੈ ਜੀ। ਗੁਰੂ ਨਾਨਕ ਜੀ ਐਸਾ ਹੀ ਪ੍ਰਵਾਨ ਹੈ ਜੀ'। (ਹੱਥ ਲਿਖਤ ਜਨਮ ਸਾਖੀ ਗੁਰੂ ਨਾਨਕ ਸੰਮਤ 1882 ਬਿਕ੍ਰਮੀ)

ਰਾਏ ਬੁਲਾਰ ਉਸ ਸਮੇਂ ਬੜਾ ਬਿਰਧ ਹੋ ਚੁਕਾ ਸੀ, ਇਸ ਲਈ ਭਾਈ ਮਰਦਾਨੇ ਹੱਥ ਉਸ ਦੀ ਪ੍ਰੀਤ-ਮਿਲਣੀ ਦਾ ਸੰਦੇਸ਼ ਪੁੱਜਣ 'ਤੇ ਗੁਰੂ ਨਾਨਕ ਖੁਦ ਸੈਦਪੁਰ ਤੋਂ ਤਲਵੰਡੀ ਪੁਜੇ ਤੇ ਭਾਈ ਮਰਦਾਨੇ ਸਮੇਤ, ਰਾਏ ਜੀ ਦੇ ਨਾਲ ਹੀ ਮਾਤਾ-ਪਿਤਾ ਨੂੰ ਵੀ ਮਿਲ ਗਏ।

ਗੁਰੂ ਨਾਨਕ ਸਾਹਿਬ ਨੇ ਪਹਿਲਾਂ ਰੋੜੀ ਸਾਹਿਬ ਸੈਦਪੁਰ ਤਪ-ਸਾਧਨਾ ਕਰ ਕੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਾਧਿਆ ਨਾਲੇ ਇਕ ਵਾਰ ਤਲਵੰਡੀ ਵੀ ਹੋ ਆਏ ਤੇ ਫੇਰ ਇਕ ਚੰਗੇ ਯਾਤਰੀ ਵਾਂਗ ਲੰਮੇ ਸਫ਼ਰ 'ਤੇ ਨਿਕਲਣ ਲਈ ਕਮਰਾਂ ਕੱਸ ਲਈਆਂ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਜਾਤੀ ਦਾ ਉਧਾਰ ਕਰਨ ਖਾਤਿਰ ਲੰਮੀਆਂ ਉਦਾਸੀਆਂ ਕੀਤੀਆਂ। ਇਹ ਉਦਾਸੀਆਂ ਪ੍ਰਚਾਰ ਫੇਰੀਆਂ ਹੀ ਸਨ ਅਤੇ ਇਤਿਹਾਸਕਾਰਾਂ ਨੇ ਇਨ੍ਹਾਂ ਪ੍ਰਚਾਰ ਫੇਰੀਆਂ ਨੂੰ ਉਦਾਸੀਆਂ ਲਿਖਿਆ ਹੈ।

ਉਦਾਸੀ ਤੋਂ ਭਾਵ...ਉਦਾਸ ਬਿਰਤੀ ਜਾਂ ਵਿਰਕਤ ਬਿਰਤੀ।

ਗੁਰੂ ਜੀ ਸੰਸਾਰਕ ਵਿਹਾਰ ਤੋਂ ਮੁਕਤ ਹੋ ਕੇ ਕੇਵਲ ਤੇ ਕੇਵਲ ਗੁਰੂ ਘਰ ਦਾ ਪ੍ਰਚਾਰ ਕਰ ਰਹੇ ਸਨ ਜਿਸ ਦਾ ਮੁਖ ਉਦੇਸ਼ ਲੋਕ-ਕਲਿਆਣ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਦੱਸਿਆ ਹੈ ਕਿ...

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥

ਮਰਦਾਨੇ ਸਮੇਤ ਚਾਰ ਉਦਾਸੀਆਂ ਇਕ ਨਿਸ਼ਚਿਤ ਸੋਚ-ਵਿਚਾਰ ਦੇ ਅਧੀਨ ਵਿਉਂਤ ਕੀਤੀਆਂ ਗਈਆਂ ਸਨ।

ਭਾਈ ਮਰਦਾਨਾ ਸਤਿਗੁਰ ਦੇ ਰੰਗ ਵਿਚ ਪੂਰਨ ਪਦ ਨੂੰ ਪਹੁੰਚਾ। ਇਕ ਦਿਨ ਮਰਦਾਨੇ ਨੂੰ ਸਤਿਗੁਰਾਂ ਨੇ ਫਰਮਾਇਆ ਸੀ ਕਿ ਅਸੀਂ ਤੈਨੂੰ ਗੰਧਰਵ ਲੋਕ ਤੋਂ ਨਾਲ ਲਿਆਏ ਸੀ ਜਦੋਂ ਅਸੀਂ ਬੈਕੁੰਠ ਧਾਮ ਜਾਵਾਂਗੇ ਤਾਂ ਤੈਨੂੰ ਨਾਲ ਲੈ ਜਾਵਾਂਗੇ। ਮਰਦਾਨਾ ਸਤਿਗੁਰਾਂ ਦੇ ਚਰਨੀਂ ਲੱਗਾ ਰਿਹਾ ਤੇ ਜੀਵਨ ਮੁਕਤ ਤੇ ਪਾਰਗਰਾਮੀ ਹੋ ਗਿਆ। ਆਪ ਤਰਿਆ ਤੇ ਹੋਰਨਾਂ ਨੂੰ ਬੇੜੇ ਚਾੜ੍ਹਦਾ ਮਰਦਾਨਾ 'ਸਫਲ ਸਿੱਖ' ਹੋਇਆ।

ਬਲਬੀਰ ਸਿੰਘ ਕੰਵਲ ਨੇ ਆਪਣੀ ਪੁਸਤਕ ਪੰਜਾਬ ਦੇ ਪ੍ਰਸਿੱਧ ਰਾਗੀ ਦੇ ਪੰਨਾ 74 'ਤੇ ਦਰਜ ਕੀਤਾ ਹੈ ਕਿ ਭਾਈ ਮਰਦਾਨਾ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਦਰਿਆ ਕੁਰਮ ਦੇ ਕੰਢੇ ਵੱਸਦੇ ਕੁਰਮ ਸ਼ਹਿਰ ਵਿਚ ਆਪ ਚਲਾਣਾ ਕਰ ਗਏ ਅਤੇ ਆਪਣੇ ਜੁਗਾਂ ਦੇ ਸਾਥੀ ਨੂੰ ਵਿਛੋੜਾ ਦੇ ਗਏ। ਭਾਈ ਮਰਦਾਨੇ ਦੇ ਅੰਤਿਮ ਸਮੇਂ ਬਾਰੇ ਵੱਖ ਵੱਖ ਵਿਚਾਰਾਂ ਹਨ। 1581, 1591 ਤੇ 1595 ਬਿਕ੍ਰਮੀ। ਆਪ ਦੇ ਚਲਾਣੇ ਬਾਬਤ ਕੁਰਮ ਵਿਚ ਹੋਣਾ ਅਤੇ ਅਗਨੀ ਦਾਹ ਨਾਲ ਸਸਕਾਰ ਕੀਤਾ ਜਾਣਾ ਵੀ ਲਿਖਿਆ ਹੈ ਪਰ ਕੁਰਮ ਵਿਚ ਟਿਕਾਣੇ ਦਾ ਪਤਾ ਅੱਜ ਤਕ ਨਹੀਂ ਲੱਭਾ। ਭਾਈ ਮਨੀ ਸਿੰਘ ਜੀ ਆਪ ਦਾ ਦਿਹਾਂਤ ਰਾਵੀ ਕੰਢੇ ਕਰਤਾਰਪੁਰ ਵਿਚ ਹੋਇਆ ਲਿਖਦੇ ਹਨ।

ਭਾਈ ਮਰਦਾਨਾ ਗੁਰੂ ਬਾਬੇ ਦੇ ਸਾਥ ਵਿਚ ਬਹੁਤ ਹੀ ਉਚੇਰੀ ਅਵਸਥਾ ਨੂੰ ਪ੍ਰਾਪਤ ਹੋ ਗਿਆ ਸੀ। ਇਕ ਦਿਨ ਸਹਿਵਨ ਹੀ ਬਾਬੇ ਨਾਨਕ ਨੇ ਮਰਦਾਨੇ ਦਾ ਅੰਤਿਮ ਸਮਾਂ ਨੇੜੇ ਜਾਣ ਕੇ ਉਸ ਮਰਦਾਨੇ ਨੂੰ ਪੁੱਛਿਆ, 'ਮਰਦਾਨਿਆ! ਜੇ ਤੂੰ ਚਾਹੇਂ ਤਾਂ ਤੇਰੀ ਦੇਹ ਨੂੰ ਬ੍ਰਾਹਮਣ ਵਾਂਗੂ ਦਰਿਆ ਵਿਚ ਸੁਟ ਦੇਈਏ। ਜੇ ਤੇਰੀ ਖਾਹਿਸ਼ ਹੋਵੇ ਤਾਂ ਖੱਤ੍ਰੀ ਵਾਂਗ ਸਾੜ ਦੇਈਏ। ਮਰਦਾਨਿਆ ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂ ਹਵਾ ਵਿਚ ਸੁਟਵਾ ਦੇਈਏ, ਜੇ ਤੇਰਾ ਚਿਤ ਹੋਵੇ ਤਾਂ ਦਬਵਾ ਦੇਈਏ'। ਮਰਦਾਨਾ ਜੀ ਉਤਰ ਵਿਚ ਆਖਿਆ ,"ਵਾਹ, ਬਾਬਾ ਵਾਹ! ਅਜੇ ਵੀ ਸਰੀਰ ਦੇ ਚੱਕਰਾਂ ਵਿਚ। ਤੁਹਾਡੇ ਉਪਦੇਸ਼ ਕਾਰਨ ਤਾਂ ਦੇਹੀ ਦਾ ਖਿਆਲ ਹੀ ਖਤਮ ਹੋ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਹੀ ਕੇਵਲ ਆਪਣਾ ਸਾਥੀ ਸਮਝਦਾ ਹਾਂ"। ਫੇਰ ਬੋਲੇ,"ਮਰਦਾਨਿਆ, ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਪ੍ਰਸਿੱਧ ਕਰ ਦੇਈਏ"। ਮਰਦਾਨੇ ਨੇ ਕੁਝ ਗੰਭੀਰ ਹੋ ਕੇ ਕਿਹਾ,"ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗਾ ਹਾਂ ਇਸ ਨੂੰ ਫਿਰ ਪੱਥਰ ਵਿਚ ਕਿਉਂ ਪਾਂਵਦੇ ਹੋ।" ਬਾਬੇ ਨੇ ਅੱਗੇ ਵਧ ਕੇ ਮਰਦਾਨੇ ਨੂੰ ਆਪਣੀ ਛਾਤੀ ਨਾਲ ਲਾ ਲਿਆ ਤੇ ਕਿਹਾ ਮਰਦਾਨਿਆ,"ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਤੂੰ ਬ੍ਰਹਮ ਗਿਆਨੀ ਹੋਇਆ। ਅਸੀਂ ਤੈਨੂੰ ਅੱਗ ਦਾ ਦਾਗ ਦੇਵਾਂਗੇ ਅਤੇ ਰਾਵੀ ਵਿਚ ਤੈਨੂੰ ਪ੍ਰਵਾਹ ਕਰਾਂਗੇ।" ਤੂੰ ਰਾਵੀ ਦੇ ਕੰਢੇ ਆਸਣ ਮਾਰ ਕੇ ਬੈਠ, ਪ੍ਰਮੇਸ਼ਵਰ ਦਾ ਧਿਆਨ ਧਰ ਕੇ ਵਾਹਿਗੁਰੂ ਵਾਹਿਗੁਰੂ ਜਪ।' ਇਸ ਤਰ੍ਹਾਂ ਮਰਦਾਨੇ ਨੇ ਆਪਣਾ ਸਰੀਰ ਤਿਆਗਿਆ। ਭਾਈ ਮਨੀ ਸਿੰਘ ਜੀ ਨੇ ਗਿਆਨ ਰਤਨਾਵਲੀ ਦੀ ਪਉੜੀ ਨੰਬਰ 45 ਵਿਚ ਲਿਖਿਆ ਹੈ, ਮਰਦਾਨੇ ਦੀ ਆਪਣੀ ਇੱਛਾ ਅਨੁਸਾਰ ਸਾਹਿਬਾਂ ਨੇ ਆਪਣੇ ਹਸਤ ਕਮਲਾਂ ਨਾਲ ਉਸ ਦਾ ਸੰਸਕਾਰ ਕੀਤਾ। ਸੰਸਕਾਰ ਉਪਰੰਤ ਗੁਰਦੇਵ ਨੇ ਅੰਮ੍ਰਿਤ ਵੇਲੇ ਕੜਾਹ ਪ੍ਰਸ਼ਾਦਿ ਤਿਆਰ ਕਰ ਕੇ ਸੰਗਤਾਂ ਵਿਚ ਵਰਤਾਇਆ। ਇਸ ਮੌਕੇ ਮਰਦਾਨਾ ਜੀ ਦਾ ਪੁੱਤਰ ਸ਼ਹਿਜ਼ਾਦਾ ਹਾਜ਼ਰ ਸੀ, ਉਸ ਨੂੰ ਬਾਬੇ ਕਿਹਾ ਜੋ ਆਪਣੇ ਘਰ ਜਾਂਦੇ ਹਨ ਉਨ੍ਹਾਂ ਦਾ ਸੋਗ ਨਹੀਂ ਕਰਨਾ।

# ਪੁਲਾੜ ਤੋਂ ਦਿਸਦੀ ਦੁਨੀਆ ਦੇ ਦਰਸ਼ਨ: ਔਰਬਿਟਲ

**ਕਲਾ ਪਰਿਕਰਮਾ**

ਸਾਲ 2024 ਲਈ ਬੁੱਕਰ ਸਾਹਿਤ ਪੁਰਸਕਾਰ ਸਾਡੇ ਸਮਿਆਂ ਦੀ ਸਭ ਤੋਂ ਪ੍ਰਸਿੱਧ ਬ੍ਰਿਟਿਸ਼ ਲੇਖਕਾ ਸਾਮੰਥਾ ਹਾਰਵੇ ਨੂੰ ਉਸ ਦੇ ਪ੍ਰਸਿੱਧ ਨਾਵਲ 'ਔਰਬਿਟਲ' ਲਈ ਮਿਲਿਆ ਹੈ। ਬ੍ਰਿਟਿਸ਼ ਲੇਖਕਾ ਸਾਮੰਥਾ ਹਾਰਵੇ ਨੂੰ ਅੰਗਰੇਜ਼ੀ ਭਾਸ਼ਾ ਦੇ ਉਨ੍ਹਾਂ ਕੁਝ ਚੋਣਵੇਂ ਨਾਵਲਕਾਰਾਂ ਅਤੇ ਲੇਖਕਾਂ ਵਿਚ ਗਿਣਿਆ ਜਾਂਦਾ ਹੈ ਜਿਨ੍ਹਾਂ ਦੀ ਲੇਖਨ ਪ੍ਰਤਿਭਾ ਅਤੇ ਵਰਣਨ ਨੇ ਕੁਦਰਤੀ ਚੀਜ਼ਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਜੋ ਜੀਵਨ ਦੇ ਅਨੁਭਵ ਅਤੇ ਇਸ ਦੀ ਸੁੰਦਰ ਹਕੀਕਤ, ਦੁੱਖ ਅਤੇ ਖੁਸ਼ੀ ਨੂੰ ਪਰਿਭਾਸ਼ਤ ਕਰਦਾ ਹੈ।

ਲੇਖਕ ਵਜੋਂ ਸਾਮੰਥਾ ਦਾ ਸਭ ਤੋਂ ਵੱਡਾ ਸਾਹਿਤਕ ਪੱਖ ਉਸ ਦੀ ਸ਼ੈਲੀ ਅਤੇ ਭਾਸ਼ਾ ਹੈ ਜੋ ਉਸ ਨੂੰ ਦੂਜੇ ਅੰਗਰੇਜ਼ੀ ਲੇਖਕਾਂ ਨਾਲੋਂ ਵੱਖਰਾ ਦਰਜਾ ਦਿੰਦੀ ਹੈ। ਸਾਮੰਥਾ ਦਾ ਨਾਵਲ 'ਔਰਬਿਟਲ' ਇਸ ਲਈ ਵੀ ਬਹੁਤ ਮਹੱਤਵਪੂਰਨ

**ਡਾ. ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**


ਹੈ ਕਿਉਂਕਿ ਇਸ ਵਿਚ ਕੌਮਾਂਤਰੀ ਪੁਲਾੜ ਸਟੇਸ਼ਨ ਦੀ ਯਥਾਰਥਕ ਕਲਪਨਾ ਨੂੰ ਦਰਸਾਇਆ ਗਿਆ ਹੈ ਅਤੇ ਧਰਤੀ ਦਾ ਨਜ਼ਾਰਾ ਕਵਿਤਾ ਵਾਂਗ ਮਹਿਸੂਸ ਹੁੰਦਾ ਹੈ। ਇਹ ਧਰਤੀ ਦੀ ਸੁੰਦਰਤਾ ਨੂੰ ਅਤੀਤ ਦੀ ਉਤਸੁਕਤਾ ਅਤੇ ਰੁਮਾਂਟਿਕਤਾ ਨਾਲ ਦਰਸਾਉਂਦੀ ਹੈ। ਇਹ ਪੁਸਤਕ ਤੇ ਇਸ ਤਰ੍ਹਾਂ ਦਾ ਕਥਾ ਬਿਰਤਾਂਤ ਕੋਈ ਹੋਰ ਲੇਖਕ ਨਹੀਂ ਕਰ ਸਕਿਆ ਹੈ। ਵਰਣਨਯੋਗ ਹੈ ਕਿ ਇਸ ਸਾਲ ਦੇ ਬੁੱਕਰ ਪੁਰਸਕਾਰ ਨਾਮਜ਼ਦਗੀ ਵਿਚ ਸਭ ਤੋਂ ਵੱਧ ਮਹਿਲਾ ਲੇਖਕ ਉਮੀਦਵਾਰਾਂ ਵਿਚ ਪੰਜ ਹੋਰ ਔਰਤਾਂ ਸਨ ਅਤੇ ਇਹ ਪਹਿਲੀ ਵਾਰ ਸੀ ਕਿ ਪੁਰਸਕਾਰ ਪ੍ਰਾਪਤ ਕਰਨ ਲਈ ਏਨੀਆਂ ਲੇਖਕਾਵਾਂ ਵਿਚ ਮੁਕਾਬਲਾ ਹੋਇਆ ਜਿਸ ਵਿਚ ਸਾਮੰਥਾ ਦੀਆਂ ਲਿਖਤਾਂ ਸਭ ਤੋਂ ਮਹੱਤਵਪੂਰਨ ਸਨ ਅਤੇ ਉਸ ਦੇ ਰਚਨਾਤਮਕ ਕੰਮ ਦੀ ਮਾਨਤਾ ਅਤੇ ਉਸ ਦੀ ਸ਼ੈਲੀ ਦੇ ਸੁੰਦਰ ਸ਼ਬਦਾਂ ਨੇ ਪੁਰਸਕਾਰ ਕਮੇਟੀ ਨੇ ਉਸ ਨੂੰ ਇਹ ਪੁਰਸਕਾਰ ਦੇਣ ਲਈ ਪ੍ਰੇਰਿਤ ਕੀਤਾ। ਸਾਮੰਥਾ ਨੇ ਇਸ ਪੁਰਸਕਾਰ ਦੇ ਐਲਾਨ ਤੋਂ ਬਾਅਦ ਕਿਹਾ ਹੈ ਕਿ ਉਸ ਨੇ ਕੋਵਿਡ-19 ਦੇ ਸਮੇਂ ਦੌਰਾਨ ਇਸ ਨੂੰ ਲਿਖਣਾ ਸ਼ੁਰੂ ਕੀਤਾ ਸੀ ਅਤੇ ਇਹ ਉਸ ਸੁੰਦਰਤਾ ਦਾ ਵਰਣਨ ਕਰਦਾ ਹੈ ਜੋ ਸਾਮੰਥਾ ਨੇ ਪੁਲਾੜ ਚੱਕਰ ਲਗਾਉਣ ਵਾਲੇ ਪੁਲਾੜ ਯਾਤਰੀਆਂ ਅਤੇ ਉਨ੍ਹਾਂ ਦੀ ਦਿਮਾਗੀ ਸਥਿਤੀ ਬਾਰੇ ਲਿਖਦੇ ਹੋਏ ਪਾਇਆ ਸੀ।

ਇਹ ਨਾਵਲ ਕੋਵਿਡ-19 ਦੀ ਮਹਾਮਾਰੀ ਦਾ ਵਰਣਨ ਕਰਦਾ ਹੈ ਜਿਸ ਨੂੰ ਤਾਲਾਬੰਦੀ ਦੇ ਦਿਨਾਂ ਦੌਰਾਨ ਪੂਰੀ ਦੁਨੀਆ ਵਿਚ ਬਹੁਤ ਨੇੜਿਓਂ ਦੇਖਿਆ ਗਿਆ ਸੀ ਅਤੇ ਲੋਕ ਆਪਣੇ ਸਰੀਰ ਅਤੇ ਜਾਨਾਂ ਦੀ ਬਲੀ ਦੇ ਕੇ ਆਪਣੀਆਂ ਜਾਨਾਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਪ੍ਰਤੀਬੱਧ ਲੇਖਕਾ ਸਾਮੰਥਾ ਨੂੰ ਪੜ੍ਹਦਿਆਂ ਲੌਕਡਾਊਨ ਦੇ ਭਿਆਨਕ ਦਿਨਾਂ ਦੀ ਯਾਦ ਆ ਜਾਂਦੀ ਹੈ ਅਤੇ ਇਸ ਨਾਵਲ ਦੇ ਪਾਤਰ ਪੁਲਾੜ ਵਿਚੋਂ ਲੰਘਦੇ ਹੋਏ ਦਿਖਾਈ ਦਿੰਦੇ ਹਨ ਅਤੇ ਉਹ ਇੱਕ-ਦੂਜੇ ਦੀ ਸੰਗਤ ਵਿਚ ਉਲਝ ਜਾਂਦੇ ਹਨ। ਫਿਰ ਦੁਨੀਆ ਦੇ ਲੋਕਾਂ ਨੂੰ ਦੇਖਣ ਲਈ ਇੱਕ-ਦੂਜੇ ਦੇ ਨੇੜੇ ਹੋ ਜਾਂਦੇ ਹਨ।

ਸੁੰਦਰਤਾ ਦੇ ਨਾਲ-ਨਾਲ ਰੁਮਾਂਟਿਕ ਨੇੜਤਾ ਯਾਦਗਾਰੀ ਪੜ੍ਹਤ ਲਈ ਉਸ ਦੇ ਨਾਵਲ ਦਾ ਤਾਣਾ-ਬਾਣਾ ਬੁਣਦੀ ਹੈ। ਸਾਮੰਥਾ ਦੇ ਇਸ ਖ਼ੂਬਸੂਰਤ ਨਾਵਲ ਨੂੰ ਪੜ੍ਹਦਿਆਂ ਮੈਂ ਦੇਖਿਆ ਕਿ ਇਸ ਦੇ ਪਾਤਰਾਂ ਵਿਚ ਅਣਸੁਖਾਵੇਂ ਵਾਪਰਨ ਨੂੰ ਦੇਖਣ ਅਤੇ ਧਰਤੀ ਨੂੰ ਖ਼ੁਸ਼ੀ-ਗ਼ਮੀ ਦੇ ਦਾਇਰੇ ਤੋਂ ਪਰ੍ਹੇ ਦੇਖਣ ਦਾ ਅਜਿਹਾ ਉਪਰਾਲਾ ਹੈ ਕਿ ਸੰਸਾਰ ਦੀ ਸੁੰਦਰਤਾ ਨੂੰ ਅੱਖੋਂ-ਪਰੋਖੇ ਕਰ ਕੇ ਵੀ ਇਸ ਧਰਤੀ ਦੀ ਦਰਦਨਾਕ ਕਹਾਣੀ ਨੂੰ ਦੇਖਿਆ ਜਾ ਸਕਦਾ ਹੈ ਜੋ ਉਸ ਕਹਾਣੀ ਦੀ ਅਸਲੀਅਤ ਹੈ ਜਿਸ ਵਿਚ ਸਭ ਕੁਝ ਹੈ ਜੋ ਤੁਸੀਂ ਅਤੇ ਮੈਂ, ਲੇਖਕ ਦੇ ਨਾਲ-ਨਾਲ ਚੱਲਦੇ ਹੋਏ ਉਸ ਦੇ ਵਿਚਾਰਾਂ ਅਤੇ ਉਸ ਦੇ ਮਨੋਵਿਗਿਆਨਕ ਅਧਿਐਨ ਨਾਲ ਆਪਣੇ-ਆਪ ਨੂੰ ਜੋੜਦੇ ਹਾਂ।



ਬੁੱਕਰ ਪੁਰਸਕਾਰ ਜੇਤੂ ਸਾਮੰਥਾ ਹਾਰਵੇ।




ਸਾਮੰਥਾ ਹਾਰਵੇ ਦੀ ਕਿਤਾਬ 'ਔਰਬਿਟਲ' ਦੇ ਸਰਵਰਕ ਦੀ ਝਲਕ।

ਇਹ ਇਸ ਨਾਵਲਕਾਰ ਸਾਮੰਥਾ ਹਾਰਵੇ ਅਤੇ ਉਸ ਦੇ ਨਾਵਲਾਂ ਦੀ ਸੁੰਦਰਤਾ ਦਾ ਅਤਿ ਉੱਤਮ ਨਮੂਨਾ ਹੈ। ਬੁੱਕਰ ਐਵਾਰਡ ਦੇ ਐਲਾਨ ਤੋਂ ਬਾਅਦ ਸਾਮੰਥਾ ਨੇ ਪਹਿਲੀ ਵਾਰ ਕਿਹਾ ਹੈ ਕਿ ਉਹ ਇਹ ਨਾਵਲ ਅਤੇ ਇਹ ਐਵਾਰਡ ਧਰਤੀ ਦੇ ਹੱਕ ਵਿਚ ਬੋਲਣ ਵਾਲਿਆਂ ਨੂੰ ਸਮਰਪਿਤ ਕਰ ਰਹੀ ਹੈ। ਸਾਰੀ ਦੁਨੀਆ ਦੇ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਬਾਰੇ ਸੱਚ ਦੇ ਹੱਕ ਵਿਚ ਬੋਲਣ ਨਾਲ ਹੀ ਸੰਸਾਰ ਨੂੰ ਬਚਾਇਆ ਜਾ ਸਕਦਾ ਹੈ।

ਸਾਮੰਥਾ ਦਾ ਇਹ ਨਾਵਲ ਪੜ੍ਹਦਿਆਂ ਮੈਨੂੰ ਲੱਗਾ ਕਿ ਪੁਲਾੜ ਤੋਂ ਧਰਤੀ ਨੂੰ ਦੇਖਣਾ ਅਤੇ ਇਸ ਦੀ ਸੁੰਦਰਤਾ ਵਿਚ ਗੁਆਚ ਜਾਣਾ ਅਸਲ ਵਿਚ ਉਸ ਛੋਟੇ ਬੱਚੇ ਦੀ ਨਿਸ਼ਾਨੀ ਹੈ ਜਿਸ ਨੇ ਪਹਿਲੀ ਵਾਰ ਦੁਨੀਆ ਦੇਖੀ ਹੈ ਅਤੇ ਜਦੋਂ ਉਹ ਵੱਡਾ ਹੁੰਦਾ ਹੈ ਤਾਂ ਉਸ ਨੂੰ ਦੇਖ ਕੇ ਸਮਝਦਾ ਹੈ ਤੇ ਇਸ ਨੂੰ ਸ਼ੀਸ਼ੇ ਵਿਚ ਕਰਾਮਾਤ ਦੱਸਦਾ ਹੈ। ਇਹ ਇਸ ਦਰਦ ਨੂੰ ਬਿਆਨ ਕਰਨ ਦਾ ਸੁੰਦਰ ਯਤਨ ਹੈ ਕਿ ਅਸੀਂ ਕਿਵੇਂ ਧਰਤੀ ਨੂੰ ਜਲਵਾਯੂ ਤਬਦੀਲੀ ਦੀਆਂ ਸੰਭਾਵਨਾਵਾਂ ਨਾਲ ਦੇਖ ਸਕਦੇ ਹਾਂ। ਸਾਮੰਥਾ ਦੇ ਇਸ ਨਾਵਲ ਦੀ ਚਮਤਕਾਰੀ ਲਿਖਤ ਆਪਣੇ-ਆਪ ਵਿਚ ਇੰਨੀ ਭਾਵੁਕ ਹੈ ਕਿ ਇਹ ਸਾਡੀ ਦੁਨੀਆ ਨੂੰ ਨਵੇਂ ਤਰੀਕੇ ਨਾਲ ਦਰਸਾਉਂਦੀ ਹੈ।

> **ਸਾਮੰਥਾ ਹਾਰਵੇ ਦੇ ਸਾਹਿਤ ਦੀ ਖ਼ੂਬਸੂਰਤੀ ਦਾ ਮੁੱਖ ਕਾਰਨ ਇਹ ਹੈ ਕਿ ਇਸ ਨੂੰ ਪੜ੍ਹਦਿਆਂ ਉਸ ਦੇ ਨਾਵਲਾਂ ਵਿਚਲੇ ਪਾਤਰ ਤੁਹਾਨੂੰ ਆਪਣੇ ਆਲੇ-ਦੁਆਲੇ ਦੇ ਪਾਤਰ ਹੀ ਪ੍ਰਤੀਤ ਹੁੰਦੇ ਹਨ।**

ਸਾਮੰਥਾ ਹਾਰਵੇ ਅੰਗਰੇਜ਼ੀ ਭਾਸ਼ਾ ਦੀ ਬਹੁਤ ਹੀ ਸ਼ਕਤੀਸ਼ਾਲੀ ਲੇਖਕਾ ਹੈ ਜਿਸ ਨੇ ਆਪਣੀ ਲੇਖਣੀ ਰਾਹੀਂ ਆਪਣੀ ਇੱਕ ਖਾਸ ਪਛਾਣ ਬਣਾਈ ਹੈ। ਸਾਮੰਥਾ ਨੇ ਬਹੁਤ ਸੁੰਦਰ ਨਾਵਲ ਲਿਖੇ ਹਨ ਜਿਸ ਨੂੰ ਵੱਖ-ਵੱਖ ਸਾਹਿਤਕ ਪੁਰਸਕਾਰਾਂ ਲਈ ਚੁਣਿਆ ਗਿਆ ਅਤੇ ਜਿਸ ਵਿਚ ਉਸ ਦਾ ਨਾਵਲ 'ਔਰਬਿਟਲ' (ਬੁੱਕਰ ਪੁਰਸਕਾਰ 2024) ਵੀ ਸ਼ਾਮਲ ਹੈ। ਹਾਰਵੇ ਨੇ ਆਪਣੀ ਜ਼ਿੰਦਗੀ ਦਾ ਪਹਿਲਾ ਦਹਾਕਾ ਮੇਡਸਟੋਨ ਨੇੜੇ ਡਿਟਨ, ਕੈਂਟ ਵਿਚ ਆਪਣੇ ਪਿਤਾ ਦੇ ਨਾਲ ਬਤੀਤ ਕੀਤਾ। ਉਸ ਦੇ ਮਾਪਿਆਂ ਦੇ ਤਲਾਕ ਤੋਂ ਬਾਅਦ ਜਦੋਂ ਉਸ ਦੀ ਮਾਂ ਆਇਰਲੈਂਡ ਚਲੀ ਗਈ ਅਤੇ ਹਾਰਵੇ ਨੇ ਆਪਣੀ ਕਿਸ਼ੋਰ ਉਮਰ ਦੇ ਸਾਲ ਯਾਰਕ ਵਿਚ ਬਿਤਾਏ ਸਨ। ਉਸ ਨੇ ਅਗਲੀ ਪੜ੍ਹਾਈ ਲਈ ਸ਼ੈਫੀਲਡ ਅਤੇ ਜਾਪਾਨ ਦੀ ਯਾਤਰਾ ਵਿਚ ਸਮਾਂ ਬਿਤਾਇਆ ਅਤੇ ਇਹ ਇੱਥੇ ਹੀ ਸਾਹਿਤ ਲਈ ਉਸ ਦਾ ਜਨੂਨ ਅਤੇ ਇਸ ਦੇ ਅੰਦਰ ਜੀਵਨ ਨੂੰ ਦੇਖਣ ਦੀ ਉਸ ਦੀ ਰੋਮਾਂਟਿਕ ਯਾਤਰਾ ਦਾ ਜਨਮ ਹੋਇਆ ਜਿਸ ਨੇ ਬਾਅਦ ਵਿਚ ਉਸ ਨੂੰ ਅੰਗਰੇਜ਼ੀ ਸਾਹਿਤ ਦਾ ਸਰਵੋਤਮ ਨਾਵਲਕਾਰ ਬਣਾ ਦਿੱਤਾ। ਇੱਥੇ ਹੀ ਹਾਰਵੇ ਯੂਨੀਵਰਸਿਟੀ ਆਫ ਯਾਰਕ ਅਤੇ ਸ਼ੈਫੀਲਡ ਯੂਨੀਵਰਸਿਟੀ ਵਿਚ ਦਰਸ਼ਨ ਦੀ ਪੜ੍ਹਾਈ ਵੀ ਕੀਤੀ।

2005 ਵਿਚ ਉਸ ਨੇ ਬਾਥ ਸਪਾ ਯੂਨੀਵਰਸਿਟੀ ਕ੍ਰਿਏਟਿਵ ਰਾਈਟਿੰਗ ਦਾ ਐੱਮ.ਏ. ਕੋਰਸ ਪੂਰਾ ਕੀਤਾ ਅਤੇ ਕ੍ਰਿਏਟਿਵ ਰਾਈਟਿੰਗ ਵਿਚ ਪੀਐੱਚ.ਡੀ. ਵੀ ਕੀਤੀ। ਸਾਮੰਥਾ ਦਾ ਪਹਿਲਾ ਨਾਵਲ 'ਵਿਲਡਰਨੈੱਸ' (2009), ਅਲਜ਼ਾਈਮਰ ਰੋਗ ਤੋਂ ਪੀੜਤ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਹੈ ਅਤੇ ਵਧਦੀ ਹੋਈ ਖੰਡਿਤ ਵਾਰਤਕ ਦੁਆਰਾ ਬਿਮਾਰੀ ਦੇ ਪ੍ਰਗਟਾਅ ਅਤੇ ਪ੍ਰਭਾਵਾਂ ਦਾ ਵਰਣਨ ਕਰਦਾ ਹੈ। ਉਸ ਦਾ ਦੂਜਾ ਨਾਵਲ 'ਆਲ ਇਜ਼ ਸੌਂਗ' (2012) ਨੈਤਿਕ ਅਤੇ ਭਰੋਸੇਮੰਦ ਕਰਤੱਵਾਂ ਬਾਰੇ ਅਤੇ ਪ੍ਰਸ਼ਨ ਤੇ ਅਨੁਕੂਲਤਾ ਵਿਚਕਾਰ ਚੋਣ ਬਾਰੇ ਨਾਵਲ ਹੈ ਅਤੇ ਉਸ ਦਾ ਤੀਜਾ ਨਾਵਲ 'ਡੀਅਰ ਥੀਫ' ਔਰਤ ਦੁਆਰਾ ਆਪਣੇ ਗੈਰ-ਹਾਜ਼ਰ ਦੋਸਤ ਨੂੰ ਲਿਖੀ ਗਈ ਲੰਮੀ ਚਿੱਠੀ ਹੈ ਜਿਸ ਵਿਚ ਇੱਕ ਪ੍ਰੇਮ ਤਿਕੋਣ ਦੇ ਭਾਵਨਾਤਮਕ ਨਤੀਜੇ ਦਾ ਵੇਰਵਾ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਇਹ ਨਾਵਲ 'ਲਿਓਨਾਰਡ ਕੋਹੇਨ ਦੇ ਗੀਤ' ਮਸ਼ਹੂਰ ਬਲੂ ਰੇਨਕੋਟ 'ਤੇ ਆਧਾਰਿਤ ਹੈ। ਇਸੇ ਤਰ੍ਹਾਂ ਸਾਮੰਥਾ ਦੇ ਇਕ ਹੋਰ ਨਾਵਲ ਨੇ ਵੀ ਅਥਾਹ ਪ੍ਰਸਿੱਧੀ ਪ੍ਰਾਪਤ ਕੀਤੀ। ਸਾਲ 2014 'ਚ ਹਾਰਵੇ ਦਾ ਚੌਥਾ ਨਾਵਲ 'ਵੈਸਟਰਨ ਵਿੰਡ' ਪੰਦਰ੍ਹਵੀਂ ਸਦੀ ਸਮਰਸੈਟ ਦੇ ਪੁਜਾਰੀ ਬਾਰੇ ਅਤੇ 'ਸ਼ੇਪਲੈੱਸ ਅਨੀਸ' ਉਸ ਦੀ ਇੱਕੋ-ਇੱਕ ਗੈਰ-ਗਲਪ ਗੰਭੀਰ ਰਚਨਾ ਹੈ।

ਉਸ ਦਾ ਬੁੱਕਰ-ਜੇਤੂ ਨਾਵਲ 'ਔਰਬਿਟਲ' (2023) ਇੱਕ ਦਿਨ ਵਿਚ ਧਰਤੀ ਦੇ ਹੇਠਲੇ ਪੰਧ ਵਿਚ ਪੁਲਾੜ ਸਟੇਸ਼ਨ ਉੱਤੇ ਵਾਪਰਦਾ ਘਟਨਾਕ੍ਰਮ ਹੈ। ਇਹ ਸਭ ਤੋਂ ਸੁੰਦਰ ਨਾਵਲਾਂ ਵਿਚੋਂ ਇੱਕ ਦੱਸਿਆ ਜਾਂਦਾ ਹੈ। ਹਾਰਵੇ ਨੂੰ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ ਜਿਸ ਵਿਚ 'ਮੈਨ ਬੁੱਕਰ ਇਨਾਮ', 'ਗਲਪ' ਲਈ 'ਬੇਲੀਜ਼ ਵਿਮੈਨ ਐਵਾਰਡ', 'ਜੇਮਸ ਟੈਟ ਬਲੈਕ ਮੈਮੋਰੀਅਲ ਐਵਾਰਡ', 'ਵਾਲਟਰ ਸਕਾਟ ਐਵਾਰਡ' ਅਤੇ ਸੰਤਰੀ ਪੁਰਸਕਾਰ ਸ਼ਾਮਲ ਹਨ।

ਉਸ ਦੇ ਸਾਹਿਤ ਦੀ ਖ਼ੂਬਸੂਰਤੀ ਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਨੂੰ ਪੜ੍ਹਦਿਆਂ ਉਸ ਦੇ ਨਾਵਲਾਂ ਵਿਚਲੇ ਪਾਤਰ ਤੁਹਾਨੂੰ ਆਪਣੇ ਆਲੇ-ਦੁਆਲੇ ਦੇ ਪਾਤਰ ਹੀ ਪ੍ਰਤੀਤ ਹੁੰਦੇ ਹਨ। ਅਜੋਕੇ ਸੰਸਾਰ ਵਿਚ ਲਿਖੇ ਗਏ ਸਾਹਿਤ ਦੀ ਇਹੀ ਸਭ ਤੋਂ ਵੱਡੀ ਪਛਾਣ ਹੈ ਅਤੇ ਇਹੋ ਸਮਾਨਤਾ ਹੈ, ਜਿਸ ਵਿਚ ਸਾਮੰਥਾ ਹਾਰਵੇ ਪ੍ਰਸਿੱਧ ਨਾਵਲਕਾਰ ਅਤੇ ਸੰਵੇਦਨਸ਼ੀਲ ਮਾਨਵਤਾਵਾਦੀ ਲੇਖਕਾ ਵਜੋਂ ਵੀ ਸਾਡੇ ਸਾਹਿਤਕ ਮੰਚ ਉੱਤੇ ਮੌਜੂਦ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਦਸੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-667



*ਵੱਡੀਆਂ ਵੱਡੀਆਂ ਮਾਰ ਕੇ ਡੀਂਗਾਂ, ਲੋਕਾਂ ਤਾਈਂ ਮੂਰਖ ਬਣਾਇਆ।*
*'ਦਾਣਾ ਦਾਣਾ ਚੁੱਕਣ' ਵਾਲਾ, ਸਰਕਾਰਾਂ ਝੂਠਾ ਲਾਰਾ ਲਾਇਆ।*
*ਮੰਡੀਆਂ ਵਿਚ ਅੰਬਾਰ ਲੱਗ ਗਏ, ਕਿਰਤ ਕਿਸਾਨੀ ਰੁਲ਼ਦੀ ਜਾਵੇ।*
*ਬੱਸ, ਝੰਡੇ ਦੇ ਵਿਚ ਪਾਇਆ ਡੰਡਾ, ਸਭ ਨੂੰ ਸਿੱਧੇ ਰਸਤੇ ਪਾਵੇ।*

### ਕੈਪਸ਼ਨ ਮੁਕਾਬਲਾ-665



ਗੁਰਬਤ ਮਾਰੇ ਲੋਕਾਂ ਦੀ
ਇਹ ਇੱਕ ਕਹਾਣੀ ਹੈ,
ਸੀਨੇ 'ਤੇ ਜਿਨ੍ਹਾਂ ਹੰਢਾਈ
ਕੇਵਲ ਉਨ੍ਹਾਂ ਜਾਣੀ ਹੈ।
ਕੁੱਲੀ, ਜੁੱਲੀ ਤੇ ਗੁੱਲੀ ਦਾ
ਜਿੱਥੇ ਮਸਲਾ ਭਾਰੀ ਹੈ,
ਬੇਵਸੀ ਲਾਚਾਰੀ ਦਾ
ਇੱਕ ਤਸਵੀਰ ਉਤਾਰੀ ਹੈ।
***-ਸੇਵਾ ਸਿੰਘ ਨੂਰਪੁਰੀ***

---

ਤੱਕ ਤਸਵੀਰ ਕੁੜੀਆਂ
ਜੂਆਂ ਕੱਢਦੀਆਂ ਦੀ,
ਯਾਦਾਂ ਬਚਪਨ ਦੀਆਂ
ਉਠ ਖੜ੍ਹੀਆਂ ਭਾਰੀਆਂ ਹਨ।
ਜੂੰਆਂ ਕੱਢਣਾ ਤਾਂ ਇਕ ਪੱਜ ਹੁੰਦਾ,
ਸਾਂਝ ਦਿਲਾਂ ਦੀ ਕਰਦੀਆਂ ਸਾਰੀਆਂ ਸਨ।
ਲੌਹਢੇ ਵੇਲੇ ਚਰਖੇ ਡਾਹੁੰਦੀਆਂ ਸਨ,
ਤੰਦਾਂ ਲੰਮੀਆਂ ਪਾਉਂਦੀਆਂ
ਦੁਲਾਰੀਆਂ ਸਨ।
ਬਾਗੀਂ ਅੰਬੀਆਂ ਦੇ ਪੀਂਘਾਂ
ਝੂਟਦੀਆਂ ਸਨ,
ਹੁੰਦੀਆਂ ਧੀਆਂ, ਸੁਹਾਗਣਾਂ,
ਕੁਆਰੀਆਂ ਸਨ।
ਕੰਢੇ ਟੋਭਿਆਂ ਦੇ ਕੱਪੜ ਧੋਣ ਖ਼ਾਤਰ,
ਥਾਪੀ ਮਾਰਦੀਆਂ ਵਾਰੋ ਵਾਰੀਆਂ ਸਨ।
ਸ਼ਾਮੀਂ ਖੂਹ ਖੂਹੀਆਂ 'ਤੇ ਮਿਲਦੀਆਂ ਸਨ,
ਸਿਰੇ ਰੱਖਦੀਆਂ ਗਾਗਰਾਂ ਭਾਰੀਆਂ ਸਨ।
ਲਾਮੋਂ ਪਰਤਣ ਦੀ ਕੰਤ ਦੀ ਆਸ ਅੰਦਰ,
ਚਾਈਂ ਮਿਲਣ ਨੂੰ ਕਰਦੀਆਂ
ਤਿਆਰੀਆਂ ਸਨ।
ਚਾਅ ਦਿਲ ਅੰਦਰ ਦੱਬ ਕੇ
ਰੱਖਦੀਆਂ ਸਨ,
ਸੰਗਾਂ ਸ਼ਰਮਾਂ ਵੀ ਰੱਖਦੀਆਂ
ਭਾਰੀਆਂ ਸਨ।
'ਨਾਕਾਮ' ਕਿੱਥੋਂ ਲਿਆਵੇ
ਉਹ ਸਮੇਂ ਸੋਹਣੇ,
ਯਾਦਾਂ 'ਚ ਬਣੀਆਂ
ਜੀਹਦੀਆਂ ਕਿਆਰੀਆਂ ਹਨ।
***-ਗੁਰਬਖ਼ਸ਼ ਸਿੰਘ 'ਨਾਕਾਮ'***
***+1 864 318 5500***

---

ਸੋਝੀ, ਸਾਧਨ ਸੀਮਤ ਹੈ ਸਨ
ਬੜੇ ਹੀ ਦੁੱਖੜੇ ਸਹਿੰਦੇ ਸੀ।
ਲੱਭਣ ਲਈ ਸ਼ਿਕਾਰ ਜੰਗਲ਼ 'ਚੋਂ
ਅੱਗੜ ਪਿੱਛੜ ਬਹਿੰਦੇ ਸੀ।
ਅੜਿੱਕੇ ਜਦ ਕੋਈ ਆ ਜਾਂਦਾ
ਨਹੁੰਆਂ 'ਤੇ ਪਟਾਕੇ ਪੈਂਦੇ ਸੀ
***-ਜਗਮੀਤ ਸਿੰਘ ਪੰਧੇਰ***

---

ਟਰੇਨਿੰਗ ਕਲਾਸ ਜੂੰਆਂ ਕੱਢਣ ਦੀ
ਲੱਗਦੀ ਸੀ ਇਕੋ ਲਾਈਨ 'ਚ ਲੱਗ ਕੇ।
ਸਰੀਰਕ ਸਫਾਈ ਘੱਟ ਹੋਣੀ
ਵਾਲਾਂ 'ਚ ਜੂੰਆਂ ਪੈਣਾ
ਸਾਰਾ ਕੰਮ ਨਿਪਟਦਾ ਇਕੋ ਹੱਝਕੇ।
ਤ੍ਰਿੰਝਣਾਂ ਦੇ ਵਿਚ ਸੂਤ ਕੱਤਣਾ
ਹੁੰਦੇ ਸਨ ਸਭ ਕੰਮ ਰਲ ਕੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਵਕਤ ਗੁਜ਼ਰਿਆ ਨਾ ਜੂੰਆਂ
ਨਾ ਸਿਕਰੀ ਸਿਰਾਂ 'ਚ
ਨਾ ਸਲਾਭਾ ਨਾ ਮੰਜਿਆਂ 'ਚ ਕਾਣ
ਨਾ ਇਕੱਠ ਰਲ ਬੈਠ ਸੁਆਣੀਆਂ
ਕੱਢਦੀਆਂ ਸੀ ਇਕ ਦੂਜੇ ਦੀਆਂ ਜੂੰਆਂ
ਰੱਖ ਨਹੁੰ ਉਥੇ ਦੂਜਾ ਨਹੁੰ
ਕੜਿੱਕ ਸੀ ਹੁੰਦੀ
ਅੱਜ ਨਵੇਂ ਸਰੀਰਕ ਨੁਸਖੇ
ਜੂੰਆਂ ਜਨਮ ਹੀ ਖਤਮ।
***-ਦਰਸ਼ਨ ਪਾਲ ਦੋਸਾਂਝ***

## ਗੱਲ ਤਾਂ ਇੱਕੋ ਹੈ

ਦਿਲ ਟੁੱਟੇ ਜਾਂ ਤਾਰਾ ਗੱਲ ਤਾਂ ਇੱਕੋ ਹੈ,
ਛੁੱਟਦਾ ਝੱਟ ਸਹਾਰਾ ਗੱਲ ਤਾਂ ਇੱਕੋ ਹੈ।
ਟੁੱਟ ਜਾਏ ਇੱਕ ਵਾਰ ਮੁੜ ਜੁੜਦਾ ਨ੍ਹੀਂ,
ਕੰਬਦਾ ਵਾਂਗੂੰ ਪਾਰਾ ਗੱਲ ਤਾਂ ਇੱਕੋ ਹੈ।

ਇਸ਼ਕ ਕੰਬਖਤ ਕਿਸੇ ਦੀ ਸੁਣਦਾ ਨ੍ਹੀਂ,
ਚੱਲੇ ਨ ਕੋਈ ਚਾਰਾ ਗੱਲ ਤਾਂ ਇੱਕੋ ਹੈ।
ਸਿਰ ਚੜ੍ਹਦੈ ਤਾਂ ਪੱਤਣੀਂ 'ਤੇ ਜਾ ਖੜ੍ਹਦੈ,
ਮਿਲੇ ਨਾ ਕਿਨਾਰਾ ਗੱਲ ਤਾਂ ਇੱਕੋ ਹੈ।

ਰੋ ਰੋ ਕਮਲਾ ਹੁੰਦਾ ਮਜਨੂੰ ਬਣ ਜਾਏ,
ਲੈਲਾ ਖੁਣੋਂ ਬਿਚਾਰਾ ਗੱਲ ਤਾਂ ਇੱਕੋ ਹੈ।
ਸੂਰਜ ਬਾਝੋਂ ਛਾਵੇਂ ਘੁੱਪ ਹਨ੍ਹੇਰ ਜਿਹਾ,
ਚਮਕੇ ਤਾਰਾ ਤਾਰਾ ਗੱਲ ਤਾਂ ਇੱਕੋ ਹੈ।

ਭੀੜ ਬਣੀ ਹੈ ਭਾਰੀ ਗਾਜ਼ਾ ਪੱਟੀ 'ਤੇ,
ਬੇਵੱਸ ਜੱਗ ਸਾਰਾ ਗੱਲ ਤਾਂ ਇੱਕੋ ਹੈ।
ਖੂੰਖਾਰ ਭੇੜੀਏ ਖੱਲ ਪਾਈ ਭੇਡਾਂ ਦੀ,
ਕਰਦੇ ਨਿੱਤ ਕਾਰਾ ਗੱਲ ਤਾਂ ਇੱਕੋ ਹੈ।
***-ਸੇਵਾ ਸਿੰਘ "ਨੂਰਪੁਰੀ"***

# ਮੇਰੀ ਕਵਿਤਾ ਦਾ ਪਹਿਲਾ ਪਾਠ

ਅੱਜ ਮੈਂ ਆਪਣੇ ਪਾਠਕਾਂ ਨਾਲ ਇੱਕ ਵੇਰਵਾ ਸਾਂਝਾ ਕਰਨ ਲੱਗਾ ਹਾਂ, ਜੋ 1972 ਈਸਵੀ ਦਾ ਹੈ। ਮੇਰੇ ਪਿਤਾ ਜੀ ਕੋਆਪਰੇਟਿਵ ਸੋਸਾਇਟੀਜ਼ ਵਿਚ ਇੰਸਪੈਕਟਰ ਸਨ ਅਤੇ ਉਨ੍ਹਾਂ ਦੀ ਬਦਲੀ ਪੱਟੀ ਤੋਂ ਗੁਰਦਾਸਪੁਰ ਦੀ ਹੋ ਗਈ ਸੀ, ਮੈਂ ਵੀ ਉਨ੍ਹਾਂ ਨਾਲ ਪਿੰਡ ਪਲਾਸੌਰ ਤੋਂ ਗੁਰਦਾਸਪੁਰ ਜਾਣ ਦਾ ਮਨ ਬਣਾ ਲਿਆ। ਪਹਿਲਾਂ ਮੈਂ ਸ੍ਰੀ ਗੁਰੂ ਅਰਜਨ ਦੇਵ ਕਾਲਜ ਤਰਨ ਤਾਰਨ ਵਿਖੇ ਪੜ੍ਹਦਾ ਸਾਂ। ਗੁਰਦਾਸਪੁਰ ਪਹੁੰਚ ਕੇ ਮੈਂ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਬਾਰ੍ਹਵੀਂ ਜਮਾਤ ਵਿਚ ਦਾਖਲਾ ਲੈ ਲਿਆ। ਤਰਨ ਤਰਨ ਦੀ ਬਨਿਸਬਤ ਇਸ ਕਾਲਜ ਦਾ ਮਾਹੌਲ ਬਹੁਤ ਹੀ ਰਮਣੀਕ, ਦਿਲ-ਖਿਚਵਾਂ ਅਤੇ ਪੜ੍ਹਨ-ਲਿਖਣ ਵਿਚ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਲਈ ਖ਼ੁਸ਼ਗਵਾਰ ਸੀ। ਡਾਕਟਰ ਗੁਰਮੀਤ ਮੇਰਾ ਸਹਿ-ਪਾਠੀ ਸੀ, ਉਸ ਦਾ ਪਿੰਡ ਗਜਨੀਪੁਰ ਕਾਲਜ ਤੋਂ ਕੋਈ ਸੱਤ ਅੱਠ ਕਿਲੋਮੀਟਰ ਦੀ ਵਿੱਥ 'ਤੇ ਸੀ। ਗੁਰਮੀਤ ਅੰਮ੍ਰਿਤਧਾਰੀ ਸੀ, ਰੋਜ਼ਾਨਾ ਪਾਠ ਕਰਦਾ ਅਤੇ ਧਾਰਮਿਕ ਵਿਚਾਰਾਂ ਵਿਚ ਰੁਚੀ ਰੱਖਦਾ ਸੀ। ਪੰਜ ਸੱਤ ਮਹੀਨੇ ਮੇਰੇ ਪਿਤਾ ਜੀ ਗੁਰਦਾਸਪੁਰ



**ਸੁਹਿੰਦਰ ਬੀਰ**

ਵਿਖੇ ਰਹੇ, ਫਿਰ ਉਨ੍ਹਾਂ ਦੀ ਬਦਲੀ ਕਾਲਾ ਅਫ਼ਗਾਨਾ ਦੀ ਹੋ ਗਈ। ਮੈਨੂੰ ਇਹ ਕਾਲਜ ਪਸੰਦ ਆ ਗਿਆ ਤੇ ਮੈਂ ਆਪਣੇ ਪਿਤਾ ਜੀ ਨਾਲ ਵਾਪਸ ਕਾਲਾ ਅਫ਼ਗਾਨਾ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਨੂੰ ਕਿਹਾ ਕਿ ਮੈਂ ਆਪਣੀ ਬੀ.ਏ. ਦੀ ਪੜ੍ਹਾਈ ਹੋਸਟਲ 'ਚ ਰਹਿ ਕੇ ਇਥੇ ਹੀ ਪੂਰੀ ਕਰਨੀ ਹੈ। ਜਿਸ ਦੀ ਉਨ੍ਹਾਂ ਮੈਨੂੰ ਇਜਾਜ਼ਤ ਦੇ ਦਿੱਤੀ।

ਕਵਿਤਾ ਲਿਖਣ ਦਾ ਸ਼ੌਕ ਮੈਨੂੰ ਨੌਵੀਂ-ਦਸਵੀਂ ਜਮਾਤ ਵਿਚ ਪੈ ਗਿਆ ਸੀ। ਤਰਨ ਤਰਨ ਦੇ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਵਿਚ ਮਾਸਟਰ ਧਰਮ ਸਿੰਘ ਬੀਰ ਮੈਨੂੰ ਥਾਪੜਾ ਦਿੰਦੇ ਰਹਿੰਦੇ ਸਨ ਤੇ ਉਹ ਸ਼ੌਕ ਹੌਲੀ-ਹੌਲੀ ਮੇਰੇ ਨਾਲ ਹੀ ਤੁਰਦਾ ਰਿਹਾ। ਇੱਕ ਦਿਨ ਹੋਸਟਲ 'ਚ ਖਾਣਾ ਖਾਂਦਿਆਂ ਦੂਰਦਰਸ਼ਨ ਕੇਂਦਰ ਦਿੱਲੀ ਤੋਂ ਇੱਕ ਅਨਾਊਂਸਮੈਂਟ ਹੋਈ ਕਿ ਜਿਹੜੇ ਨੌਜਵਾਨ ਕਵਿਤਾ ਲਿਖਦੇ ਹਨ ਉਹ ਆਪਣੀਆਂ ਪੰਜ-ਪੰਜ ਕਵਿਤਾਵਾਂ ਦਿੱਲੀ ਦੂਰਦਰਸ਼ਨ ਕੇਂਦਰ ਨੂੰ ਭੇਜਣ, ਅਸੀਂ ਉਨ੍ਹਾਂ ਵਿਚੋਂ ਚੋਣ ਕਰ ਕੇ ਆਉਣ ਵਾਲੇ ਸਮੇਂ ਵਿਚ, ਉਨ੍ਹਾਂ ਨੂੰ ਦਿੱਲੀ ਬੁਲਾਵਾਂਗੇ।

ਮੈਂ ਕਵਿਤਾਵਾਂ ਲਿਖ ਲਿਖ ਕੇ ਆਪਣੀ ਕਾਪੀ ਭਰੀ ਹੋਈ ਸੀ। ਮੈਂ ਇਕ-ਦੋ ਦਿਨ ਵਿਚ ਪੰਜ ਕਵਿਤਾਵਾਂ ਵੱਖਰੇ ਕਾਗ਼ਜ਼ਾਂ 'ਤੇ ਲਿਖ ਕੇ ਪੀ.ਐਲ. ਚਾਵਲਾ ਨਾਮ ਦੇ ਇੱਕ ਅਧਿਕਾਰੀ ਨੂੰ ਦੂਰਦਰਸ਼ਨ ਕੇਂਦਰ ਦਿੱਲੀ ਭੇਜ ਦਿੱਤੀਆਂ।

ਇਸ ਗੱਲ ਨੂੰ ਕੋਈ 15 ਕੁ ਦਿਨ ਹੋਏ ਹੋਣਗੇ ਕਿ ਮੈਨੂੰ ਦੂਰਦਰਸ਼ਨ ਕੇਂਦਰ ਦਿੱਲੀ ਤੋਂ ਇੱਕ ਚਿੱਠੀ ਆ ਗਈ ਕਿ ਤੁਸੀਂ ਫਲਾਣੇ ਦਿਨ ਦਿੱਲੀ ਪਹੁੰਚ ਕੇ ਆਪਣੀਆਂ ਕਵਿਤਾਵਾਂ ਦਾ ਪਾਠ ਕਰਨਾ ਹੈ ਅਤੇ ਪ੍ਰੋਗਰਾਮ ਦਾ ਨਾਮ 'ਜਵਾਂ ਤਰੰਗ' ਸੀ।

ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ, ਸਮਝ ਲਓ ਚੁੱਪ ਕਰ ਕੇ ਕਵਿਤਾ ਲਿਖਦਿਆਂ-ਲਿਖਦਿਆਂ ਨੂੰ ਤਿੰਨ ਚਾਰ ਸਾਲ ਹੋ ਗਏ ਸਨ ਪਰ ਇਹ ਪ੍ਰਵਾਨਗੀ ਦਾ ਪਹਿਲਾ ਪ੍ਰਮਾਣ-ਪੱਤਰ ਸੀ।

ਹੁਣ ਅਗਲਾ ਮਸਲਾ ਦਿੱਲੀ ਪਹੁੰਚਣ ਦਾ ਸੀ, ਮੇਰੇ ਪਾਸ ਪੈਸੇ ਵੀ ਜ਼ਿਆਦਾ ਨਹੀਂ ਸਨ ਹੁੰਦੇ ਤੇ ਦਿੱਲੀ ਮੇਰਾ ਕੋਈ ਸਕਾ-ਸੰਬੰਧੀ ਵੀ ਨਹੀਂ ਸੀ ਰਹਿੰਦਾ, ਕਾਲਜ ਵਿਚ ਲਗਭਗ ਇਸ ਗੱਲ ਦਾ ਚਰਚਾ ਸਭ ਨੂੰ ਹੋ ਗਿਆ ਕਿ ਸੁਹਿੰਦਰ ਬੀਰ ਦਿੱਲੀ ਦੂਰਦਰਸ਼ਨ 'ਤੇ ਕਵਿਤਾ ਪੜ੍ਹਨ ਜਾ ਰਿਹਾ ਹੈ, ਮੇਰੇ ਅਧਿਆਪਕ ਪ੍ਰੋਫ਼ੈਸਰ ਕਿਰਪਾਲ ਸਿੰਘ ਜੋਗੀ ਨੇ ਵੀ ਮੈਨੂੰ ਉਤਸ਼ਾਹਿਤ ਕੀਤਾ ਅਤੇ ਜਾਣ ਵਾਸਤੇ ਹੱਲਾਸ਼ੇਰੀ ਦਿੱਤੀ।

ਹੋਸਟਲ 'ਚ ਰਹਿੰਦਿਆਂ ਗੁਰਦਾਸਪੁਰ ਸ਼ਹਿਰ ਦੇ ਬਹੁਤ ਸਾਰੇ ਵਿਦਿਆਰਥੀ ਸਾਡੇ ਹੋਸਟਲ 'ਚ ਆਉਂਦੇ ਜਾਂਦੇ ਰਹਿੰਦੇ ਸਨ। ਸਾਡੇ ਨਾਲ ਉੱਠਦੇ-ਬੈਠਦੇ ਉਨ੍ਹਾਂ ਵਿਚੋਂ ਇੱਕ ਸਾਥੀ ਕੁਲਵਿੰਦਰ ਨੂੰ ਜਦੋਂ ਪਤਾ ਲੱਗਾ ਕਿ ਮੈਂ ਦਿੱਲੀ ਜਾ ਰਿਹਾ ਹਾਂ ਤੇ ਮੇਰਾ ਕੋਈ ਸਕਾ-ਸੰਬੰਧੀ ਵੀ ਉੱਥੇ ਨਹੀਂ ਤਾਂ ਮੈਨੂੰ ਕਹਿਣ ਲੱਗਾ, 'ਸੁਹਿੰਦਰ ਬੀਰ! ਕੋਈ ਗੱਲ ਨਹੀਂ ਤੇਰੇ ਰਹਿਣ ਦਾ ਹੀਲਾ-ਵਸੀਲਾ ਮੈਂ ਕਰ ਦੇਵਾਂਗਾ।'

ਮੈਂ ਪੁੱਛਿਆ ਉਹ ਕਿਵੇਂ?

ਉਹ ਕਹਿਣ ਲੱਗਾ ਡਾਕਟਰ ਹਰਿਭਜਨ ਸਿੰਘ ਮੇਰੇ ਮਾਸੜ ਜੀ ਹਨ', ਤੂੰ ਉਨ੍ਹਾਂ ਪਾਸ ਰਹੀਂ।

ਪਹਿਲੀ ਸੁਣਨੀ ਵਿਚ ਮੈਨੂੰ ਇਹ ਗੱਪ ਵਰਗਾ ਵਾਕ ਲੱਗਾ। ਡਾਕਟਰ ਹਰਿਭਜਨ ਸਿੰਘ ਦੀ ਉਸ ਵਕਤ ਪੂਰੀ ਤੂਤੀ ਬੋਲਦੀ ਸੀ ਤੇ ਮੈਂ ਬਾਰ੍ਹਵੀਂ ਕਲਾਸ 'ਚ ਉਨ੍ਹਾਂ ਦੁਆਰਾ ਸੰਪਾਦਿਤ ਪੁਸਤਕ 'ਕਾਵਿ ਕੀਰਤੀ' ਵੀ ਰੋਜ਼ ਪੜ੍ਹਦਾ ਸੀ। ਪ੍ਰੋਫ਼ੈਸਰ ਕਿਰਪਾਲ ਸਿੰਘ ਜੋਗੀ ਦਿੱਲੀ ਦੇ ਸਾਹਿਤਕਾਰਾਂ ਬਾਰੇ ਨਿੱਕੀ ਨਿੱਕੀ ਜਾਣਕਾਰੀ ਅਤੇ ਦਿਲਚਸਪੀ ਭਰੇ ਵੇਰਵੇ ਸਾਨੂੰ ਪੜ੍ਹਾਉਂਦਿਆ-ਪੜ੍ਹਾਉਂਦਿਆਂ ਅਕਸਰ ਸਾਂਝਿਆਂ ਕਰਦੇ ਰਹਿੰਦੇ ਸਨ। ਬਾਵਾ ਬਲਵੰਤ ਦੀ ਵੀ ਅਕਸਰ ਗੱਲ ਕਰਦੇ ਕਿ ਕਿਵੇਂ ਉਹ ਆਪਣੇ ਆਖ਼ਰੀ ਜ਼ਿੰਦਗੀ ਵਿਚ ਇੱਕ ਨਿੱਕੀ ਜਿਹੀ ਪਰਛੱਤੀ ਵਿਚ ਰਹਿ ਕੇ ਬਤੀਤ ਕਰਦਾ ਸੀ।

ਮੈਂ ਕੁਲਵਿੰਦਰ ਦੀ ਗੱਲ ਨੂੰ ਮੰਨਣ ਲਈ, ਉਸਨੂੰ ਕਿਹਾ ਕਿ ਮੈਂ ਦਿੱਲੀ ਪਹੁੰਚ ਕੇ ਜੇ ਕਿਹਾ ਕਿ ਮੈਨੂੰ ਕੁਲਵਿੰਦਰ ਨੇ ਭੇਜਿਆ ਹੈ ਤੇ ਕਿਸੇ ਨੇ ਮੰਨਣਾ ਨਹੀਂ, ਸੋ ਚੰਗੀ ਗੱਲ ਹੈ ਕਿ ਮੈਨੂੰ ਤੂੰ ਆਪਣੀ ਮਾਸੀ ਜੀ ਦੇ ਨਾਮ 'ਤੇ ਇੱਕ ਚਿੱਠੀ ਲਿਆ ਦੇ ਤੇ ਮੈਂ ਫਿਰ ਦਿੱਲੀ ਜਾਣਾ ਹੈ ਨਹੀਂ ਤਾਂ ਸ਼ਾਇਦ ਮੈਂ ਇਹ ਪ੍ਰੋਗਰਾਮ ਹੀ ਛੱਡ ਦੇਵਾਂ।

ਅਗਲੇ ਦਿਨ ਕੁਲਵਿੰਦਰ ਨੇ ਆਪਣੀ ਮਾਸੀ ਜੀ ਦੇ ਨਾਮ 'ਤੇ ਇਕ ਖ਼ਤ ਲਿਖ ਕੇ, ਆਪਣੀ ਮਾਤਾ ਜੀ ਵੱਲੋਂ ਮੈਨੂੰ ਲਿਆ ਦਿੱਤਾ।

ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਮਿਥੇ ਹੋਏ ਦਿਨ ਮੈਂ ਗੁਰਦਾਸਪੁਰ ਤੋਂ ਸਵੇਰੇ ਸਵਖਤੇ ਬੱਸ ਲੈ ਕੇ ਢਲਦੇ ਸੂਰਜ ਦੇ ਸਮੇਂ ਅਨੁਸਾਰ ਡਾਕਟਰ ਹਰਿਭਜਨ ਸਿੰਘ ਦੇ ਕਰੋਲ ਬਾਗ਼ ਵਾਲੇ ਟਿਕਾਣੇ 'ਤੇ ਪੁੱਜ ਗਿਆ।

ਗਲੀ ਦੀ ਇੱਕ ਅੱਧ ਤੇ ਮੋੜ 'ਤੇ ਕਿਸੇ ਰਾਹ ਜਾਂਦੇ ਸੱਜਣ ਨੂੰ ਉਨ੍ਹਾਂ ਦਾ ਘਰ-ਪਤਾ ਪੁੱਛਿਆ ਤਾਂ ਉਹ ਬੰਦਾ ਮੈਨੂੰ ਡਾਕਟਰ ਹਰਿਭਜਨ ਸਿੰਘ ਦੇ ਘਰ ਤੱਕ ਛੱਡ ਕੇ ਆਇਆ।

ਮੈਂ ਵੇਖਿਆ ਕਿ ਗਲੀ ਵਿਚ ਬਹੁਤ ਸ਼ੋਰ-ਸ਼ਰਾਬਾ ਸੀ, ਆਲੇ ਦੁਆਲੇ ਬੱਚੇ ਖੇਡ ਰਹੇ ਸਨ, ਆਉਣ ਜਾਣ ਵਾਲਿਆਂ ਨਾਲ ਤਾਂਤਾ ਲੱਗਾ ਹੋਇਆ ਸੀ ਪਰ ਡਾਕਟਰ ਹਰਿਭਜਨ ਸਿੰਘ ਸਾਧਾਰਨ ਜਿਹੀ ਕੁਰਸੀ ਮੇਜ਼ 'ਤੇ ਬੈਠ ਕੇ ਆਪਣੀ ਇਕਾਗਰ ਬੁੱਧੀ ਵਿਚ ਕੋਈ ਮਜ਼ਬੂਨ ਲਿਖ ਰਹੇ ਸਨ। ਉਨ੍ਹਾਂ ਨੇ ਵਾਲ ਪਿੱਛੇ ਨੂੰ ਰੱਖੇ ਹੋਏ ਸਨ। ਸਾਧਾਰਨ ਜਿਹੇ ਕੱਪੜਿਆਂ ਵਿਚ ਉਨ੍ਹਾਂ ਦੀ ਪਹਿਲੀ ਦਿੱਖ ਮੈਨੂੰ ਰਾਬਿੰਦਰ ਨਾਥ ਟੈਗੋਰ ਵਰਗੀ ਪ੍ਰਤੀਤ ਹੋਈ। ਮੈਂ ਅਜੇ ਆਪਣਾ ਬੈਗ ਹੱਥ ਵਿਚ ਹੀ ਫੜਿਆ ਹੋਇਆ ਸੀ ਅਤੇ ਆਪਣੀ ਜੇਬ ਵਿਚੋਂ ਕੁਲਵਿੰਦਰ ਦੀ ਚਿੱਠੀ ਡਾਕਟਰ ਹਰਿਭਜਨ ਸਿੰਘ ਦੇ ਸਪੁਰਦ ਕੀਤੀ। ਡਾਕਟਰ ਸਾਹਿਬ ਨੇ ਆਪਣੇ ਧਰਮ ਪਤਨੀ ਸ਼੍ਰੀਮਤੀ ਕਿਰਪਾਲ ਕੌਰ ਜੀ ਨੂੰ ਆਵਾਜ਼ ਮਾਰੀ ਅਤੇ ਉਹ ਚਿੱਠੀ ਦੇ ਕੇ ਮੇਰੀ ਵਾਕਫੀਅਤ ਕਰਾਈ। ਮੈਂ ਦੂਜੇ ਵਾਕ ਵਿਚ ਆਪਣੇ ਜਾਣ ਦਾ ਮਕਸਦ ਦੱਸਿਆ ਅਤੇ ਗੁਰੂ-ਮਾਤਾ ਸ੍ਰੀਮਤੀ ਕਿਰਪਾਲ ਕੌਰ ਜੀ ਨੇ ਮੈਨੂੰ ਇੱਕ ਚਾਹ ਦਾ ਕੱਪ ਪਿਲਾਇਆ ਅਤੇ ਮੇਰਾ ਬੈਗ ਅੰਦਰ ਰੱਖਣ ਲਈ ਕਿਹਾ। ਸ਼ਾਮ ਢਲ ਰਹੀ ਸੀ, ਚਾਨਣ ਅਲੋਪ ਹੋ ਰਿਹਾ ਸੀ।

ਘਸਮੈਲੀ ਰਾਤ ਹੌਲੀ-ਹੌਲੀ ਉਤਰ ਰਹੀ ਸੀ। ਡਾਕਟਰ ਸਾਹਿਬ ਨੇ ਵੀ ਆਪਣਾ ਮਜ਼ਬੂਨ ਜਿੰਨਾ ਕੁ ਲਿਖਿਆ ਸੀ ਉਹ ਸਾਰਾ ਇਕੱਠਾ ਕਰਕੇ, ਮੇਜ਼ ਕੁਰਸੀ ਅੰਦਰ ਲਗਾ ਕੇ, ਮੈਨੂੰ ਕਹਿੰਦੇ ਚਲ ਬਈ ਸੁਹਿੰਦਰ! ਆਪਾਂ ਪਾਰਕ ਵਿਚ ਚਲਦੇ ਹਾਂ। 'ਕਾਵਿ ਕੀਰਤੀ' ਵਿਚ ਮੈਂ ਉਨ੍ਹਾਂ ਦੀਆਂ ਕਵਿਤਾਵਾਂ ਮੇਰਾ ਬਚਪਨ', 'ਅਪ੍ਰਮਾਣਕ' ਤਾਂ ਪੜ੍ਹੀਆਂ ਹੀ ਸਨ ਪਰ ਅੱਜ ਮੇਰਾ ਮਨ ਕਰ ਰਿਹਾ ਸੀ ਕਿ ਇਹ ਕਵਿਤਾਵਾਂ ਡਾਕਟਰ ਸਾਹਿਬ ਦੇ ਮੂੰਹੋਂ ਸੁਣੀਆਂ ਜਾਣ। ਪਾਰਕ ਤੱਕ ਜਾਂਦਿਆਂ ਸਾਡੀ ਜਾਣ-ਪਛਾਣ ਗੂੜ੍ਹੀ ਹੋ ਗਈ, ਕਿਰਪਾਲ ਸਿੰਘ ਜੋਗੀ ਬਾਰੇ ਦੱਸਿਆ, ਕਾਵਿ ਕੀਰਤੀ ਦੀ ਗੱਲ ਕੀਤੀ ਤੇ ਡਾਕਟਰ ਸਾਹਿਬ ਪਾਸੋਂ ਉਨ੍ਹਾਂ ਦੀਆਂ ਕਵਿਤਾਵਾਂ ਸੁਣਨ ਲਈ ਮੈਂ ਇੱਕ ਅਰਜੋਈ ਵੀ ਕੀਤੀ।

ਅਸੀਂ ਕੇਵਲ ਦੋ ਹੀ ਜਾਣੇ ਸਾਂ, ਪਾਰਕ ਵਿਚ ਹੌਲੀ-ਹੌਲੀ ਤੁਰਦਿਆਂ ਡਾਕਟਰ ਸਾਹਿਬ ਨੇ ਆਪਣੀਆਂ ਕਵਿਤਾਵਾਂ ਮੈਨੂੰ ਸੁਣਾਉਣੀਆਂ ਸ਼ੁਰੂ ਕੀਤੀਆਂ।

ਮੈਂ ਉਨ੍ਹਾਂ ਨੂੰ ਫਰਮਾਇਸ਼ ਕੀਤੀ ਕਿ ਉਹ ਕਵਿਤਾਵਾਂ ਸੁਣਾਉਣ ਜਿਹੜੀਆਂ ਤੁਹਾਨੂੰ ਬਹੁਤ ਪਿਆਰੀਆਂ ਲੱਗਦੀਆਂ ਹਨ। ਉਨ੍ਹਾਂ ਨੇ ਪਹਿਲੀ ਕਵਿਤਾ ਮੈਨੂੰ ਸੁਣਾਈ:

'ਮਾਏ ਨੀ ਅੰਬਰਾਂ 'ਚ ਰਹਿਣ ਵਾਲੀਏ!
ਸਾਨੂੰ ਚੰਨ ਦੀ ਗਰਾਹੀ ਦੇ ਦੇ
ਸੂਈ 'ਚ ਪਰੋ ਕੇ ਚਾਨਣੀ ਸਾਡੇ ਗੰਢ ਦੇ ਨਸੀਬ ਲੰਗਾਰੇ।
ਨੀ ਪੁੱਤ ਤੇਰਾ ਡੌਰ ਭੌਰੀਆ ਚੰਨ ਮੰਗਦਾ ਨਾ ਕੁਝ ਸ਼ਰਮਾਵੇ।

ਅਗਲੀ ਕਵਿਤਾ ਉਨ੍ਹਾਂ ਜੋ ਸੁਣਾਈ ਉਹ ਗੀਤ ਸੀ
ਕੌਣ ਬਿਰਖ ਨੂੰ ਆਪਣਾ ਆਖ ਬੁਲਾਵਾਂ ?
ਕਿਹੜੀ ਕਿਹੜੀ ਟਾਹਣੀ ਮੇਰੀ ਮਾਂ ਵਰਗੀ?
ਕਿਹੜਾ ਕਿਹੜਾ ਟਾਹਣਾਂ ਵਾਂਗ ਭਰਾਵਾਂ?
ਅਤੇ ਇੱਕ ਅੱਧ ਹੋਰ ਵੀ ਕੋਈ ਕਵਿਤਾ ਸੁਣਾਈ।

ਹੁਣ ਮੈਨੂੰ ਏਨਾ ਯਾਦ ਨਹੀਂ, ਪਰ ਮੈਨੂੰ ਇੰਨਾ ਜ਼ਰੂਰ ਯਾਦ ਹੈ ਕਿ ਉਨ੍ਹਾਂ ਦੀਆਂ ਇਹ ਕਵਿਤਾਵਾਂ ਸੁਣ ਕੇ ਮਾਹੌਲ ਰਤਾ ਕੁ ਉਦਾਸ ਜਿਹਾ ਹੋ ਗਿਆ। ਇਹ ਕਵਿਤਾਵਾਂ ਡਾਕਟਰ ਸਾਹਿਬ ਦੇ ਬਚਪਨ ਨਾਲ ਮਾਂ ਦੇ ਵਿਛੋੜੇ ਦੀ ਸੰਵੇਦਨਾ ਨਾਲ ਜੁੜੀਆਂ ਹੋਈਆਂ ਹਨ। ਉਸ ਵੇਲੇ ਡਾਕਟਰ ਸਾਹਿਬ ਦੀ ਉਮਰ 52-53 ਸਾਲ ਦੀ ਸੀ ਅਤੇ ਮੇਰੀ ਉਮਰ 17-18 ਸਾਲ ਦੀ ਸੀ।

ਮੈਂ ਆਪਣੀ ਕੋਈ ਵੀ ਕਵਿਤਾ ਡਾਕਟਰ ਸਾਹਿਬ ਨੂੰ ਨਾ ਸੁਣਾਈ

ਏਨਾ ਦੱਸਿਆ ਕਿ ਸਵੇਰੇ 'ਜਵਾਂ ਤਰੰਗ' ਪ੍ਰੋਗਰਾਮ ਵਿਚ ਜਾਣਾ ਹੈ। ਉਸ ਵਕਤ ਮੈਂ ਬਹੁਤ ਹੀ ਇੱਕ ਸਾਧਾਰਨ, ਅਣਜਾਣ ਕਵਿਤਾ ਲਿਖਣ ਵਾਲਾ ਵਿਦਿਆਰਥੀ ਸਾਂ। ਮੇਰਾ ਕੋਈ ਨਾਮ ਨਹੀਂ ਸੀ ਤੇ ਡਾਕਟਰ ਸਾਹਿਬ ਦੇ ਸਾਹਮਣੇ ਮੈਂ ਆਪਣੇ ਕਵਿਤਾ ਸੁਣਾਉਂਦਾ ਤੇ ਸੁਣਾਉਂਦਾ ਵੀ ਕੀ? ਇੰਨੀ ਵੱਡੀ ਹਸਤੀ ਦੇ ਸਾਹਮਣੇ ਮੈਂ ਨਿਮਾਣਾ ਜਿਹਾ ਕਿਸ਼ੋਰ ਅਵਸਥਾ ਵਾਲਾ ਇਕ ਤੁਛ ਜਿਹਾ ਵਿਦਿਆਰਥੀ ਸਾਂ।

ਅਗਲੇ ਦਿਨ ਸਵੇਰੇ ਉੱਠ ਕੇ ਡਾਕਟਰ ਸਾਹਿਬ ਨੇ ਮੈਨੂੰ ਟੈਲੀਵਿਜ਼ਨ ਸੈਂਟਰ ਪਹੁੰਚਣ ਦਾ ਰਸਤਾ ਸਮਝਾ ਦਿੱਤਾ। ਟੈਲੀਵਿਜ਼ਨ ਕੇਂਦਰ ਪਹੁੰਚ ਗਿਆ, ਮੈਂ ਦੇਖਿਆ ਕਿ ਪ੍ਰੋ. ਹਰਚਰਨ ਸਿੰਘ ਸੋਬਤੀ ਨਾਮ ਦਾ ਇੱਕ ਪ੍ਰੋਫ਼ੈਸਰ ਉੱਥੇ ਆਇਆ ਹੋਇਆ ਸੀ ਜਿਸ ਨੇ ਮੇਰੇ ਨਾਲ ਤਿੰਨ-ਚਾਰ ਹੋਰ ਕਵੀਆਂ ਨੂੰ ਪ੍ਰੋਗਰਾਮ ਵਿਚ ਪੇਸ਼ ਕਰਨਾ ਸੀ। ਮੈਨੂੰ ਯਾਦ ਹੈ ਕਿ ਸਵਿਤੋਜ ਨੇ ਵੀ ਉਸ ਦਿਨ ਮੇਰੇ ਨਾਲ ਕਵਿਤਾ ਪੜ੍ਹੀ ਸੀ। ਜਦੋਂ ਮੈਂ ਆਪਣੀ ਇੱਕ ਕਵਿਤਾ ਪੇਸ਼ ਕੀਤੀ, ਰਿਕਾਰਡਿੰਗ ਚੱਲ ਰਹੀ ਸੀ,

ਕਵਿਤਾ ਸੀ :

ਸਾਗਰ ਕੰਢੇ ਮੋਢੇ ਮੋਢੇ ਪਾਣੀ ਵਿਚ ਉਹ ਕੁੜੀ ਨਹਾਵੇ।
ਤਰਕਾਲਾਂ ਦਾ ਵੇਲਾ ਕੇਹਾ ਸੁਹਾਵਣਾ! ਹਵਾ ਸ਼ੂਕਦੀ ਜਾਵੇ।
ਜੰਗਲ ਬੂਟੇ ਝੁਕ ਝੁਕ ਸੁਣਦੇ, ਲਹਿਰ ਜਿਹੀ ਆਵੇ, ਜਦੋਂ ਕੁੜੀ ਉਹ ਬਿਰਹਾ ਭਰਿਆ, ਮਿਠੜੇ ਗ਼ਮ ਦਾ ਗੀਤ ਸੁਣਾਵੇ,
ਇਉਂ ਜਾਪੇ ਜਿਉਂ ਗੀਤ ਉਸਦਾ, ਕਾਲੇ ਨਾਗ ਨੂੰ ਕੀਲਣ ਖ਼ਾਤਰ, ਬੀਨ ਵਜਾਵੇ,
ਲਫ਼ਜ਼ ਉਸਦੇ ਵੰਨ-ਸੁਵੰਨੇ,
ਜਿਉਂ ਮਾਲੀ ਤੋੜੇ ਬਾਗ-ਬਹਿਸ਼ਤੋਂ,
ਮਾਰੂਥਲ ਵਿਚ ਆਣ ਟਿਕਾਵੇ,
ਨਖ਼ਲਸਤਾਨ ਇਕ ਨਵਾਂ ਬਣਾਵੇ।

ਸੰਗਾਂ ਉਸ ਕੁੜੀ ਦੀਆਂ ਲਹਿਰਾਂ ਅੰਦਰ ਡੁਲ ਡੁਲ ਜਾਵਣ,
ਨਖ਼ਰੇ ਭਰੀਆਂ ਸਾਗਰ-ਲਹਿਰਾਂ, ਉਸ ਕੁੜੀ ਦੀ ਹਿੱਕ ਤੋਂ ਪਰਦਾ ਧੂਹ ਲਿਜਾਵਣ,
ਜਿਉਂ ਵਗਦੀ ਕਾਲੀ ਪੌਣ, ਉਸਦੇ ਮੁੱਖ ਤੋਂ ਪਰਦਾ ਧੂਹ ਲਿਜਾਵੇ,
ਉਹ ਕੁੜੀ ਜਾਦੂ ਛਲਕਾਵੇ!

ਕਈ ਵੇਰਾਂ ਉਹ ਕੁੜੀ,
ਸ਼ਾਇਦ ਪੁਰਾਣੀਆਂ ਗੱਲਾਂ ਚੇਤੇ ਕਰਕੇ, ਰੋਵੇ ਤੇ ਕੁਰਲਾਵੇ, ਇੱਕ ਇਕ ਹੰਝੂ ਲੱਖ-ਮਣਾਂ ਪਾਣੀ ਦੇ ਹੇਠਾਂ ਲੁਕ ਲੁਕ ਜਾਵੇ, ਜਿਓਂ ਕੋਈ ਮਾਂ ਆਪਣੀ ਸੀਨੇ ਆਪਣੀ ਧੀ ਦੇ ਭੇਤ ਛੁਪਾਵੇ, ਸਾਗਰ ਕੰਢੇ ਮੋਢੇ ਮੋਢੇ......

ਮੈਂ ਇਹ ਕਵਿਤਾ ਪੜ੍ਹ ਕੇ ਹਟਿਆ ਹੀ ਹੋਵਾਂਗਾ, ਨਾਲ ਦੇ ਕਵੀਆਂ ਨੇ, ਜਿਵੇਂ ਪੀ.ਐਲ. ਚਾਵਲਾ ਨੇ ਸਿਖਾਇਆ ਸੀ ਕਿ ਤੁਸੀਂ ਹਰ ਕਵੀ ਨੂੰ ਬਹੁਤ ਦਾਦ ਦੇਣੀ ਹੈ।

ਮੈਨੂੰ ਵੀ ਦਾਦ ਮਿਲੀ ਤੇ ਮਾਹੌਲ ਵਾਹਵਾ ਹੀ ਕਾਵਿਕ ਹੋ ਗਿਆ।

ਇਹ ਸਾਰਾ ਕੁਝ ਅਜੇ ਵਾਪਰ ਹੀ ਰਿਹਾ ਸੀ ਕਿ ਹਰਚਰਨ ਸਿੰਘ ਸੋਬਤੀ ਹੋਰਾਂ ਨੇ ਮੈਨੂੰ ਇਕ ਕਾਫ਼ੀ ਵਿਦਵਤਾ ਭਰਪੂਰ ਸਵਾਲ ਕੱਢ ਮਾਰਿਆ ਕਿ ਇਹ ਤੁਸੀਂ ਕਵਿਤਾ ਲਿਖੀ ਹੈ, ਇਸ ਵਿਚ ਤੁਹਾਡੀ ਕਲਪਨਾ ਕਿਵੇਂ ਕੰਮ ਕਰ ਰਹੀ ਹੈ, ਤੁਸੀਂ ਇਸ ਕਵਿਤਾ ਵਿਚ ਕਿਹੜਾ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ? ਇਹ ਕਵਿਤਾ ਦੀ ਰਚਨਾ ਦੇ ਪਿੱਛੇ ਤੁਹਾਡੇ ਮਨ ਦੇ ਵਿਚ ਕਿਹੜੀ ਸ਼ਕਤੀ ਕਾਰਜਸ਼ੀਲ ਸੀ? ਆਦਿ ਆਦਿ।

ਮੈਂ ਭਾਵੇਂ ਕਵਿਤਾ ਲਿਖ ਲਿਖ ਕੇ ਇਕ ਦੋ ਕਾਪੀਆਂ ਭਰੀਆਂ ਹੋਈਆਂ ਸਨ, ਤੇ ਕਿਸ਼ੋਰ ਅਵਸਥਾ ਦੀ ਕਵਿਤਾ ਸੀ ਸਾਰੀ ਦੀ ਸਾਰੀ, ਮੈਨੂੰ ਤਾਂ ਪਤਾ ਨਹੀਂ ਸੀ, ਕਵਿਤਾ ਕਿਵੇਂ ਲਿਖੀਦੀ ਹੈ ਤੇ ਕਵਿਤਾ ਦਾ ਕੀ ਭਾਵ ਹੁੰਦਾ ਹੈ, ਮੇਰੇ ਮਨ ਦੇ ਵਿਚ ਜੋ ਆਉਂਦਾ ਸੀ, ਮੈਂ ਕਵਿਤਾ ਲਿਖ ਦਿੰਦਾ ਸੀ ਪਰ ਉਸ ਵਕਤ ਮੈਂ ਇਕਦਮ ਉਨ੍ਹਾਂ ਦੇ ਸਵਾਲ ਸਾਹਮਣੇ ਅਟਕ ਗਿਆ, ਮੈਨੂੰ ਕੋਈ ਜਵਾਬ ਨਹੀਂ ਸੀ ਔੜਿਆ, ਮੈਂ ਬਸ ਏਨਾ ਕੁ ਕਿਹਾ ਕਿ ਮੈਂ ਜੋ ਕੁਝ ਮੇਰਾ ਖ਼ਿਆਲ ਦੇ ਵਿਚ ਆਇਆ ਹੈ, ਲਿਖ ਦਿੱਤਾ ਹੈ, ਇਸ ਤੋਂ ਵੱਧ ਮੈਨੂੰ ਕੁਝ ਨਹੀਂ ਪਤਾ।

ਖ਼ੈਰ! ਕਵਿਤਾ ਦਾ ਸੈਸ਼ਨ ਖ਼ਤਮ ਹੋਇਆ। ਪ੍ਰੋਡਿਊਸਰ ਚਾਵਲਾ ਹੋਰਾਂ ਨੇ ਕੁਝ ਆਡੀਐਂਸ ਵੀ ਬੁਲਾਈ ਹੋਈ ਸੀ। ਉਨ੍ਹਾਂ ਨੇ ਮੇਰੀ ਕਾਪੀ ਉੱਤੇ ਇਹ ਵੀ ਲਿਖਿਆ ਕਿ ਅੱਜ ਕਵਿਤਾ ਸੁਣ ਕੇ ਆਨੰਦ ਆ ਗਿਆ ਹੈ ਬਹੁਤ ਹੀ ਭਾਵਪੂਰਤ ਕਵਿਤਾ ਸੁਣਨ ਨੂੰ ਮਿਲੀ ਹੈ ਉਹ ਕਾਪੀ ਮੈਂ ਅੱਜ ਤੱਕ ਸੰਭਾਲ ਕੇ ਰੱਖੀ ਹੋਈ ਹੈ।

ਪਰ ਮੇਰੇ ਮਨ ਦੇ ਮਨ ਵਿਚ ਹੀ ਇੱਕ ਸ਼ਿਕਵਾ ਜਿਹਾ ਪੈਦਾ ਹੋ ਰਿਹਾ ਸੀ ਕਿ ਯਾਰ ਪ੍ਰੋਫ਼ੈਸਰ ਹਰਚਰਨ ਸਿੰਘ ਸੋਬਤੀ ਨੇ ਕਿਹੜਾ ਪੁੱਠਾ ਜਿਹਾ ਸਵਾਲ ਪੁੱਛ ਲਿਆ, ਮੇਰੀ ਚੰਗੀ ਭਲੀ ਭਲ ਬਣਦੀ ਬਣਦੀ ਖ਼ਰਾਬ ਹੋ ਗਈ ਹੈ।

ਸੋ ਮੇਰੀ ਕਵਿਤਾ ਦੀ ਪਹਿਲੀ ਸ਼ੁਰੂਆਤ ਇਸ ਤਰ੍ਹਾਂ ਹੋਈ।

ਮੈਂ ਸ਼ਾਮ ਨੂੰ ਡਾਕਟਰ ਸਾਹਿਬ ਦੇ ਘਰ ਪਹੁੰਚ ਗਿਆ, ਉਨ੍ਹਾਂ ਨੂੰ ਦੱਸਿਆ ਕਿ ਅੱਜ ਮੈਂ ਕਵਿਤਾ ਟੀ ਵੀ 'ਤੇ ਪੜ੍ਹੀ ਹੈ ਪਰ ਨਾਲ ਹਰਚਰਨ ਸਿੰਘ ਸੋਬਤੀ ਨਾਂ ਦੇ ਬੰਦੇ ਨੇ ਮੈਨੂੰ ਇੱਕ ਗੁੰਝਲਦਾਰ ਜਿਹਾ ਸੁਆਲ ਪੁੱਛਿਆ ਹੈ ਜਿਸ ਦਾ ਮੈਂ ਕੋਈ ਤਸੱਲੀ ਬਖ਼ਸ਼ ਜੁਆਬ ਨਹੀਂ ਦੇ ਸਕਿਆ ਤੇ ਮੈਨੂੰ ਬੜੀ ਮਾਯੂਸੀ ਹੋਈ ਹੈ।

ਡਾਕਟਰ ਸਾਹਿਬ ਨੇ ਮੈਨੂੰ ਥਾਪੜਾ ਦੇ ਕੇ ਕਿਹਾ, ਨਹੀਂ ਤੇਰੀ ਕਵਿਤਾ ਬਹੁਤ ਵਧੀਆ ਹੈ ਉਹ ਹਰਚਰਨ ਸਿੰਘ ਸੋਬਤੀ ਦਾ ਸੁਭਾਅ ਹੀ ਅਜਿਹਾ ਹੈ ਉਸ ਤਰ੍ਹਾਂ ਦੇ ਪੁੱਠੇ-ਸਿੱਧੇ ਸਵਾਲ ਪੁੱਛਦਾ ਰਹਿੰਦਾ ਹੈ ਤੇ ਤੂੰ ਆਪਣੇ ਧੁਨ ਵਿਚ ਕਵਿਤਾ ਲਿਖਦਾ ਰਹੀ, ਫ਼ਿਕਰ ਨਾ ਕਰੀਂ।

ਸ਼ਾਮ ਨੂੰ ਫਿਰ ਡਾਕਟਰ ਸਾਹਿਬ ਦੀ ਕਵਿਤਾ ਦਾ ਆਨੰਦ ਮਾਣਿਆ। ਜਿਹੜੀ ਕਵਿਤਾ ਟੀਵੀ 'ਤੇ ਪੜ੍ਹੀ ਸੀ ਮੈਂ ਵੀ ਹਿੰਮਤ ਕਰਕੇ ਡਾਕਟਰ ਸਾਹਿਬ ਨੂੰ ਸੁਣਾਈ ਅਤੇ ਅਗਲੀ ਸਵੇਰ ਦਿੱਲੀ ਤੋਂ ਗੁਰਦਾਸਪੁਰ ਵੱਲ ਰਵਾਨਗੀ ਪਾ ਦਿੱਤੀ। ਡਾਕਟਰ ਸਾਹਿਬ ਦੇ ਮੇਲ ਨਾਲ ਮੈਂ ਇਹ ਮਹਿਸੂਸ ਕੀਤਾ ਕਿ ਵੱਡੇ ਬੰਦੇ ਵਾਕਿਆ ਹੀ ਵੱਡੇ ਹੁੰਦੇ ਹਨ, ਉਨ੍ਹਾਂ ਨੇ ਮੈਨੂੰ ਇਨਾ ਪਿਆਰ ਅਤੇ ਇੰਨਾ ਮਾਣ ਦਿੱਤਾ, ਹੱਲਾਸ਼ੇਰੀ ਦਿੱਤੀ, ਉਹ ਸਰੂਰ ਕਈ ਦਿਨ ਮੇਰੇ ਸਾਹਾਂ ਵਿਚ ਘੁਲਿਆ ਰਿਹਾ। ਮੈਂ ਇੱਕ ਬਹੁਤ ਵੱਡੇ ਫ਼ਿਲਾਸਫ਼ਰ ਨੂੰ ਮਿਲ ਕੇ ਵਾਪਸ ਜਾ ਰਿਹਾ ਸਾਂ। ਹੁਣ ਵੀ ਮੈਂ ਜਦੋਂ ਉਸ ਮੌਕੇ ਨੂੰ ਯਾਦ ਕਰਦਾ ਹਾਂ ਤਾਂ ਮੈਂ ਕਰੋਲ ਬਾਗ ਦੀ ਭੀੜੀ ਗਲੀ ਵਿਚ ਡਾਕਟਰ ਹਰਿਭਜਨ ਸਿੰਘ ਦੇ ਘਰ ਪਹੁੰਚ ਜਾਂਦਾ ਹਾਂ, ਪਾਰਕ ਵਿਚ ਉਨ੍ਹਾਂ ਦੀ ਕਵਿਤਾ ਸੁਣਦੇ ਸੁਣਦੇ ਅਜੇ ਵੀ ਕੋਈ ਇਲਾਹੀ ਸਰੂਰ ਦਾ ਨਜ਼ਾਰਾ ਮਾਣਦਾ ਹਾਂ। ਇਹ ਸਾਡੀ ਪਹਿਲੀ ਮਿਲਣੀ ਸੀ, ਇਸ ਤੋਂ ਬਾਅਦ ਤਾਂ ਮੈਂ ਉਨ੍ਹਾਂ ਨੂੰ ਆਪਣਾ ਗੁਰੂ ਹੀ ਧਾਰ ਲਿਆ ਸੀ ਤੇ ਸਾਰੀ ਉਮਰ ਉਨ੍ਹਾਂ ਦੀ ਸ਼ਰਧਾ-ਭਾਵਨਾ ਨਾਲ ਸੇਵਾ ਕੀਤੀ ਅਤੇ ਉਨ੍ਹਾਂ ਤੋਂ ਅਥਾਹ ਪਿਆਰ ਮਾਣਿਆ।

ਅੱਜ ਮੈਂ ਸੋਚਦਾ ਹਾਂ ਕਿ ਜੇ ਡਾਕਟਰ ਹਰਿਭਜਨ ਸਿੰਘ ਦੀ ਜਗ੍ਹਾ ਮੈਨੂੰ ਕੋਈ ਕੱਟੜ ਆਲੋਚਕ ਮਿਲ ਗਿਆ ਹੁੰਦਾ, ਮੇਰੀ ਕਵਿਤਾ ਦੀ ਆਲੋਚਨਾ ਲਈ ਸੋਬਤੀ ਵਰਗਾ ਹੋਰ ਕੋਈ ਮਨੁੱਖ ਮਿਲ ਗਿਆ ਹੁੰਦਾ ਤਾਂ ਸ਼ਾਇਦ ਸਾਹਿਤਕਾਰੀ ਵਾਲੇ ਪਾਸੇ ਮੈਂ ਆਉਂਦਾ ਹੀ ਨਾ। ਹੁਣ ਜਦੋਂ ਪਿੱਛੇ ਜਿਹੇ ਪ੍ਰੋ. ਅਜੈਬ ਸਿੰਘ ਬਰਾੜ ਹੋਰੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤਾਂ ਉਹ ਸਾਡੀ ਯੂਨੀਵਰਸਿਟੀ 'ਚ ਮੈਨੂੰ ਕਹਿੰਦੇ ਹੁੰਦੇ ਸੀ ਕਿ ਜਿਹੜੇ ਬੱਚੇ ਸਿਰਜਕ ਨੇ ਉਨ੍ਹਾਂ ਦੀ ਸਿਰਜਣਾ ਨੂੰ ਉਤਸ਼ਾਹ ਦਿਆ ਕਰੋ! ਆਲੋਚਕ ਪੈਦਾ ਨਾ ਕਰੋ। ਸਿਰਜਕਾਂ ਨੂੰ ਉਤਸ਼ਾਹਿਤ ਕਰੋ ਤੇ ਮੈਂ ਹਮੇਸ਼ਾ ਸਿਰਜਕਾਂ ਨੂੰ ਉਤਸ਼ਾਹਿਤ ਕਰਨ ਵਿਚ ਆਪਣੀ ਦਿਲਚਸਪੀ ਰੱਖਦਾ ਹਾਂ। ਮੇਰਾ ਇਹ ਉਤਸ਼ਾਹ ਕਈ ਵਾਰ ਅੱਜ ਕੱਲ੍ਹ ਦੇ ਆਲੋਚਕਾਂ ਨੂੰ ਵੀ ਬਹੁਤਾ ਅੱਛਾ ਨਹੀਂ ਲੱਗਦਾ, ਪਰ ਮੈਂ ਆਪਣੀ ਧੁਨ ਵਿਚ ਨਵੇਂ ਸਿਰਜਕਾਂ ਨੂੰ ਹੱਲਾਸ਼ੇਰੀ ਦਿੰਦਾ ਰਹਿੰਦਾ ਹਾਂ।

ਸਾਹਿਤ ਦੀ ਰਚਨਾ ਕਰਨ ਵਾਲਾ ਮਨੁੱਖ ਆਪਣੀ ਰੂਹ ਨਾਲ ਜਾ ਜੁੜਦਾ ਹੈ ਅਤੇ ਇਹ ਧੁਰ ਰੂਹ ਨਾਲ ਜੁੜਨ ਕਰਕੇ ਸਿਰਜਕ ਨੂੰ ਮਾਨਵਤਾ ਦੇ ਉਚੇਰੇ ਕਰਮਾਂ ਨਾਲ ਮੋੜਨ ਵਿਚ ਸਹਾਇਕ ਹੁੰਦੀ ਹੈ, ਮੇਰਾ ਇਹ ਵਿਸ਼ਵਾਸ ਹੈ। ਇਸ ਤਰ੍ਹਾਂ ਮਾਨਵਤਾ ਦੀ ਜੋਤ ਜਗਦੀ ਰਹਿੰਦੀ ਹੈ। ਜਿਨ੍ਹਾਂ ਦੇ ਮਨਾਂ ਵਿਚ ਮਾਨਵਤਾ ਦੇ ਜੋਤ ਰਤਾ-ਮਾਸਾ ਮੱਠੀ ਹੁੰਦੀ ਹੈ, ਉਹ ਵੀ ਮੁੜ ਕੇ ਲਟ-ਲਟ ਬਲਣ ਲੱਗ ਪੈਂਦੀ ਹੈ। ਅਜੋਕੇ ਸਮਿਆਂ ਵਿਚ ਸਾਹਿਤ ਦਾ ਜਨਮਣਾ ਅਤੇ ਵਿਕਸਿਤ ਹੁੰਦੇ ਰਹਿਣਾ ਲਾਜ਼ਮੀ ਹੈ।

## 'ਯਾਦ ਰੱਖਣ ਯੋਗ ਗੱਲਾਂ'

* ਲੰਘੇ ਸੌ ਸਵਾ ਸੌ ਸਾਲ ਵਿਚ ਸੰਸਾਰ ਨੇ ਜਿੰਨੀ ਤਰੱਕੀ ਕੀਤੀ ਹੈ, ਪਿਛਲੇ ਹਜ਼ਾਰਾਂ ਸਾਲ ਨਹੀਂ ਸੀ ਕੀਤੀ ਪਰ ਕਦੇ ਗਊ ਦਾ ਗੋਹਾ ਖਾਣ ਵਾਲੀ ਰੀਤ ਕਿਸੇ ਇਤਿਹਾਸ ਵਿਚ ਪੜ੍ਹਨ ਨੂੰ ਨਹੀਂ ਮਿਲਦੀ।

* ਆਪਣਾ ਸਟੈਂਡਰਡ ਆਪਣੀ ਕਮਾਈ ਅਤੇ ਕਮਾਏ ਹੋਏ ਪੈਸਿਆਂ ਵਿੱਚੋਂ ਕੀਤੀ ਬੱਚਤ ਅਨੁਸਾਰ ਰੱਖੋ ਤਾਂ ਸੁਖੀ ਰਹੋਗੇ।

* ਸਾਈਕਲ ਦੇ ਪੈਡਲ ਮਾਰਨ ਦੀ ਹਿੰਮਤ ਨਾ ਹੋਵੇ ਤਾਂ ਬੁਲੇਟ ਦੀ ਰਾਈਡ ਲੈਣ ਦਾ ਸੋਚਣਾ ਗਲਤ ਹੁੰਦਾ ਹੈ।

* ਜੋਜ਼ਫ਼ ਗੋਏਬਲ ਨੇ ਕਿਹਾ ਸੀ ਕਿਸੇ ਵੀ ਦੇਸ਼ ਦਾ ਮੀਡੀਆ ਮੇਰੇ ਕੰਟਰੋਲ ਹੇਠ ਕਰ ਦਿਓ ਸਾਰੀ ਪਬਲਿਕ ਨੂੰ ਮੂਰਖਾਂ ਦੇ ਝੁੰਡ ਵਿਚ ਤਬਦੀਲ ਕਰ ਦਿਆਂਗਾ।

* ਹਰ ਉਹ ਰਿਸ਼ਤਾ ਅਤੇ ਉਹ ਜੁੱਤੀ ਜੋ ਮੇਚ ਦੇ ਨਾ ਹੋਣ ਉਮਰ ਭਰ ਤੰਗ ਕਰਨਗੇ ਲਿਹਾਜ਼ਾ ਜਿੰਨੀ ਛੇਤੀ ਵਰਤਣਾ ਛੱਡ ਦਿਓਗੇ ਸੁਖੀ ਰਹੋਗੇ।

* ਫੁੱਲ ਟਾਹਣੀ ਨਾਲ ਪੱਥਰ ਪਹਾੜ ਨਾਲ ਅਤੇ ਇਨਸਾਨ ਇਨਸਾਨੀਅਤ ਨਾਲ ਜੁੜੇ ਹੋਏ ਹੀ ਸੋਭਦੇ ਹਨ।

* ਲਿਖਾਰੀ ਵਾਸਤੇ ਕਹਾਣੀ ਜਾਂ ਨਾਵਲ ਲਿਖਣਾ ਓਨਾ ਔਖਾ ਨਹੀਂ ਹੁੰਦਾ ਜਿੰਨਾ ਆਪਣਿਆਂ ਵਿਚੋਂ ਆਪਣਿਆਂ ਦੇ ਨਾਮ ਲੱਭ ਕੇ ਲਿਖਣੇ।

* ਜਦੋਂ ਕੁਝ ਕਰਨ ਦਾ ਮਨ ਹੋਵੇ ਤਾਂ ਨਫਰਤ ਭੁੱਲ ਕੇ ਵੀ ਨਾ ਕਰੋ ਸਿਰਫ ਮੁਆਫ ਕਰੋ, ਦਇਆ ਕਰੋ, ਰਹਿਮ ਕਰੋ, ਤਰਸ ਕਰੋ ਜਾਂ ਦਫਾ ਕਰੋ।

* ਜ਼ਿੰਦਗੀ ਉਨ੍ਹਾਂ ਦੀ ਵਧੀਆ ਗੁਜ਼ਰਦੀ ਹੈ ਜੋ ਖਿਡਾਰੀ ਬਣ ਕੇ ਜ਼ਿੰਦਗੀ ਗੁਜ਼ਾਰਦੇ ਹਨ, ਖਿਡੌਣਾ ਬਣਨ ਵਾਲੇ ਬਾਅਦ ਵਿਚ ਪਛਤਾਉਂਦੇ ਹਨ ਜਦੋਂ ਖਿਡੌਣੇ ਨਾਲ ਬਾਰ ਬਾਰ ਖੇਡਿਆ ਜਾਂਦਾ ਹੈ।

* ਮਿੱਤਰੋ ਕਿਰਾਏ 'ਤੇ ਤਾਂ ਜਿਸਮ ਹੀ ਮਿਲਦੇ ਹਨ ਰੂਹ ਖਰੀਦਣ ਵਾਸਤੇ ਦਿਲ ਵੇਚਣਾ ਪੈਂਦਾ ਹੈ।

* ਪੈਸਾ ਉਹ ਸਾਬਣ ਹੈ ਜੋ ਗੰਦੇ ਤੋਂ ਗੰਦਾ ਦਾਗ ਧੋ ਸਕਦਾ ਹੈ।

* ਰਾਜਨੀਤੀ ਅਜਿਹਾ ਧੰਦਾ ਹੈ ਜਿਸ ਵਿਚ ਤੁਸੀਂ ਚੋਰੀ ਕਰ ਸਕਦੇ ਹੋ, ਝੂਠ ਬੋਲ ਸਕਦੇ ਹੋ ਧੋਖਾ ਕਰ ਸਕਦੇ ਹੋ ਇੱਜ਼ਤ ਫਿਰ ਵੀ ਬਰਕਰਾਰ ਰਹੇਗੀ - ਮਾਰਕ ਟਵੇਨ।

*-ਹਰਦੀਪ ਸਿੰਘ ਸੋਢੀ ਨਡਾਲਾ।*

# ਪੰਡਤ ਨਹਿਰੂ ਦੀ ਹਰਮਨ-ਪਿਆਰਤਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਮਹੀਨੇ ਦੇ ਪ੍ਰਿੰਟ ਮੀਡੀਆ ਨੇ ਬਾਲ ਦਿਵਸ ਦੇ ਪ੍ਰਸੰਗ ਵਿਚ ਪੰਡਤ ਜਵਾਹਰ ਲਾਲ ਨਹਿਰੂ ਤੇ ਉਸਦੇ ਪਰਿਵਾਰ ਨੂੰ ਬੜਾ ਚੇਤੇ ਕੀਤਾ ਹੈ। 'ਦ ਟ੍ਰਿਬਿਊਨ' ਨੇ ਆਪਣੀ ਅਖਬਾਰ ਦੀ ਸੌ ਸਾਲ ਪਹਿਲਾਂ ਵਾਲੀ ਉਹ ਟਿਪਣੀ ਚੁਣੀ ਹੈ ਜਿਸ ਵਿਚ 25 ਅਕਤੂਬਰ 1924 ਨੂੰ ਬਰਤਾਨਵੀ ਹਾਕਮਾਂ ਵਲੋਂ ਅਰਾਜਕਤਾਵਾਦੀ ਕਹਿ ਕੇ ਗ੍ਰਿਫਤਾਰ ਕੀਤੇ 72 ਸੁਤੰਤ੍ਰਤਾ ਸੰਗ੍ਰਾਮੀਆਂ ਦਾ ਜ਼ਿਕਰ ਸੀ। ਉਸ ਸਮੇਂ ਦੇ ਉੱਘੇ ਵਕੀਲ ਪੰਡਤ ਮੋਤੀ ਲਾਲ ਨਹਿਰੂ ਨੇ 72 ਵਿਚੋਂ 60 ਨੂੰ ਆਪਣੀ ਤੇਜਸਵੀ ਦਲੀਲਾਂ ਨਾਲ ਪੱਕੇ ਸਵਰਾਜੀਏ ਸਾਬਤ ਕੀਤਾ ਸੀ ਤੇ ਉਸਦੀ ਸਾਰੇ ਹਿੰਦੁਸਤਾਨ ਵਿਚ ਬੱਲੇ-ਬੱਲੇ ਹੋ ਗਈ ਸੀ।

ਸੇਵਾ ਮੁਕਤ ਏਅਰ ਵਾਈਸ ਮਾਰਸ਼ਲ ਮਨਮੋਹਨ ਬਹਾਦਰ ਦੀ ਟਿੱਪਣੀ ਇਹਦੇ ਨਾਲੋਂ ਵੀ ਭਾਵਪੂਰਤ ਹੈ। ਨੌਂ ਸਾਲ ਦਾ ਮਨਮੋਹਨ ਆਪਣੇ ਹਾਣੀਆਂ ਨਾਲ ਵਿਹੜੇ ਵਿਚ ਖੇਲ ਰਿਹਾ ਸੀ ਕਿ ਅਕਾਸ਼ਵਾਣੀ ਤੋਂ ਪੰਡਤ ਨਹਿਰੂ ਦੇ ਅਕਾਲ ਚਲਾਣੇ ਦੀ ਖਬਰ ਸੁਣ ਕੇ ਉਸਦੇ ਦਾਦਾ, ਦਾਦੀ ਤੇ ਉਨ੍ਹਾਂ ਦੇ ਸਾਥੀ ਜ਼ਾਰ-ਜ਼ਾਰ ਰੋਣ ਲੱਗ ਪਏ ਸਨ। ਏਨੇ ਕਿ ਮਨਮੋਹਨ ਬਹਾਦਰ ਦੇ ਸਾਥੀ ਰੌਲਾ ਰੱਪਾ ਬੰਦ ਕਰ ਕੇ ਇਕ ਦੂਜੇ ਦੇ ਚਿਹਰੇ ਵੇਖਣ ਲੱਗ ਪਏ ਸਨ। ਉਨ੍ਹਾਂ ਨੂੰ ਵੱਡੇ ਵਿਗੋਚੇ ਦੀ ਸਮਝ ਨਹੀਂ ਸੀ ਪੈ ਰਹੀ।

ਏਅਰ ਮਾਰਸ਼ਲ ਨੇ 1962 ਦੀ ਭਾਰਤ ਚੀਨ ਜੰਗ ਦਾ ਹਵਾਲਾ ਦੇ ਕੇ ਇਹ ਵੀ ਲਿਖਿਆ ਸੀ ਕਿ ਇਸ ਜੰਗ ਨੇ ਪੰਡਤ ਨਹਿਰੂ ਨੂੰ ਅੰਦਰੋਂ ਤੋੜ ਦਿਤਾ ਸੀ। ਏਨਾ ਜ਼ਿਆਦਾ ਕਿ ਉਸਦਾ ਬਚਣਾ ਮੁਹਾਲ ਸੀ। ਘਰ ਵਿਚ ਇਹ ਗੱਲ ਆਮ ਹੀ ਹੁੰਦੀ ਰਹਿੰਦੀ ਸੀ। ਫੇਰ ਵੀ ਉਸਦਾ ਤੁਰ ਜਾਣਾ ਬਰਦਾਸ਼ਤ ਨਹੀਂ ਸੀ ਹੋ ਰਿਹਾ। ਮੇਰੇ ਲਈ ਏਅਰ ਮਾਰਸ਼ਲ ਦੇ ਸ਼ਬਦ ਏਨੇ ਪ੍ਰਭਾਵੀ ਸਨ ਕਿ ਮੈਨੂੰ ਵੀ ਉਸ ਦਿਨ ਦਾ ਸਾਰਾ ਬਿਰਤਾਂਤ ਚੇਤੇ ਆ ਗਿਆ। 27 ਮਈ 1964 ਦਾ। ਮਰੇ ਯਾਦ ਦਾ ਸਬੰਧ ਭਾਸ਼ਾ ਵਿਭਾਗ ਪਟਿਆਲਾ ਦੇ ਇੱਕ ਸਮਾਗਮ ਨਾਲ ਹੈ। ਮੈਂ ਪਟਿਆਲਾ ਤੋਂ ਡੀਲਕਸ ਬੱਸ ਰਾਹੀਂ ਦਿੱਲੀ ਜਾ ਰਿਹਾ ਸਾਂ ਕਿ ਰਾਜਪੁਰੇ ਦੇ ਬੱਸ ਅੱਡੇ ਉੱਤੇ ਇਕ ਟਿੱਕਟ ਚੈਕਰ ਨੇ ਬੱਸ ਸੀਟੀ ਦੇ ਕੇ ਰੋਕੀ ਤੇ ਅੰਦਰ ਆ ਕੰਡਕਟਰ ਖਹਿਬੜ ਪਿਆ। ਕੋਈ ਲੰਘੇ ਦਿਨ ਦਾ ਝਗੜਾ ਸੀ। ਚੈੱਕਰ ਇੰਝ ਲੋਹਾ ਲਾਖਾ ਹੋ ਰਿਹਾ ਸੀ ਕਿ ਕੰਡਕਟਰ ਬੋਲਣ ਨਹੀਂ ਸੀ ਦੇ ਰਿਹਾ।

ਮੇਰਾ ਤੇ ਬਾਕੀ ਸਵਾਰੀਆਂ ਦਾ ਖਿਆਲ ਸੀ ਕਿ ਚੈੱਕਰ ਨੇ ਅੰਬਾਲੇ ਉਤਰ ਜਾਣਾ ਹੈ ਪਰ ਸਾਡੀ ਸੋਚ ਦੇ ਉਲਟ ਉਨ੍ਹਾਂ ਦਾ ਝਗੜਾ ਪਹਿਲਾਂ ਵਾਂਗ ਹੀ ਚਲਦਾ ਰਿਹਾ। ਬੱਸ ਦੇ ਤੁਰ ਪੈਣ ਤੋਂ ਪਿੱਛੋਂ ਤੱਕ ਸ਼ਾਹਬਾਦ ਪਹੁੰਚ ਦੋਵੇਂ ਚੁੱਪ ਕਰ ਗਏ। ਸ਼ਾਇਦ ਥੱਕ ਗਏ ਸਨ ਜਾਂ ਸਮਝੌਤਾ ਹੋ ਗਿਆ ਸੀ। ਫੇਰ ਵੀ ਆਪੋ ਵਿਚ ਨਹੀਂ ਸਨ ਬੋਲ ਰਹੇ। ਜਿਵੇਂ ਦੋਵਾਂ ਦੀਆਂ ਦਲੀਲਾਂ ਮੁੱਕ ਗਈਆਂ ਹੋਣ। ਸਵਾਰੀਆਂ ਵੀ ਚੁੱਪ ਸਨ ਤੇ ਉਹ ਵੀ। ਅੰਤਕਾਰ



ਚੈੱਕਰ ਦੇ ਬੋਲ ਸੁਣਾਈ ਦਿੱਤੇ, ਕੰਡਕਟਰ ਨੂੰ ਸੁਣਾ ਕੇ ਆਖੇ, "ਤੈਨੂੰ ਪਤੈ! ਪੰਡਤ ਨਹਿਰੂ ਚੱਲ ਵੱਸੇ ਹਨ?"

ਕੰਡਕਟਰ ਤਾਂ ਕੁਝ ਨਹੀਂ ਬੋਲਿਆ, ਪਰ ਜਦੋਂ ਇਨ੍ਹਾਂ ਬੋਲਾਂ ਦੀ ਭਿਣਕ ਡਰਾਈਵਰ ਦੇ ਕੰਨੀਂ ਪਈ ਤਾਂ ਪਹਿਲਾਂ ਤਾਂ ਉਸਨੇ ਸਪੀਡ ਘੱਟ ਕੀਤੀ ਤੇ ਪੂਰਾ ਯਕੀਨ ਹੁੰਦੇ ਸਾਰ ਬੱਸ ਨੂੰ ਸੜਕ ਤੋਂ ਉਤਾਰ ਕੇ ਖੱਬੇ ਹੱਥ ਖੜ੍ਹੀ ਕਰ ਦਿੱਤਾ। ਉਸਦਾ ਚਿਹਰਾ ਤਾਂ ਸਾਨੂੰ ਦਿਖਾਈ ਨਹੀਂ ਸੀ ਦੇ ਰਿਹਾ ਪਰ ਉਸਨੇ ਚਾਰ ਪੰਜ ਮਿੰਟ ਆਪਣਾ ਸਿਰ ਝੁਕਾਈ ਰੱਖਿਆ ਅਤੇ ਚੈੱਕਰ ਜਾਂ ਕੰਡਕਟਰ ਦੇ ਇਸ਼ਾਰੇ ਤੋਂ ਬਿਨਾ ਹੀ ਬੱਸ ਪਹਿਲਾਂ ਵਾਂਗ ਹੀ ਤੋਰ ਲਈ।

ਸਵਾਰੀਆਂ ਚੁੱਪ ਸਨ ਜਾਂ ਕਿਸੇ ਨਾ ਕਿਸੇ ਰੂਪ ਵਿਚ ਵਿਛੜੀ ਰੂਹ ਦੇ ਗੁਣ ਗਾ ਰਹੀਆਂ ਸਨ। ਚੀਨੀਆਂ ਦੀ ਵਧੀਕੀ ਸਮੇਤ ਜਿਨ੍ਹਾਂ ਨੇ ਪੰਡਤ ਨਹਿਰੂ ਦੀ 'ਹਿੰਦੀ ਚੀਨੀ ਭਾਈ ਭਾਈ' ਵਾਲੀ ਧਾਰਨਾ ਦਾ ਮੁੱਲ ਨਹੀਂ ਸੀ ਪਾਇਆ। ਏਨੀ ਸੁੱਚੀ ਸਿਆਣੀ ਹਸਤੀ ਲੱਕ ਤੋੜ ਦਿੱਤਾ ਸੀ।

ਚੈੱਕਰ ਨੇ ਖ਼ਬਰ ਦੀ ਵਿਆਖਿਆ ਕੀਤੀ। ਪੰਡਤ ਜੀ ਸਵੇਰ ਤੋਂ ਹੀ ਬੇਹੋਸ਼ ਸਨ। ਗੁਰਦਿਆਂ ਦਾ ਨੁਕਸ ਸੀ। ਸਰੀਰ ਦਾ ਇਕ ਪਾਸਾ ਉੱਕਾ ਹੀ ਸੌਂ ਗਿਆ ਸੀ। ਇਕ ਵਾਰੀ ਬੇਹੋਸ਼ ਹੋਣ ਤੋਂ ਪਿੱਛੋਂ ਮੁੜ ਹੋਸ਼ ਨਹੀਂ ਸੀ ਆਈ। ਸਭ ਨੂੰ ਯਕੀਨ ਹੋ ਗਿਆ। ਖ਼ਬਰ ਸੱਚੀ ਸੀ। ਪੰਡਤ ਨਹਿਰੂ ਜਾ ਚੁੱਕਾ ਸੀ। ਸਭ ਦੇ ਚਿਹਰਿਆਂ ਉਤੇ ਮੁੜ੍ਹਕੇ ਦੀਆਂ ਬੂੰਦਾਂ ਸਨ। ਬਾਹਰ ਵੀ ਕਾਫੀ ਧੁੱਪ ਸੀ। ਮਈ ਮਹੀਨੇ ਦੀ ਧੁੱਪ। ਪਰ ਨਹਿਰੂ ਦੇ ਚਲਾਣੇ ਦੀ ਖਬਰ ਨੇ ਧੁੱਪ ਦੀ ਚੋਭ ਖਤਮ ਕਰ ਕੇ ਸਾਰਿਆਂ ਨੂੰ ਬੋਲਣ ਲਾ ਦਿੱਤਾ ਸੀ: "ਵੱਡੀ ਅਕਲ ਦਾ ਮਾਲਕ ਸੀ। ਖੁਦੀ ਦਾ ਕਦਰਦਾਨ। ਰੂਸ ਤੇ ਅਮਰੀਕਾ ਨੂੰ ਸਾਵਾਂ ਤੋਲਣ ਵਾਲਾ, ਕੋਈ ਨਹੀਂ ਸੀ ਜੰਮਿਆਂ ਉਸ ਤੋਂ ਬਿਨਾ।"

ਬੱਸ ਦੀ ਹਰ ਸਵਾਰੀ ਮਾਪੇ ਤੋਲੇ ਸ਼ਬਦ ਬੋਲ ਰਹੀ ਸੀ। ਉਨ੍ਹਾਂ ਦੇ ਬੋਲਾਂ ਵਿਚ ਸੱਚ ਸੀ ਤੇ ਗਲੇ ਵਿੱਚ ਗਚ।

ਪੰਡਤ ਨਹਿਰੂ ਦੇ ਠਰ੍ਹੰਮੇ ਦੀ ਗੱਲ ਤੁਰੀ ਤਾਂ ਇੱਕ ਪਤਵੰਤੇ ਸੱਜਣ ਨੇ ਚੀਨ ਦੇ ਹਮਲੇ ਦੀ ਗੱਲ ਛੇੜ ਲਈ, ਹਾਲਤ ਏਨੀ ਪਤਲੀ ਸੀ ਕਿ ਬੁੱਧੀਜੀਵੀ ਤੇ ਰਾਜਨੀਤੀਵਾਨ ਆਸਾਮ ਨੂੰ ਵੀ ਚੀਨ ਦੇ ਕਬਜ਼ੇ ਵਿਚ ਆਇਆ ਮਿਥੀ ਬੈਠੇ ਸਨ। ਕਈਆਂ ਦਾ ਖਿਆਲ ਸੀ ਕਿ ਨਹਿਰੂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ।

ਪਰ ਨਹਿਰੂ ਜੀ ਸਨ ਕਿ ਟੱਸ ਤੋਂ ਮੱਸ ਨਹੀਂ ਸਨ ਹੋਏ। ਉਨ੍ਹਾਂ ਦੇ ਬਿਆਨਾਂ ਵਿਚ ਦੁੱਖ ਸੀ ਮਨ ਉਤੇ ਚੀਨੀ ਹਮਲੇ ਦਾ ਬੋਝ ਸੀ ਪਰ ਸ਼ਬਦਾਂ ਵਿਚ ਠਰ੍ਹਮਾ ਸੀ। ਉਨ੍ਹਾਂ ਕੇਵਲ ਏਨਾ ਹੀ ਕਿਹਾ ਸੀ ਕਿ ਚੀਨ ਨੇ ਠੀਕ ਨਹੀਂ ਸੀ ਕੀਤਾ ਤੇ ਭਾਰਤੀ ਫ਼ੌਜਾਂ ਯੋਗ ਮੁਕਾਬਲਾ ਕਰ ਰਹੀਆਂ ਸਨ। ਨਹਿਰੂ ਜੀ ਨੇ ਭਾਰਤੀਆਂ ਨੂੰ ਵਿਤਕਰੇ ਛੱਡ ਕੇ ਇਕ ਮੁੱਠ ਰਹਿਣ ਦੀ ਅਪੀਲ ਕੀਤੀ। ਇਕੱਠੇ ਰਹਿਣ ਦੀ ਅਪੀਲ ਕਰਦੇ ਰਹੇ। ਹੌਲੀ-ਹੌਲੀ ਹਾਲਤ ਕਾਬੂ ਵਿਚ ਆ ਗਈ। ਨਹਿਰੂ ਜੀ ਪ੍ਰਧਾਨ ਮੰਤਰੀ ਬਣੇ ਰਹੇ। ਉਨ੍ਹਾਂ ਵਿਚ ਬੜਾ ਹੌਸਲਾ ਸੀ। ਗੱਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਸਾਡੀ ਬੱਸ ਨੂੰ ਲੋਕਾਂ ਦੀ ਬਹੁਤ ਵੱਡੀ ਭੀੜ ਨੇ ਰੋਕ ਲਿਆ। ਮੈਂ ਬਾਹਰ ਵੇਖਿਆ ਤਾਂ ਅਸੀਂ ਸ਼ਾਹਬਾਦ ਵਿਚੋਂ ਲੰਘ ਰਹੇ ਸਾਂ। ਬਹੁਤ ਸਾਰੇ ਲੋਕ ਜਲੂਸ ਦੇ ਰੂਪ ਵਿਚ ਸੜਕ ਉਤੇ ਤੁਰ ਰਹੇ ਸਨ। ਬੱਸ ਪਹਿਲੋਂ ਹੀ ਲੇਟ ਸੀ ਡਰਾਈਵਰ ਵਧੇਰੇ ਲੇਟ ਨਹੀਂ ਸੀ ਕਰਨੀ ਚਾਹੁੰਦਾ। ਉਸ ਨੇ ਭੀੜ ਨੂੰ ਹਟਾਉਣ ਲਈ ਹੌਰਨ ਦਿਤਾ। ਪਰ ਭੀੜ ਨੇ ਇਹ ਗੱਲ ਪਸੰਦ ਨਹੀਂ ਸੀ ਕੀਤੀ। ਉਨ੍ਹਾਂ ਨੇ ਰਲ ਕੇ ਬੱਸ ਰੋਕ ਲਈ।

'ਨਹਿਰੂ ਜੀ ਮਰ ਗਏ ਤੂੰ ਹੌਰਨ ਵਜਾਉਂਦੈ।" ਸਾਰੀ ਭੀੜ ਸਿੱਖ ਡਰਾਈਵਰ ਦੇ ਗਲ ਪੈ ਗਈ। ਡਰਾਈਵਰ ਹੌਰਨ ਦਾ ਕਾਰਨ ਸਮਝਾਉਣ ਦਾ ਯਤਨ ਕਰ ਰਿਹਾ ਸੀ ਪਰ ਕੋਈ ਸੁਣਦਾ ਵਿਖਾਈ ਨਹੀਂ ਸੀ ਦਿੰਦਾ। ਕੁਝ ਹੱਥ ਅਤੇ ਬਾਹਾਂ ਡਰਾਈਵਰ ਵਾਲੀ ਸੀਟ ਦੇ ਨੇੜੇ ਪਹੁੰਚ ਕੇ ਡਰਾਈਵਰ ਨੂੰ ਥੱਲੇ ਲਾਹੁਣ ਦਾ ਯਤਨ ਕਰਨ ਲੱਗੀਆਂ।

ਅਸੀਂ ਹਰਿਆਣਾ ਵਿਚੋਂ ਲੰਘ ਰਹੇ ਸਾਂ। ਪੰਜਾਬੀ ਸੂਬਾ ਹਾਲੀ ਨਹੀਂ ਸੀ ਬਣਿਆ ਪਰ ਪੰਜਾਬੀ ਤੇ ਹਿੰਦੀ ਬੋਲਦੇ ਇਲਾਕਿਆਂ ਵਿਚ ਤਣਾਅ ਜ਼ੋਰਾਂ ਉਤੇ ਸੀ। ਹਿੰਦੀ ਬੋਲਦੇ ਇਲਾਕੇ ਸਿੱਖਾਂ ਨੂੰ ਵੇਖ ਨਹੀਂ ਸਨ ਸੁਖਾਂਦੇ। ਏਸ ਇਲਾਕੇ ਵਿਚ ਬੈਠੇ ਸਿੱਖ ਪਾਕਿਸਤਾਨ ਤੋਂ ਬੇਘਰ ਹੋ ਕੇ ਆਏ ਸਨ। ਉਹ ਮੁੜ ਬੇਘਰ ਨਹੀਂ ਸੀ ਹੋਣਾ ਚਾਹੁੰਦੇ। ਉਨ੍ਹਾਂ ਅੱਗੇ ਹੀ ਬੜਾ ਜਾਨੀ ਤੇ ਮਾਲੀ ਨੁਕਸਾਨ ਬਰਦਾਸ਼ਤ ਕੀਤਾ ਸੀ। ਉਹ ਪੰਜਾਬੀ ਸੂਬੇ ਤੋਂ ਬਾਹਰ ਨਹੀਂ ਸੀ ਰਹਿਣਾ ਚਾਹੁੰਦੇ।

ਇਸ ਤਣਾਓ ਕਾਰਨ ਹਰਿਆਣਾ ਦੇ ਜਾਟ ਤੇ ਹਿੰਦੂ, ਸਿੱਖਾਂ ਨਾਲ ਝਗੜਾ ਕਰਨ ਲਈ ਸਦਾ ਤਿਆਰ ਰਹਿੰਦੇ ਸਨ। ਸਿੱਖ ਲੋਕ ਬੋਲੀ ਦੇ ਬਹਾਨੇ ਹਰਿਆਣੇ ਵਾਲਿਆਂ ਨੂੰ ਨਿਗਲ ਜਾਣਾ ਚਾਹੁੰਦੇ ਸਨ, ਉਨ੍ਹਾਂ ਦਾ ਖ਼ਿਆਲ ਸੀ। ਇਲਾਕੇ ਦੇ ਵਸਨੀਕ ਸਿੱਖ ਡਰਾਈਵਰ ਨੂੰ ਹੌਰਨ ਵਜਾਉਣ ਦੇ ਦੋਸ਼ ਵਿਚ ਥੱਲੇ ਆਉਣ ਲਈ ਵੰਗਾਰ ਰਹੇ ਸਨ। ਦੇਸ਼ ਦਾ ਰਾਖਾ ਮਰ ਗਿਆ ਸੀ ਤੇ ਇਹ ਡਰਾਈਵਰ ਹੌਰਨ ਵਜਾ ਮਾਤਮੀ ਜਲੂਸ ਵਿਚ ਵਿਘਨ ਪਾ ਰਿਹਾ ਸੀ। ਉਹ ਕਹਿ ਰਹੇ ਸਨ। ਬੱਸ ਵਿਚ ਚਾਰ-ਛੇ ਸਿੱਖ ਸਨ। ਕਿਵੇਂ ਬਚਾ ਸਕਦੇ ਸਨ। ਪਰ ਗ਼ਲਤ ਗੱਲ ਹੁੰਦੀ ਵੇਖ ਅੰਦਰ ਬੈਠੇ ਰਹਿਣਾ ਵੀ ਜ਼ੁਲਮ ਸੀ। ਖ਼ਾਸ ਕਰਕੇ ਉਦੋਂ ਜਦੋਂ ਕਿ ਮੈਂ ਸਿੱਖ ਡਰਾਈਵਰ ਦਾ ਨਹਿਰੂ ਦੀ ਮੌਤ ਦੀ ਖ਼ਬਰ ਪਿਛੋਂ ਸੁਭਾਵਕ ਹੀ ਬੱਸ ਖੜ੍ਹੀ ਕਰਨ ਵਾਲਾ ਸਤਿਕਾਰ ਤੇ ਦੁੱਖ ਭਰਿਆ ਅਮਲ ਦੇਖ ਚੁੱਕਾ ਸਾਂ।

ਜਲੂਸ ਵਿਚ ਕੁਝ ਸਿੱਖ ਵੀ ਸਨ। ਉਨ੍ਹਾਂ ਤੋਂ ਹੌਂਸਲਾ ਲੈ ਕੇ ਮੈਂ ਥੱਲੇ ਉਤਰ ਡਰਾਈਵਰ ਦੀ ਸੀਟ ਵੱਲ ਨੂੰ ਵਧਿਆ। ਕੀ ਵੇਖਦਾ ਹਾਂ ਕਿ ਸਿੱਖ ਡਰਾਈਵਰ ਨਾਲ ਟੱਕਰ ਲੈ ਰਹੀ ਭੀੜ ਦਾ ਆਗੂ ਖ਼ੁਦ ਸਿੱਖ ਸੀ। ਉਸ ਨੂੰ ਮਾਤਮੀ ਜਲੂਸ ਦੀ ਮੌਨ ਯਾਤਰਾ ਵਿਚ ਸਾਡੀ ਬੱਸ ਦੇ ਹੌਰਨ ਦਾ ਵਿਘਨ ਠੀਕ ਨਹੀਂ ਸੀ ਲਗਿਆ।

"ਅਜਿਹੇ ਸੰਕਟ ਦੀ ਘੜੀ ਹੌਰਨ ਦਾ ਕੀ ਕੰਮ" ਉਹ ਭੀੜ ਨੂੰ ਆਪਣੇ ਗੁੱਸੇ ਦਾ ਕਾਰਨ ਸਮਝਾਉਂਦਾ ਹੋਇਆ ਡਰਾਈਵਰ ਨੂੰ ਥੱਲੇ ਵਲ ਖਿਚ ਰਿਹਾ ਸੀ। ਇਹ ਗੱਲ ਉਸ ਦੇ ਚਿੱਤ ਚੇਤੇ ਵੀ ਨਹੀਂ ਸੀ ਜਾਪਦੀ ਕਿ ਉਸ ਨੇ ਦੇਸ਼ ਦੀ ਵੰਡ ਦੇ ਦਿਨਾਂ ਵਿਚ ਏਨਾ ਹਾਣ ਸਿਹਾ ਸੀ। ਉਸ ਨੂੰ ਵੰਡ ਦੇ ਦੁੱਖ ਭੁੱਲ ਚੁੱਕੇ ਸਨ ਤੇ ਆਜ਼ਾਦੀ ਦੀ ਹਵਾ ਦਾ ਸੁਆਦ ਪੈ ਚੁੱਕਾ ਸੀ। ਸੁਤੰਤਰਤਾ ਦੀ ਪੌਣ ਨੇ ਉਸ ਨੂੰ ਸਭ ਦੁਖ ਭੁਲਾ ਦਿਤੇ ਸਨ। ਤੇ ਪੰਡਤ ਨਹਿਰੂ ਸੁਤੰਤਰਤਾ ਦਾ ਥੰਮ੍ਹ ਸੀ। ਅੱਜ ਉਹ ਥੰਮ੍ਹ ਢਹਿ ਪਿਆ ਸੀ।

ਏਥੇ ਕਿਸੇ ਪਾਸੇ ਦਾ ਪੱਖ ਲੈਣ ਦੀ ਲੋੜ ਨਹੀਂ ਸੀ। ਗੁੰਜਾਇਸ਼ ਵੀ ਨਹੀਂ, ਅਤੇ ਨਾ ਹੀ ਕਿਸੇ ਅਣਹੋਣੀ ਘਟਨਾ ਦਾ ਡਰ। ਦੋਹਾਂ ਧਿਰਾਂ ਦਾ ਗੁੱਸਾ ਘਟ ਰਿਹਾ ਸੀ। ਮੈਂ ਉਨ੍ਹੀਂ ਪੈਰੀਂ ਆਪਣੀ ਸੀਟ ਉਤੇ ਵਾਪਸ ਆ ਗਿਆ।

ਮੇਰੀ ਗੱਲ ਤਾਂ ਧੱਕੇ ਨਾਲ ਅੱਗੇ ਆ ਗਈ ਹੈ। ਟ੍ਰਿਬਿਊਨ ਅਖਬਾਰ ਦੀ ਵੀ ਮਜਬੂਰੀ ਸੀ ਕਿ ਉਨ੍ਹਾਂ ਨੇ ਸੌ ਸਾਲ ਪਹਿਲਾਂ ਦੀ ਆਪਣੀ ਖਬਰ ਚਮਕਾਉਣੀ ਸੀ ਪਰ ਮੇਰੇ ਦੇਸ਼ ਦਾ ਪ੍ਰਧਾਨ ਮੰਤਰੀ 'ਪੂਰੀ ਨਿਮਰਤਾ' ਨਾਲ ਆਪਣੇ ਹਰ ਭਾਸ਼ਣ ਵਿਚ ਨਹਿਰੂ ਖਾਨਦਾਨ ਨੂੰ ਸ਼ਾਹੀ ਪਰਿਵਾਰ ਤੇ ਰਾਹੁਲ ਗਾਂਧੀ ਨੂੰ ਸ਼ਹਿਜ਼ਾਦਾ ਕਹਿ ਕੇ 'ਨਿਵਾਜ' ਰਿਹਾ ਸੀ।

**ਅੰਤਿਕਾ**

ਰਾਵੀ ਪਾਰੋਂ ਬੁਸ਼ਰਾ ਏਜਾਜ਼॥

ਮੈਂ ਰੋਈ ਮੈਂ ਰੱਜ ਕੇ ਰੋਈ, ਮੈਨੂੰ ਕਿਤੇ ਨਾ ਆਵੇ ਕੱਲ੍ਹ।

ਮੈਂ ਉਧੜੀ ਜਾਵਾਂ ਅੰਦਰੋਂ, ਮੇਰੀ ਲਹਿੰਦੀ ਜਾਵੇ ਖੱਲ।

ਨੀ ਤੱਤੀਏ ਹਿਜਰ ਦੁਪਹਿਰੇ, ਹੁਣ ਮੇਰੇ ਪਾਸਿਓਂ ਟਲ।

ਆ ਵਿਹੜੇ ਚੰਦਾ ਮੇਰਿਆ, ਮੇਰੀ ਜ਼ੁਲਫਾਂ ਦੇ ਵਿੱਚ ਰਲ।

# ਚੇਤਿਆਂ ਵਿਚ ਵਸਿਆ ਕੁਲਦੀਪ ਮਾਣਕ

ਕੁਲਦੀਪ ਧਨੌਲਾ
ਫੋਨ: 94642-91023

ਪੰਜਾਬੀ ਲੋਕ ਗਾਇਕੀ ਦੇ ਮਾਣ ਕੁਲਦੀਪ ਮਾਣਕ ਬਾਰੇ ਨਵੰਬਰ ਦਾ ਮਹੀਨਾ ਖੁਸ਼ੀ ਅਤੇ ਗ਼ਮੀ ਦਾ ਅਹਿਸਾਸ ਕਰਵਾਉਂਦਾ ਹੈ, ਕਿਉਂਕਿ ਇਸੇ ਮਹੀਨੇ ਦੀ 15 ਤਾਰੀਖ 1951 ਨੂੰ ਉਹਨੇ ਪਿੰਡ ਜਲਾਲ (ਜ਼ਿਲ੍ਹਾ ਬਠਿੰਡਾ) ਵਿਚ ਪਹਿਲੀ ਕਿਲਕਾਰੀ ਮਾਰੀ ਸੀ ਤੇ ਇਸੇ ਮਹੀਨੇ ਦੀ 30 ਤਾਰੀਖ਼ 2011 ਨੂੰ ਉਹ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ ਤੇ ਆਖ਼ਰ ਜਿਹੜੀ ਪਿੰਡ ਜਲਾਲ ਦੀ ਮਿੱਟੀ ਵਿਚ ਉਹ ਖੇਡਿਆ-ਕੁੱਦਿਆ ਤੇ ਉਸੇ ਮਿੱਟੀ ਵਿਚ ਹੀ ਸਪੁਰਦ-ਏ-ਖ਼ਾਕ ਹੋ ਗਿਆ।

ਉਸਦੇ ਪਿਤਾ ਦਾ ਨਾਂ ਨਿੱਕਾ ਸਿੰਘ ਅਤੇ ਮਾਤਾ ਦਾ ਨਾਂ ਬਚਨ ਕੌਰ ਸੀ। ਮਾਣਕ ਦਾ ਅਸਲੀ ਨਾਂ ਮੁਹੰਮਦ ਲਤੀਫ਼ ਸੀ। ਗਾਇਕੀ ਉਸਨੂੰ ਵਿਰਸੇ ਵਿਚੋਂ ਮਿਲੀ ਕਿਉਂਕਿ ਤਾਇਆ ਸੂਬਾ ਸਿੰਘ ਪਿੰਡ ਦੇ ਗੁਰਦੁਆਰੇ ਹਜ਼ੂਰੀ ਰਾਗੀ ਸਨ, ਪਿਤਾ ਨਿੱਕਾ ਸਿੰਘ ਵੀ ਕੀਰਤਨ ਸਮੇਂ ਉਨ੍ਹਾਂ ਦਾ ਸਾਥ ਦਿੰਦੇ ਸਨ। ਬਚਪਨ ਤੋਂ ਹੀ ਉਨ੍ਹਾਂ ਨਾਲ ਹਰ ਪ੍ਰੋਗਰਾਮ ਭਾਵ ਕੀਰਤਨ, ਪਾਠ, ਅਨੰਦ ਕਾਰਜ ਆਦਿ ਵਿਚ ਮੁਹੰਮਦ ਲਤੀਫ਼ ਵੀ ਹਿੱਸਾ ਲੈਣ ਲੱਗ ਪਿਆ। ਸਕੂਲ ਵਿਚ ਹੋਣ ਵਾਲੇ ਪ੍ਰੋਗਰਾਮਾਂ ਵਿਚ ਵੀ ਪਿੱਛੇ ਨਾ ਰਹਿੰਦਾ। ਮਾਸਟਰ ਕਸ਼ਮੀਰ ਸਿੰਘ ਵਲਟੋਹਾ ਨੇ ਵਧੀਆ ਆਵਾਜ਼ ਦੇਖ ਕੇ ਹੌਸਲਾ ਅਫ਼ਜਾਈ ਕੀਤੀ ਤੇ ਜਿਉਂ ਜਿਉਂ ਜਮਾਤਾਂ ਚੜ੍ਹਦਾ ਗਿਆ, ਗਾਇਕੀ ਵਿਚ ਵੀ ਹੌਸਲੇ ਬੁਲੰਦ ਹੁੰਦੇ ਗਏ। ਗਾਇਕੀ ਵੱਲ ਰੁਝਾਨ ਜ਼ਿਆਦਾ ਹੋਣ ਕਾਰਨ ਪੜ੍ਹਾਈ ਵਿਚ ਪਛੜਦਾ ਗਿਆ, ਜਿਸ ਕਾਰਨ ਬਹੁਤੀ ਪੜ੍ਹਾਈ ਨਾ ਕਰ ਸਕਿਆ।

ਆਪਣੀ ਕਲਾ ਨੂੰ ਪ੍ਰਪੱਕ ਕਰਨ ਲਈ ਉਸਨੂੰ ਕਿਸੇ ਕਾਮਲ ਮੁਰਸ਼ਦ ਦੀ ਜ਼ਰੂਰਤ ਮਹਿਸੂਸ ਹੋਈ। ਸੋ ਇਸ ਕਮੀ ਨੂੰ ਪੂਰਾ ਕਰਨ ਲਈ ਉਹ ਖੁਸ਼ੀ ਮੁਹੰਮਦ ਫਿਰੋਜ਼ਪੁਰ ਵਾਲਿਆਂ ਦੇ ਚਰਨੀਂ ਜਾ ਲੱਗਿਆ। ਉਨ੍ਹਾਂ ਕੋਲ ਰਹਿ ਕੇ ਸੰਗੀਤ ਬਾਰੇ ਜਾਣਿਆਂ। ਆਪਣੀ ਮਿਹਨਤ ਤੇ ਲਗਨ ਅਤੇ ਉਸਤਾਦ ਦੀਆਂ ਰਹਿਮਤਾਂ ਸਦਕਾ ਉਸ ਦੀ ਝੋਲੀ ਭਰ ਗਈ।ਹਾਲੇ ਉਹ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਇਕ ਵਾਰੀ ਪਿੰਡ ਦੇ ਖੇਡ ਮੇਲੇ 'ਤੇ ਸਵਰਗੀ ਸ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਆਏ। ਲਤੀਫ਼ ਨੇ ਸਟੇਜ 'ਤੇ ਗੀਤ ਗਾਇਆ। ਕੈਰੋਂ ਸਾਹਿਬ ਬੇਹੱਦ ਖੁਸ਼ ਹੋਏ। ਚਾਲੀ ਰੁਪਏ ਇਨਾਮ ਦੇ ਕੇ ਪਿੱਠ ਥਾਪੜਦੇ ਹੋਏ ਸਟੇਜ ਤੋਂ ਕਿਹਾ ਕਿ ਇਹ ਤਾਂ ਪੰਜਾਬ ਦਾ 'ਮਾਣਕ' ਹੈ। ਉਸ ਸਮੇਂ ਤੋਂ ਕੁਲਦੀਪ ਦੇ ਨਾਂ ਨਾਲ ਮਾਣਕ ਜੁੜ ਗਿਆ ਅਤੇ ਉਹ ਬਣ ਗਿਆ ਕੁਲਦੀਪ ਮਾਣਕ।

ਆਪਣੀ ਕਿਸਮਤ ਅਜ਼ਮਾਉਣ ਲਈ ਚੜ੍ਹਦੀ ਉਮਰ ਵਿਚ ਹੀ ਮਾਣਕ ਗਾਇਕਾਂ ਦੇ ਮੱਕੇ ਲੁਧਿਆਣੇ ਆ ਗਿਆ। ਏਥੇ ਉਸ ਸਮੇਂ ਦੇ ਚੋਟੀ ਦੇ ਗਾਇਕ ਹਰਚਰਨ ਗਰੇਵਾਲ ਦੇ ਗਰੁੱਪ ਵਿਚ ਬਤੌਰ ਢੋਲਕ ਮਾਸਟਰ ਸ਼ਾਮਲ ਹੋ ਗਿਆ। ਪੈਰ ਜਮਾਉਣ ਲਈ ਬਹੁਤ ਸੰਘਰਸ਼ ਕੀਤਾ, ਭਾਂਡੇ ਮਾਂਜਣੇ ਪਏ, ਭੁੰਜੇ ਸੌਣਾ ਪਿਆ, ਫਾਕੇ ਕੱਟਣੇ ਪਏ ਤੇ ਨੀਂਦਾਂ ਝਾਗਣੀਆਂ ਪਈਆਂ। ਅਖ਼ੀਰ ਮਿਹਨਤ ਰੰਗ ਲਿਆਈ ਹਰਚਰਨ ਗਰੇਵਾਲ ਤੇ ਸੀਮਾ ਦੀ ਰਿਕਾਰਡਿੰਗ ਸੀ। ਮਾਣਕ ਸਮੇਤ ਸਾਰਾ ਗਰੁੱਪ ਐਚ.ਐਮ.ਵੀ. ਕੰਪਨੀ ਦੇ ਦਫ਼ਤਰ ਦਿੱਲੀ ਪਹੁੰਚਿਆ। ਲਾਅਨ ਵਿਚ ਆਪਣੀ ਧੁਨ ਵਿਚ ਮਸਤ ਮਾਣਕ ਕੋਈ ਗੀਤ ਗਾ ਰਿਹਾ ਸੀ, ਜਿਸਨੂੰ ਕੋਲੋਂ ਲੰਘਦੇ ਰਿਕਾਰਡਿੰਗ ਅਫਸਰ ਨੇ ਸੁਣ ਲਿਆ ਅਤੇ ਰਿਕਾਰਡਿੰਗ ਲਈ ਕਿਹਾ। ਇਸ ਤਰ੍ਹਾਂ ਮਾਣਕ ਦੀ ਪਹਿਲੀ ਰਿਕਾਰਡਿੰਗ ਸੁਰਿੰਦਰ ਸੀਮਾ ਨਾਲ 'ਲੌਂਗ ਕਰਾ ਮਿੱਤਰਾ, ਮਛਲੀ ਪਾਉਣਗੇ ਮਾਪੇ' ਅਤੇ 'ਜੀਜਾ ਅੱਖੀਆਂ ਨਾ ਮਾਰ, ਵੇ ਮੈਂ ਕੱਲ੍ਹ ਦੀ ਕੁੜੀ' ਇਹ 1968 ਦੀ ਗੱਲ ਹੈ। ਕੁਝ ਦੇਰ ਬਾਅਦ ਉਸ ਨੇ ਸਤਿੰਦਰ ਬੀਬਾ ਨਾਲ ਜੋੜੀ ਬਣਾ ਕੇ ਪ੍ਰੋਗਰਾਮ



ਕਰਨੇ ਸ਼ੁਰੂ ਕਰ ਦਿੱਤੇ। ਦੋਵਾਂ ਦੀ ਆਵਾਜ਼ ਵਿਚ ਦੋਗਾਣਿਆਂ ਦੀ ਰਿਕਾਰਡਿੰਗ ਵੀ ਹੋਈ।

ਗੀਤਕਾਰ ਹਰਦੇਵ ਦਿਲਗੀਰ (ਦੇਵ ਥਰੀਕਿਆਂ ਵਾਲਾ) ਦੇ ਕੰਨੀਂ ਜਦੋਂ ਮਾਣਕ ਦੀ ਆਵਾਜ਼ ਪਈ ਤਾਂ ਉਹਨੇ ਮਹਿਸੂਸ ਕੀਤਾ ਕਿ ਇਹ ਆਵਾਜ਼ ਲੋਕ ਗਾਥਾਵਾਂ ਲਈ ਚੱਲ ਸਕਦੀ ਹੈ। ਹਰਦੇਵ ਦਿਲਗੀਰ ਦੀਆਂ ਲਿਖੀਆਂ ਲੋਕ ਗਾਥਾਵਾਂ ਨੂੰ ਮਾਣਕ ਨੇ ਰਿਹਰਸਲ ਕਰਕੇ ਗਾਉਣਾ ਸ਼ੁਰੂ ਕਰ ਦਿੱਤਾ। ਐਚ.ਐਮ.ਵੀ. ਕੰਪਨੀ ਨੇ 1973 ਵਿਚ ਉਹਦੀਆਂ ਗਾਈਆਂ ਲੋਕ ਗਾਥਾਵਾਂ ਦਾ ਰਿਕਾਰਡ ਕੱਢਿਆ, ਜਿਸ ਵਿਚ ਦੁੱਲਾ, ਜੈਮਲ ਫੱਤਾ, ਪੂਰਨ ਤੇ ਰਸਾਲੂ ਦੀਆਂ ਗਾਥਾਵਾਂ ਸਨ। 'ਦੁੱਲਿਆ ਵੇ ਟੋਕਰਾ ਚੁਕਾਈਂ ਆਣ ਕੇ', 'ਆਖੇ ਅਕਬਰ ਬਾਦਸ਼ਾਹ, ਸੱਦ ਜੈਮਲ ਨੂੰ ਦਰਬਾਰ' ਦੇ ਬੋਲ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਏ ਅਤੇ ਨਾਲ ਹੀ ਮਾਣਕ ਦਾ ਨਾਂ ਵੀ। ਅਗਲੇ ਵਰ੍ਹੇ ਹੀ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਆ ਹੀਰ ਦੀ' ਐਲ.ਪੀ. ਨੇ ਤਾਂ ਮਾਣਕ ਤੇ ਦੇਵ ਥਰੀਕਿਆਂ ਵਾਲੇ ਦੀ ਜੋੜੀ ਨੂੰ ਅਸਮਾਨੀਂ ਚੜ੍ਹਾ ਦਿੱਤਾ।

ਲੋਕ ਗਾਥਾਵਾਂ ਤੋਂ ਇਲਾਵਾ ਮਾਣਕ ਦੀ ਆਵਾਜ਼ ਵਿਚ ਅਨੇਕਾਂ ਦੂਸਰੇ ਸੋਲੋ ਗੀਤ ਵੀ ਰਿਕਾਰਡ ਹੋਏ। ਜਦੋਂ ਉਹ ਦੋਗਾਣਿਆਂ ਵੱਲ ਹੋਇਆ ਤਾਂ ਓਧਰ ਵੀ ਗੁੱਡੀ ਅਸਮਾਨੀਂ ਚਾੜ੍ਹ ਦਿੱਤੀ। ਸਤਿੰਦਰ ਬੀਬਾ ਨਾਲ ਈ.ਪੀ. ਤਵੇ ਵਿਚ 'ਕਾਲੀ ਗਾਨੀ ਮਿੱਤਰਾਂ ਦੀ' ਮਾਣਕ ਦੀ ਗਾਇਕੀ ਦਾ ਸਿਖ਼ਰ ਹੋ ਨਿਬੜਿਆ। ਕੈਪਕੋ ਇੰਟਰਨੈਸ਼ਨਲ ਕੰਪਨੀ ਦਿੱਲੀ ਨੇ ਮਾਣਕ ਅਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿਚ ਰਿਕਾਰਡਿੰਗ ਕੀਤੀ, ਜਿਸ ਵਿਚਲੇ ਦੋਗਾਣੇ 'ਘਰੇਂ ਚੱਲ ਕੱਢੂੰ ਰੜਕਾਂ', 'ਜੱਟੀਏ ਜੇ ਹੋ ਗੀ ਸਾਧਣੀ' ਨੇ ਤਾਂ ਕਾਮਯਾਬੀ ਦੇ ਝੰਡੇ ਹੀ ਗੱਡ ਦਿੱਤੇ। ਬਾਅਦ ਵਿਚ ਐਚ.ਐਮ.ਵੀ. ਕੰਪਨੀ ਨੇ ਵੀ ਇਨ੍ਹਾਂ ਗੀਤਾਂ ਦਾ ਇੱਕ ਐਲ.ਪੀ. ਰਿਲੀਜ਼ ਕੀਤਾ। ਇਨ੍ਹਾਂ ਤੋਂ ਬਿਨਾਂ ਮਾਣਕ ਦੇ ਅਮਰਜੋਤ, ਪਰਮਿੰਦਰ ਸੰਧੂ, ਕੁਲਦੀਪ ਕੌਰ, ਗੁਲਸ਼ਨ ਕੋਮਲ, ਸਤਿੰਦਰ ਬੀਬਾ, ਸੁਚੇਤ ਬਾਲਾ, ਕੁਲਦੀਪ ਕੌਰ, ਪਰਮਿੰਦਰ ਸੰਧੂ ਨਾਲ ਸਟੇਜਾਂ 'ਤੇ ਵੀ ਗਾਇਆ।

* ਨਾਲੇ ਬਾਬਾ ਲੱਸੀ ਪੀ ਗਿਆ, ਨਾਲੇ ਦੇ ਗਿਆ ਦੁਆਨੀ ਖੋਟੀ
* ਕਾਲੀ ਗਾਨੀ ਮਿੱਤਰਾਂ ਦੀ ਰਾਤੀਂ ਟੁੱਟ ਗੀ ਨੀਂਦ ਨਾ ਆਈ
* ਕਿਸੇ ਦੇ ਨਾਲ ਨਹੀਂ ਤੋਰਨੀ
* ਚਿੱਤ ਕਰੇ ਹੋ ਜਾ ਸਾਧਣੀ
* ਬਣ ਠਣ ਕੇ ਤੂੰ ਕੱਤਣ ਬੈਠਗੀ
* ਮਛਲੀ ਦਾ ਪੱਤ ਬਣ ਕੇ
* ਤੁਰੇ ਮੋਰਨੀ ਦੀ ਤੋਰ ਜੱਟੀ ਮੋਰਨੀ
* ਮੱਖਣਾ ਮੱਖਣਾ ਕਰਦੀ ਦਾ ਮੇਰਾ ਮੂੰਹ ਵੇ ਸੁਕਦਾ ਰਹਿੰਦਾ
* ਹਾਲੀ ਨੇ ਮਖੌਲ ਕਰਦੇ, ਤੇਰੀ ਆਈ ਨਾ ਦਲੀਪਿਆ ਪਿਆਰੀ
* ਵੇ ਜਦੋਂ ਬੰਤੋ ਰੇਲ ਚੜ੍ਹਗੀ, ਮੁੰਡੇ ਰੋਣਗੇ ਰੁਮਾਲਾਂ ਵਾਲੇ
* ਇਕ ਵੀਰ ਦੇਈਂ ਵੇ ਰੱਬਾ
* ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ
* ਹੋਇਆ ਕੀ ਜੇ ਧੀ ਜੰਮ ਪਈ
* ਗੋਲੀ ਮਾਰੋ ਏਹੋ ਜੇ ਬਣਾਉਟੀ ਯਾਰ ਦੇ
* ਅੱਖਾਂ 'ਚ ਨਾਜਾਇਜ਼ ਵਿਕਦੀ
* ਮੇਰੀ ਰੰਗਲੀ ਚਰਖੀ
* ਚੰਨਾ ਮੈਂ ਤੇਰੀ ਖੈਰ ਮੰਗਦੀ
* ਸੌਖਾ ਨਹੀਓਂ ਯਾਰ ਲੱਭਣਾ
* ਕਰ ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ
* ਵਾਹਿਗੁਰੂ ਨਾਮ ਜਹਾਜ਼ ਹੈ
* ਪਿਆ ਸੀਸ ਉਤੇ ਚਲਦਾ ਆਰਾ ਵੇਖਿਆ
* ਸਿੰਘ ਸੂਰਮਾ ਸੀਸ ਤਲੀ 'ਤੇ ਤੋਲੀ ਜਾਂਦਾ ਏ
* ਲੈ ਕੇ ਕਲੀਗੀਧਰ ਤੋਂ ਥਾਪੜਾ, ਦਿੱਤਾ ਚਰਨੀਂ ਸੀਸ ਨਿਵਾ
* ਛੇਤੀ ਕਰ ਸਰਵਣ ਬੱਚਾ, ਪਾਣੀ ਪਿਆ ਦੇ ਓਏ
* ਜੀ.ਟੀ. ਰੋਡ 'ਤੇ ਦੁਹਾਈਆਂ ਪਾਵੇ, ਯਾਰਾਂ ਦਾ ਟਰੱਕ ਬੱਲੀਏ
* ਸੁੱਚਿਆ ਵੇ ਭਾਬੀ ਤੇਰੀ

*(ਬਾਕੀ ਅਗਲੇ ਸਫੇ 'ਤੇ)*

# ਕੁਦਰਤ ਦੀ ਕਿਸ ਕਰਨੀ ਰੀਸ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੁਦਰਤ ਇਕ ਮਹਾਨ ਕਲਾਕਾਰ। ਸਮੁੱਚੀ ਕਲਾਕਾਰੀ ਇਸ ਦੀ ਇਨਾਇਤ। ਹਰ ਪਲ ਆਪਣੀ ਕਾਇਨਾਤ ਨੂੰ ਸਿਰਜਣ ਵਿਚ ਰੁੱਝੀ। ਕੁਦਰਤ ਜਿਹਾ ਕੋਈ ਨਹੀਂ ਕਲਾਕਾਰ। ਅਮੁੱਲ ਅਤੇ ਅਜ਼ੀਮ। ਉੱਤਮ ਅਤੇ ਆਹਲਾ। ਅਲੱਗ ਅਤੇ ਵਿਲੱਖਣ। ਹਰ ਪਲ ਕੁਝ ਨਾ ਕੁਝ ਨਵਾਂ ਸਿਰਜਣ ਦਾ ਆਹਰ।

ਹਰ ਦਮ ਕਲਾਕਾਰੀ ਵਿਚ ਰੁੱਝੀ। ਵੱਖੋ-ਵੱਖ ਰੰਗਾਂ, ਆਕਾਰਾਂ, ਅਠਾਰਾਂ ਅਤੇ ਰੂਪਾਂ ਰਾਹੀਂ ਸਮੁੱਚੀ ਕਾਇਨਾਤ ਨੂੰ ਸ਼ਿੰਗਾਰਦੀ। ਕਾਇਨਾਤ ਉਸ ਦੀ ਕੈਨਵਸ ਤੇ ਕੈਨਵਸ ਵਿਚ ਰੰਗ ਭਰਨਾ ਕੁਦਰਤ ਦਾ ਕਰਮ। ਇਸ ਕੈਨਵਸ ਨੂੰ ਧਿਆਨ ਨਾਲ ਦੇਖਣਾ। ਅਚੰਭਾ ਹੁੰਦਾ ਕਿ ਕੁਦਰਤ ਇੰਨੀ ਮਿਕਨਾਤੀਸੀ ਨਾਲ ਆਪਣੀ ਹਰ ਕਿਰਤ ਨੂੰ ਦੁਲਾਰਦੀ ਅਤੇ ਉਸ 'ਚ ਵਿਭਿੰਨ ਰੰਗ ਭਰ ਕੇ ਉਸ ਦੀ ਰੰਗਤ ਨੂੰ ਨਿਖਾਰਦੀ। ਕੁਦਰਤ ਦੀ ਕਲਾਕਾਰੀ ਦੇ ਸਦਕੇ ਜਾਣ ਨੂੰ ਜੀਅ ਕਰਦਾ ਕਿ ਉਸ ਦੀ ਕਲਾਕਾਰੀ ਕਾਇਨਾਤ ਨੂੰ ਅਲੋਕਾਰੀ ਨੁਹਾਰ ਬਖ਼ਸ਼ਦੀ।

ਕਦੇ ਕਦੇ ਕੁਦਰਤ ਦੀ ਕਲਾਕਾਰੀ ਵੱਲ ਦੇਖਿਆਂ ਪਤਾ ਲੱਗਦਾ ਕਿ ਮਨੁੱਖੀ ਕਲਾਕਾਰ ਕਿੰਨਾ ਨਿੱਕਾ ਜਿਹਾ। ਕੁਦਰਤ ਸਾਹਵੇਂ ਬੌਣਾ ਤੇ ਅਦਨਾ ਹੈ ਮਨੁੱਖ। ਉਹ ਕੁਝ ਕੁ ਕ੍ਰਿਤਾਂ ਨਾਲ ਮਹਾਨ ਕਲਾਕਾਰ ਦਾ ਭਰਮ ਪਾਲਦਾ। ਕੁਦਰਤ ਕਦੇ ਵੀ ਆਪਣੀ ਕਲਾਕਾਰੀ 'ਤੇ ਨਾਜ਼ ਨਹੀਂ ਕਰਦੀ ਸਗੋਂ ਕਾਇਨਾਤ ਦੀਆਂ ਦੁਆਵਾਂ ਮੰਗਦੀ ਅਤੇ ਇਸ ਦੀ ਖ਼ੂਬਸੂਰਤੀ ਅਤੇ ਖ਼ੂਬਸੀਰਤੀ ਲਈ ਮਿਹਰਬਾਨ ਹੁੰਦੀ।

ਕੁਦਰਤ ਦੀ ਕਲਾਕਾਰੀ ਦੇਖਣੀ ਹੋਵੇ ਤਾਂ ਕਦੇ ਦੂਰ ਤੀਕ ਫੈਲੇ ਮਾਰੂਥਲ ਦੇ ਪਿੰਡੇ 'ਤੇ ਹਵਾ ਨਾਲ ਬਣੀਆਂ ਰੇਤ ਦੀਆਂ ਲਹਿਰਾਂ ਦੀ ਕਲਾਕਾਰੀ ਦੇਖਣਾ। ਇਨ੍ਹਾਂ ਵਿਚੋਂ ਦ੍ਰਿਸ਼ਟਮਾਨ ਹੋ ਰਹੇ ਦ੍ਰਿਸ਼ਾਂ ਨੂੰ ਨਿਹਾਰਨਾ। ਰੇਤੀਲੀ ਧਰਤ 'ਤੇ ਕੈਕਟਸ ਦੇ ਬੂਟੇ 'ਤੇ ਖਿੜਿਆ ਫੁੱਲ ਦੇਖ ਕੇ ਕੁਦਰਤ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ। ਟਾਂਵਾਂ-ਟਾਂਵਾਂ ਬਿਰਖ ਰੇਤੀਲੇ ਚੌਗਿਰਦੇ ਵਿਚ ਹਰਿਆਵਲ ਦਾ ਜਾਗ ਲਾਉਂਦਾ, ਕੋਈ ਹਰਿਆ ਬੂਟਾ ਰਹਿਓ ਰੀ ਦਾ ਨਾਦ ਅਲਾਹੁੰਦਾ। ਇਹ ਵੀ ਸਮਝਾਉਂਦਾ ਕਿ ਮਨੁੱਖਤਾ ਕਦੇ ਨਹੀਂ ਮਰਦੀ। ਕੁਝ ਕੁ ਇਨਸਾਨਾਂ ਕਰਕੇ ਦੁਨੀਆ ਦਾ ਹਰ ਰੰਗ ਹੀ ਮਾਣਨ ਯੋਗ।

ਕੁਦਰਤ ਦਾ ਇਹ ਕੇਹਾ ਕਮਾਲ ਕਿ ਇਕ ਬੱਚਾ ਬਚਪਣੇ ਤੋਂ ਜਵਾਨ ਹੁੰਦਾ ਤਾਂ ਉਸ ਦੇ ਉਸੇ, ਨੁਹਾਰ, ਮੁਹਾਂਦਰਾ, ਸੋਚ ਅਤੇ ਸੁਪਨੇ ਬਦਲਦੇ। ਜਵਾਨੀ ਤੋਂ ਅਧਖੜ ਉਮਰ ਨੂੰ ਤੁਰਦਾ ਤਾਂ ਉਸ ਦੀਆਂ ਉਹਦੀਆਂ ਅਤੇ ਫ਼ਰਜ਼ਾਂ ਦੀ ਕਤਾਰ ਬੰਦੀ ਹੋ ਜਾਂਦੀ। ਫਿਰ ਉਸ ਦੇ ਵਾਲਾਂ ਵਿਚ ਚਾਂਦੀ ਰੰਗੀਆਂ ਤਾਰਾਂ ਉਘੜਨ ਲੱਗਦੀਆਂ। ਅੰਗ ਢਿੱਲੇ ਪੈ ਜਾਂਦੇ ਅਤੇ ਪੈਰਾਂ ਦਾ ਫੁਰਤੀਲਾਪਨ ਗ਼ਾਇਬ ਹੋ ਜਾਂਦਾ। ਕੁਦਰਤੀ ਨਿਆਮਤਾਂ ਦਾ ਖੁੱਸ ਜਾਣਾ। ਜੋਸ਼, ਜਜ਼ਬਾ, ਜਜ਼ਬਾਤ ਅਤੇ ਜ਼ਰੂਰਤਾਂ ਬਦਲ ਜਾਂਦੀਆਂ। ਜ਼ਮੀਰ ਤੇ ਜਗੀਰ ਬਦਲਦੀ। ਜ਼ਿੰਦਗੀ ਦੀਆਂ ਤਰਜੀਹ ਬਦਲਦੀਆਂ। ਇਹ ਕੁਦਰਤ ਦਾ ਕੈਸਾ ਕ੍ਰਿਸ਼ਮਾ ਕਿ ਬੰਦਾ ਹਰ ਦਮ, ਹਰ ਸਾਹੇ, ਹਰ ਦਿਨ, ਬਦਲਦਾ। ਇਹ ਬਦਲਣਾ ਹੀ ਹੁੰਦਾ ਕਿ ਉਸ ਦੇ ਸਰੋਕਾਰ, ਸਬੰਧ, ਸਾਧਨ ਅਤੇ ਸੋਚ ਵੀ ਬਦਲਦੀ। ਸਵਾਦ ਅਤੇ ਸੰਵੇਦਨਾ ਵੀ ਬਦਲਦੀ। ਬਦਲਣਾ, ਕੁਦਰਤ ਦਾ ਸਭ ਤੋਂ ਅਹਿਮ ਵਰਤਾਰਾ। ਬਦਲਾਅ ਦੌਰਾਨ ਕੁਦਰਤ ਦੀ ਬੇਰੁਖ਼ੀ ਬੰਦੇ ਨੇ ਤਾਂ ਕੀ ਕਰਨੀ, ਇਸ ਦੀ ਕਿਸੇ ਵੀ ਕਿਰਤ ਨੇ ਕਦੇ ਨਹੀਂ ਕੀਤੀ।

ਕੁਦਰਤ ਦਾ ਕੇਹਾ ਅਸੂਲ ਬਚਪਣੇ ਦਾ ਪਾਕੀਜ਼ ਮਨ ਹੌਲੀ-ਹੌਲੀ ਪਲੀਤ ਹੋਣਾ ਸ਼ੁਰੂ ਹੋ ਜਾਂਦਾ। ਅੰਦਰਲੀ ਰੌਸ਼ਨੀ ਮੱਧਮ ਹੋ ਜਾਂਦੀ। ਫਿਰ ਉਹ ਦੁਨਿਆਵੀ ਲੋਭਾਂ, ਲਾਲਚਾਂ ਖ਼ਾਤਰ ਨਿੱਕੇ-ਨਿੱਕੇ ਦਾਇਰਿਆਂ ਵਿਚ ਉਲਝਿਆ ਖ਼ੁਦ ਨੂੰ ਖ਼ੁਦਕੁਸ਼ੀ ਦੇ ਰਾਹ ਤੋਰ ਲੈਂਦਾ।

ਇਹ ਵੀ ਕੁਦਰਤ ਦਾ ਹੀ ਰੰਗ ਕਿ ਕੁਝ ਲੋਕ ਜ਼ਿੰਦਗੀ ਨੂੰ ਗਲਵੱਕੜੀ ਪਾਉਣ ਲਈ ਤਤਪਰ ਅਤੇ ਕੁਝ ਮੌਤ ਦੀ ਪਨਾਹ ਵਿਚ ਜਾਣ ਲਈ ਕਾਹਲੇ। ਕੁਝ ਦੁੱਖ-ਸੁੱਖ ਨੂੰ ਸਮ ਕਰ ਕੇ ਜਾਣਦੇ ਤੇ ਕੁਝ ਦੁੱਖਾਂ ਵਿਚੋਂ ਪੀੜਾਂ ਲੱਭਦੇ। ਕੁਝ ਬਹੁਤਾਤ ਵਿਚੋਂ ਕਮੀਆਂ ਤੇ ਕੁਝ ਕਮੀਆਂ ਵਿਚੋਂ ਬਹੁਤਾਤ। ਕੁਝ ਸੀਮਤ ਸਾਧਨਾਂ 'ਚ ਸੁੱਖ-ਸੰਵੇਦਨਾ ਤੇ ਸਕੂਨ ਤਲਾਸ਼ਦੇ ਤੇ ਕੁਝ ਬਹੁਤਾਤ ਕਾਰਨ ਭਟਕਣਾ ਦਾ ਸ਼ਿਕਾਰ ਹੋ, ਜ਼ਿੰਦਗੀ ਨੂੰ ਸਮੇਟਣ ਦੇ ਰਾਹ ਤੁਰ ਪੈਂਦੇ।

ਕੁਦਰਤ ਨੇ ਬੰਦੇ ਦੇ ਮਨ ਨੂੰ ਕੇਹਾ ਬਣਾਇਆ ਕਿ ਉਹ ਮਹਿਲਾਂ ਵਾਲਾ ਹੋ ਕੇ ਵੀ ਝੁੱਗੀਆਂ ਢਾਹੁਣ ਲਈ ਕਾਹਲਾ ਪਰ ਝੁੱਗੀਆਂ ਵਾਲੇ ਮਹਿਲ ਉਸਾਰਦੇ ਵੀ ਮਨ ਵਿਚ ਦਗ਼ਾ, ਫ਼ਰੇਬ ਜਾਂ ਕਮੀਨਗੀ ਨਹੀਂ ਰੱਖਦੇ। ਇਹ ਕੇਹਾ ਆਲਮ ਕਿ ਲਾਲਚੀ ਬੰਦੇ ਦਾ ਲਾਲਚ ਕਦੇ ਨਹੀਂ ਮੁੱਕਦਾ। ਪਰ ਕੁਝ ਰੱਬੀ ਰੂਹਾਂ ਰੁੱਖੀ-ਸੁੱਕੀ ਖਾ ਕੇ ਡਕਾਰ ਮਾਰਦੇ ਅਤੇ ਰੂਹੀ-ਰੱਜਤਾ ਦਾ ਅਨੰਦ ਮਾਣਦੇ।

ਕੁਦਰਤ ਕਮਾਲ ਦੀ ਕਲਾਕਾਰ। ਕਦੇ ਅੱਧੀ ਰਾਤ ਨੂੰ ਅਕਾਸ਼ ਵੰਨੀਂ ਦੇਖਣਾ। ਤਾਰਿਆਂ ਦੇ ਰੰਗ, ਚਮਕ, ਆਕਾਸ਼ ਗੰਗਾਵਾਂ, ਸੂਰਜੀ ਮੰਡਲ, ਗ੍ਰਹਿ ਅਤੇ ਉਪ-ਗ੍ਰਹਿ, ਸਭ ਕੁਝ ਅੰਬਰ ਦੇ ਵਿਹੜੇ ਦਾ ਜਲੌਅ। ਕਦੇ ਚੰਦਾ ਮਾਮਾ, ਕਦੇ ਮਾਈ ਬੁੱਢੀ ਦਾ ਝਾਟਾ। ਕਦੇ ਇਹ ਤਾਰੇ ਤੁਹਾਡੇ ਅੰਦਰ ਤੇ ਦਸਤਕ ਦੇ, ਤੁਹਾਨੂੰ ਤਾਰਾ ਬਣਨ ਲਈ ਉਤਸੁਕ ਕਰਦੇ। ਕਦੇ ਸੂਰਜੀ ਮੰਡਲ ਦਾ ਪਰਿਵਾਰ ਇਕ ਨਿਜ਼ਾਮ ਵਿਚ ਬੱਝਿਆ, ਪ੍ਰਕਰਮਾ ਕਰਦੇ, ਆਪਣੇ ਕੇਂਦਰ ਨਾਲ ਜੁੜੇ ਆਪਣਾ ਸਫ਼ਰ ਪੂਰਾ ਕਰਦੇ। ਉਨ੍ਹਾਂ ਦੇ ਮਨ ਵਿਚ ਕੇਂਦਰ ਨਾਲੋਂ ਟੁੱਟਣ ਦੀ ਤਮੰਨਾ ਹਰਗਿਜ਼ ਨਹੀਂ। ਪਰ ਅਸੀਂ ਤਾਂ ਆਪਣੇ ਮੂਲ ਨਾਲੋਂ ਟੁੱਟਣ ਲਈ ਕਾਹਲੇ। ਚੰਦਰਮਾ ਦਾ ਧਰਤੀ ਦੁਆਲੇ, ਧਰਤੀ ਦਾ ਸੂਰਜ ਦੁਆਲੇ ਅਤੇ ਸੂਰਜ ਦਾ ਆਕਾਸ਼ ਗੰਗਾ ਦੇ ਕੇਂਦਰ ਦੁਆਲੇ ਘੁੰਮਣਾ, ਕੁਦਰਤੀ ਕਾਇਦੇ ਕਾਨੂੰਨ ਦਾ ਕਮਾਲ।

ਕੁਦਰਤ ਦੀ ਕੇਹੀ ਬਖ਼ਸ਼ਿਸ਼ ਕਿ ਸੂਰਜ ਸਾਨੂੰ ਜੀਵਨ ਵੀ ਬਖ਼ਸ਼ਦਾ ਅਤੇ ਰੌਸ਼ਨੀ ਰਾਹੀਂ ਸਾਡੀਆਂ ਰਾਹਾਂ ਵੀ ਰੁਸ਼ਨਾਉਂਦਾ। ਖ਼ੁਦਾ ਨਾ ਕਰੇ ਜੇ ਨਿਊਕਲੀਅਰ ਜੰਗ ਸ਼ੁਰੂ ਹੋ ਗਈ ਤਾਂ ਧਰਤ ਦੁਆਲੇ ਅਜੇਹਾ ਗ਼ੁਬਾਰ ਚੜ੍ਹੇਗਾ ਕਿ ਸੂਰਜ ਦੀ ਰੌਸ਼ਨੀ ਧਰਤੀ 'ਤੇ ਨਹੀਂ ਆਵੇਗੀ। ਸਮੁੱਚੀ ਬਨਸਪਤੀ ਤਬਾਹ ਹੋ ਜਾਵੇਗੀ। ਐ ਬੰਦੇ! ਤੂੰ ਇਸ ਸਾੜ੍ਹਸਤੀ ਨੂੰ ਕਿਵੇਂ ਟਾਲੇਂਗਾ?

ਕੁਦਰਤ ਦੀ ਕਲਾਕਾਰੀ 'ਚ ਵਿਘਨ ਨਾ ਪਾਓ। ਕੁਦਰਤ ਅਸੀਮਤ ਨਿਆਮਤਾਂ ਨਾਲ ਬੰਦੇ ਨੂੰ ਨਿਵਾਜਦੀ, ਦੁਆਵਾਂ ਹੀ ਮੰਗਦੀ। ਸਾਨੂੰ ਤਾਂ ਦੁਆਵਾਂ ਲੈਣੀਆਂ ਹੀ ਭੁੱਲ ਗਈਆਂ। ਅਸੀਂ ਤਾਂ ਬਦ-ਦੁਆਵਾਂ ਦੀ ਨਗਰੀ ਦੇ ਵਾਸੀ ਖ਼ੁਦ ਹੀ ਬਦਦੁਆ ਬਣ ਗਏ।

ਕੁਦਰਤ ਦੀ ਕਲਾਕਾਰੀ ਵਿਚ ਕਦੇ ਵੀ ਕੋਈ ਖੋਟ ਨਹੀਂ। ਸਦਾ ਸੰਪੂਰਨ, ਕੋਈ ਨੁਕਸ ਨਹੀਂ ਅਤੇ ਨਾ ਹੀ ਕਿਸੇ ਕਿਸਮ ਦੀ ਊਣਤਾਈ। ਇਹ ਉਸ ਦੀ ਕਲਾਕਾਰੀ ਦਾ ਕਮਾਲ ਕਿ ਹਰ ਜੀਵ ਨੂੰ ਉਸ ਦੀਆਂ ਜ਼ਰੂਰਤਾਂ ਅਨੁਸਾਰ ਸਾਰੇ ਅੰਗ ਵੀ ਦਿੱਤੇ ਅਤੇ ਵਰਤੋਂ ਵੀ ਸਿਖਾਈ।

ਕਦੇ ਪਰਬਤਾਂ ਤੇ ਬਿਰਖਾਂ ਦੀ ਤਾਮੀਜ਼ ਤੇ ਤਰਤੀਬ ਨੂੰ ਦੇਖਣਾ। ਇਹ ਪਰਬਤ-ਲੜੀਆਂ ਬਹੁਤ ਕੁਝ ਦੱਸਦੀਆਂ ਕਿ ਹਰ ਕੁਦਰਤੀ ਸਿਰਜਣਾ ਨਿਯਮਤ ਰੂਪ। ਬਰਫ਼ਾਂ ਨਾਲ ਢਕੀਆਂ ਪਰਬਤੀ ਟੀਸੀਆਂ, ਹਰਿਆਵਲ ਵਿਚ ਛੁਪੀਆਂ ਵਾਦੀਆਂ, ਝਰਨਿਆਂ ਦੀ ਕਲਕਲ, ਦਰਿਆਵਾਂ ਦੀ ਰਵਾਨਗੀ, ਜੰਗਲਾਂ ਦੀ ਰਹਿਮਤ ਅਤੇ ਪਰਿੰਦਿਆਂ ਦੀ ਸਲਤਨਤ ਬਹੁਤ ਕੁਝ ਮਨੁੱਖ ਨੂੰ ਸਮਝਾਉਣ ਲਈ ਕਾਫ਼ੀ। ਬੰਦਾ ਕੱਲੀ ਕਾਇਨਾਤ ਨਹੀਂ

ਸਗੋਂ ਇਕਸੁਰਤਾ ਤੇ ਸਾਂਝ ਨਾਲ ਇਕ ਦੂਜੇ ਦੀਆਂ ਪੂਰਤੀਆਂ ਕਰਾਂਗੇ ਤਾਂ ਅਸੀਂ ਸਮੁੱਚੇ ਵਾਧੇ ਦਾ ਸਬੱਬ ਬਣਾਂਗੇ। ਜਦ ਅਸੀਂ ਇਕ ਦੂਜੇ ਨੂੰ ਮਿੱਧ ਕੇ ਅੱਗੇ ਵਧਣ ਦੀ ਲਾਲਸਾ ਪਾਲਾਂਗੇ ਤਾਂ



ਸਾਨੂੰ ਵੀ ਕੋਈ ਮਿੱਧ ਕੇ ਅੱਗੇ ਵਧ ਜਾਵੇਗਾ। ਲੋੜ ਹੈ ਪਰਬਤਾਂ ਵਰਗਾ ਜੇਰਾ ਅਤੇ ਇਸ ਜਿਹੀ ਵਿਸ਼ਾਲਤਾ ਮਨਾਂ ਵਿਚ ਪਾਲੀਏ। ਆਪਣੀਆਂ ਤਰਜੀਹਾਂ ਨੂੰ ਤਦਬੀਰਾਂ ਵਿਚ ਬਦਲੀਏ ਅਤੇ ਪਰਬਤੀ ਸ਼ਖ਼ਸੀਅਤ ਨੂੰ ਸਮਾਜ ਦੇ ਨਾਮ ਕਰੀਏ। ਪਰਬਤ ਆਰੋਹੀ ਬਹੁਤ ਘੱਟ ਅਤੇ ਪਰਬਤੀ ਟੀਸੀਆਂ 'ਤੇ ਪਹੁੰਚਣਾ ਵਿਰਲਿਆਂ ਦਾ ਦਮਖ਼ਮ। ਕੀ ਤੁਸੀਂ ਟੀਸੀ 'ਤੇ ਪਹੁੰਚ ਕੇ ਕਦੇ ਕੁਦਰਤ ਦੀ ਸੁੰਦਰਤਾ ਅਤੇ ਆਕਰਸ਼ਕਤਾ ਨੂੰ ਨਿਹਾਰਿਆ?

ਕੁਦਰਤ ਦੀ ਕਲਾਕਾਰੀ ਦੇਖਣ ਲਈ ਦਰਿਆਵਾਂ ਦੇ ਵਹਿਣ ਨੂੰ ਦੇਖਣਾ ਕਿ ਉਹ ਕੰਢਿਆਂ ਦੀ ਗਲਵੱਕੜੀ ਦਾ ਨਿੱਘ ਮਾਣਦੇ, ਮਸਤ ਚਾਲ ਨਾਲ ਧਰਤ ਨੂੰ ਸਿੰਜਦੇ। ਕੰਢਿਆਂ 'ਤੇ ਬੈਠੇ ਪ੍ਰੇਮੀਆਂ ਨੂੰ ਮਿਲਾਉਂਦੇ। ਪਾਕੀਜ਼ਗੀ, ਤਰਲਤਾ ਅਤੇ ਨਿਰੰਤਰਤਾ ਬਣੇ, ਜੀਵਨ-ਦਾਨੀ ਹੋਣ ਦਾ ਮਾਣ ਵੀ ਬਣਦੇ। ਇਹ ਵੀ ਸਮਝਾਉਂਦੇ ਕਿ ਖੜ੍ਹੇ ਤੇ ਗੰਧਲੇ ਪਾਣੀ ਮੌਤ ਦਾ ਸਿਰਨਾਵਾਂ ਜਦ ਕਿ ਵਗਦੇ ਪਾਣੀ ਜੀਵਨ ਦੀ ਰਵਾਨਗੀ। ਮੌਤ ਨਾਲੋਂ ਜੀਵਨ- ਦਾਨੀ ਬਣਨ ਦਾ ਉੱਦਮ ਕਰਨਾ।

ਇਹ ਦਰਿਆ, ਨਦੀਆਂ, ਝੀਲਾਂ, ਤਲਾਅ ਤੇ ਛੱਪੜ ਅਤੇ ਇਸ ਵਿਚ ਵੱਸਦੇ ਜੀਵ-ਜੰਤੂ ਇਕ ਸੰਤੁਲਤ ਵਾਤਾਵਰਣ ਅਤੇ ਚੌਗਿਰਦੇ ਨੂੰ ਅਰਪਿਤ ਜਿਸ ਵਿਚੋਂ ਸਿੱਖਣ ਨੂੰ ਬਹੁਤ ਕੁਝ ਮਿਲਦਾ। ਅਸੀਂ ਛੱਪੜ 'ਤੇ ਤਾਰੀਆਂ ਲਾਉਂਦੇ ਕਦੇ ਗਲੀਜ਼ਤਾ ਨਹੀਂ ਸੀ ਮਹਿਸੂਸਦੇ ਕਿਉਂਕਿ ਪਾਣੀ ਨਿਰਮਲ ਸਨ। ਪਾਣੀ ਪਲੀਤ ਅਤੇ ਕੁਦਰਤ ਨੂੰ ਜ਼ਲੀਲ ਕਰ ਕੇ ਕੀ ਖੱਟਿਆ, ਕਦੇ ਸੋਚਣਾ?

ਕਦੇ ਮੌਕਾ ਮਿਲੇ ਤਾਂ ਬੀਚ 'ਤੇ ਟਹਿਲਦਿਆਂ ਸਮੁੰਦਰ ਦੀ ਵਿਸ਼ਾਲਤਾ ਅਤੇ ਡੂੰਘਾਈ ਦਾ ਅਹਿਸਾਸ ਕਰਨਾ। ਬੀਚ 'ਤੇ ਖਿੱਲਰੇ ਘੋਗੇ ਤੇ ਸਿਪੀਆਂ ਦੀ ਚਿੱਤਰਕਾਰੀ ਨੂੰ ਦੇਖਣਾ। ਪਾਣੀ ਦਾ ਤੁਹਾਡੇ ਪੈਰਾਂ ਨੂੰ ਭਿਉਂਣ 'ਤੇ ਤੁਹਾਨੂੰ ਅਹਿਸਾਸ ਹੋਵੇਗਾ ਕਿ ਰੂਹੀ ਠੰਢਕ ਕੀ ਹੁੰਦੀ? ਲਹਿਰਾਂ ਦਾ ਤੁਹਾਡੀਆਂ ਤਲੀਆਂ ਨੂੰ ਝੱਸਣਾ ਤੇ ਟਕੋਰ ਕਰਨ 'ਤੇ ਤੁਹਾਨੂੰ ਕਿੰਨਾ ਸਕੂਨ ਦਿੰਦਾ। ਇਕ ਵੱਖਰਾ ਅਨੁਭਵ ਜੋ ਬਹੁਤ ਘੱਟ ਲੋਕ ਮਾਨਣਾ ਜਾਣਦੇ। ਇਹ ਸਮੁੰਦਰੀ ਲਹਿਰਾਂ, ਇਨ੍ਹਾਂ ਦਾ ਸੰਗੀਤਕ ਸ਼ੋਰ ਅਤੇ ਚੰਨ ਨਾਲ ਗੂੜ੍ਹੀ ਸਾਂਝ ਵਿਚੋਂ ਕਦੇ ਮਨ ਵਿਚ ਅੰਬਰ ਨਾਲ ਸਾਂਝ ਪਾਉਣ ਬਾਰੇ ਜ਼ਰੂਰ ਸੋਚਣਾ। ਸਮੁੰਦਰੀ ਅਮੁੱਲਤਾ ਅਤੇ ਅਸੀਮਤਾ ਦੇ ਤੁਹਾਡੇ ਜੀਵਨ ਵਿਚ ਕੀ ਅਰਥ? ਕੀ ਤੁਸੀਂ ਕਦੇ ਸਮੁੰਦਰ ਬਣਨਾ ਲੋਚਿਆ? ਸਮੁੰਦਰ ਅਸੀਮਤ ਦਾਤਾਂ ਦਾ ਭੰਡਾਰ ਹੁੰਦਿਆਂ ਵੀ ਕਿੰਨਾ ਨਿਮਾਣਾ ਕਿ ਉਹ ਤੁਹਾਡੇ ਪੈਰਾਂ ਵਿਚ ਵਿਛਦਾ। ਤੁਹਾਡੇ ਲਈ ਮਾਣਕ-ਮੋਤੀ ਬੀਚਾਂ 'ਤੇ ਖਿਲਾਰਦਾ। ਸਕੂਨ ਤੇ ਸਹਿਜ ਦਿੰਦਾ।

ਰੋਜ਼ਾਨਾ ਭੱਜ-ਦੌੜ ਵਿਚੋਂ ਰਾਹਤ ਦੇ ਕੁਝ ਪਲ ਮਾਣ ਕੇ ਆਪਣੇ ਜੀਵਨ ਨੂੰ ਸਾਰਥਕ ਸਮਝਦੇ। ਕਦੇ ਸਮੁੰਦਰ ਅਤੇ ਚੰਨ ਦੀ ਗੁਫ਼ਤਗੂ, ਚਾਨਣੀ ਦਾ ਸਮੁੰਦਰ ਦੇ ਪਾਣੀਆਂ ਵਿਚ ਘੁਲਣਾ, ਦਰਅਸਲ ਸਮੁੰਦਰ ਦੀ ਚਾਨਣੀ ਨਾਲ ਖ਼ੂਬਸੂਰਤ ਮਿਲਣੀ। ਇਹੀ ਦ੍ਰਿਸ਼ ਸੰਵੇਦਨਸ਼ੀਲ ਵਿਅਕਤੀ ਲਈ ਅਕਹਿ ਅਨੰਦ ਦਾ ਸਬੱਬ। ਸੋਚਣਾ! ਅਸੀਂ ਨਿੱਕੇ ਨਿੱਕੇ ਅਹਿਸਾਨ ਜਤਾਉਂਦਿਆਂ ਖ਼ੁਦ ਨੂੰ ਨਿੱਕਾ ਜਿਹਾ ਕਿਉਂ ਕਰ ਲੈਂਦੇ।

ਖ਼ੁਦ ਨੂੰ ਉੱਚਾ ਰੱਖਿਆ ਕਰੋ। ਇਹ ਅਹਿਸਾਨ ਕਿਸੇ 'ਤੇ ਨਹੀਂ ਕਰੀਦੇ। ਅਹਿਸਾਸ ਉਸ ਦੇ ਕਰੋ ਜਿਸ ਨੇ ਦਾਤਾਂ ਨਾਲ ਨਿਵਾਜਿਆ। ਤੁਸੀਂ ਕੌਣ ਹੋ ਕੁਝ ਦੇਣ ਵਾਲੇ। ਕੁਦਰਤ ਖ਼ੂਬਸੂਰਤੀ ਦੇਖਣੀ ਹੋਵੇ ਤਾਂ ਪਤਝੜ ਵਿਚ ਪੱਤਿਆਂ 'ਤੇ ਉੱਕਰੇ ਹੋਏ ਰੰਗ ਅਤੇ ਇਨ੍ਹਾਂ ਰੰਗਾਂ ਨਾਲ ਸਿਰਜੀ ਮੀਨਾਕਾਰੀ ਅਤੇ ਕਲਾਕਾਰੀ ਨੂੰ ਦੂਰ-ਦਿਸਹੱਦਿਆਂ ਤੀਕ ਨਿਹਾਰਨਾ। ਰੰਗ ਦੀਆਂ ਪਰਤਾਂ, ਕੁਦਰਤ ਦੀ ਇਨਾਇਤ। ਕੁਦਰਤ ਦਾ ਕਮਾਲ ਕਿ ਬਿਨ-ਪੱਤਰੇ ਬਿਰਖ ਤੇ ਟਾਹਣੀਆਂ ਮਾਯੂਸ ਨਹੀਂ ਹੁੰਦੇ ਸਗੋਂ ਰੁੱਤ ਆਉਣ 'ਤੇ ਨਵੀਆਂ ਕਰੂੰਬਲਾਂ ਦੇ ਸਵਾਗਤ ਲਈ ਖ਼ੁਦ ਨੂੰ ਤਿਆਰ ਕਰਦੇ। ਪੱਤਿਆਂ ਨੂੰ ਹੱਥੀਂ ਤੋਰ ਕੇ ਨਵੇਂ ਦੀ ਆਸ ਵਿਚ ਜੀਵਨ ਨੂੰ ਜਿਊਣ ਦੀ ਆਨੰਦਤਾ ਮਾਣਦੇ। ਨਵੀਂ ਉਮੀਦ, ਉਤਸ਼ਾਹ ਸੀਨੇ ਵਿਚ ਪਾਲਦੇ ਅਤੇ ਕੁਦਰਤ ਕਦੇ ਵੀ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਦੀ। ਨਿੱਪਤਰੀਆਂ ਟਾਹਣੀਆਂ ਯੱਖ ਮੌਸਮਾਂ ਦੀ ਤਾਬ ਝੱਲਦਿਆਂ ਵੀ ਕਦੇ ਵੀ ਪੀੜਤ ਨਹੀਂ ਹੁੰਦੀਆਂ। ਉਹ ਜਾਣਦੀਆਂ ਕਿ ਇਹ ਉਨ੍ਹਾਂ ਦੇ ਸਬਰ, ਸਿਦਕ ਅਤੇ ਸਿਰੜ ਦੀ ਪਰਖ ਹੈ ਅਤੇ ਉਹ ਇਸ ਪਰਖ 'ਤੇ ਪੂਰੀਆਂ ਉੱਤਰਦੀਆਂ। ਆਖ਼ਰ ਨੂੰ ਹਰੀਆਂ ਕਚੂਰ ਕਰੂੰਬਲਾਂ ਡਾਲੀਆਂ ਨੂੰ ਸਜਾਉਂਦੀਆਂ, ਬਿਰਖ ਨੂੰ ਹਰਿਆਵਲਾ ਬਣਾਉਂਦੀਆਂ ਅਤੇ ਫਲਾਂ ਤੇ ਫੁੱਲਾਂ ਦੀ ਛਹਿਬਰ ਵੀ ਲਾਉਂਦੀਆਂ।

ਕੁਦਰਤ ਦੀ ਕਾਸ਼ਤਕਾਰੀ ਦੇਖਣ ਲਈ ਖੇਤਾਂ ਦਾ ਗੇੜਾ ਲਾਉਣਾ। ਖੇਤਾਂ ਵਿਚ ਝੂਮਦੀਆਂ ਫ਼ਸਲਾਂ ਅਤੇ ਦੂਰ ਤੀਕ ਪਸਰੇ ਦ੍ਰਿਸ਼ ਵਿਚੋਂ ਕੁਝ ਅਜੇਹਾ ਨਜ਼ਾਰਾ ਦੇਖਣ ਨੂੰ ਮਿਲੇਗਾ ਕਿ ਤੁਸੀਂ ਕੁਦਰਤ ਦੀ ਕ੍ਰਿਤ ਕਾਰੀ ਦੇ ਸਦਕੇ ਜਾਵੋਗੇ ਅਤੇ ਮਨ ਵਿਚ ਕੁਦਰਤ ਦਾ ਨਿੱਕਾ ਜਿਹਾ ਕਿਣਕਾ ਬਣਨ ਦੀ ਤਮੰਨਾ ਪੈਦਾ ਕਰੋਗੇ। ਇਹ ਕੁਦਰਤ ਦਾ ਕੇਹਾ ਕਮਾਲ ਕਿ ਧਰਤੀ ਬੰਦੇ ਨੂੰ ਭਰੇ ਭੜੋਲਿਆਂ ਦਾ ਦਾਨ ਦਿੰਦਿਆਂ ਕਦੇ ਨਹੀਂ ਥੱਕਦੀ ਪਰ ਮਨੁੱਖ ਸਦਾ ਭੋਖੜੇ ਦਾ ਪ੍ਰਤੀਕ।

ਕੁਦਰਤ ਕੋਲੋਂ ਕੁਝ ਤਾਂ ਸਿੱਖੀਏ ਕਿ ਕੁਦਰਤ ਦਿੰਦੀ ਹੀ ਹੈ। ਕੁਝ ਕੁ ਅਜੇਹਾ ਕਰੀਏ ਕਿ ਬੰਦਾ ਕੁਦਰਤ ਦੀ ਦਿੱਬ-ਦ੍ਰਿਸ਼ਟੀ ਦਾ ਹਾਣੀ ਬਣ ਸਕੇ।

ਕੁਦਰਤ ਦੀ ਅਨੂਠੀ ਕਲਾਕਾਰੀ ਦੇਖਣ ਲਈ ਸਮੁੰਦਰ ਹੇਠਲੇ ਜੀਵ-ਸੰਸਾਰ ਦੀਆਂ ਵੰਨਗੀਆਂ ਅਤੇ ਇਸ ਦੇ ਰੂਪਾਂ ਨੂੰ ਦੇਖਣਾ। ਕਦੇ ਤਿਤਲੀਆਂ ਦੀ ਚਿੱਤਰਕਾਰੀ ਅਤੇ ਪਰਿੰਦਿਆਂ ਦੇ ਪਰਾਂ 'ਤੇ ਕੀਤੀ ਕਲਾਕਾਰੀ ਨੂੰ ਦੇਖਣਾ। ਪਰਾਂ ਤੇ ਲੰਮੇਰੀ ਤੇ ਉਚੇਰੀ ਪਰਵਾਜ਼ ਦਾ ਸਿਰਨਾਵਾਂ ਪੜ੍ਹਨਾ, ਪਤਾ ਲੱਗੇਗਾ ਕਿ ਹਜ਼ਾਰਾਂ ਮੀਲ ਸਫ਼ਰ ਕਰ ਕੇ ਵੀ ਘਰ ਨੂੰ ਮੁੜਨ ਦੀ ਤਮੰਨਾ ਮਨ ਵਿਚ ਪਾਲੀ ਰੱਖਦੇ ਅਤੇ ਘਰਾਂ ਨੂੰ ਪਰਤਦੇ। ਪਰ ਬੰਦਾ ਤਾਂ ਮਾਪਿਆਂ ਦੀਆਂ ਆਖ਼ਰੀ ਰਸਮਾਂ ਨਿਭਾਉਣ ਲਈ ਵੀ ਆਪਣੇ ਵਤਨ ਨਹੀਂ ਪਰਤਦੇ ਜਦ ਕਿ ਕੂੰਜਾਂ ਆਪਣੇ ਬਚੜਿਆਂ ਦੀ ਖ਼ੈਰ-ਸੁੱਖ ਜਾਣਨ ਲਈ ਆਪਣੇ ਆਲ੍ਹਣਿਆਂ ਨੂੰ ਪਰਤਦੀਆਂ।

ਬੰਦੇ ਦੀ ਬੇਵਤਨੀ ਤੇ ਨਿਰਮੋਹੇਪਨ ਦਾ ਕੇਹਾ ਰੰਗ ਕਿ ਸਾਡੇ ਮਨਾਂ ਵਿਚੋਂ ਸਾਡੀਆਂ ਜੜ੍ਹਾਂ ਹੀ ਸੁੱਕ ਗਈਆਂ। ਦੱਸਿਓ! ਜੜ੍ਹ ਹੀਣ ਮਨੁੱਖ ਕਿਵੇਂ ਜਿਊਂਦਾ ਰਹਿ ਸਕਦਾ?

ਇਹ ਕੁਦਰਤ ਦਾ ਹੀ ਕ੍ਰਿਸ਼ਮਾ ਕਿ ਉਹ ਭਾਵੀ ਤਰੰਗਾਂ ਰਾਹੀਂ ਕੂੰਜਾਂ ਦੇ ਬੋਟਾਂ ਨੂੰ ਚੋਗ ਚੁਗਾਉਂਦੀ। ਕਦੇ ਕੈਮਲੂਪ ਦੀਆਂ ਮੱਛੀਆਂ ਨੂੰ ਵਾਪਸ ਪਰਤਾਉਂਦੀ ਹੈ। ਕਦੇ ਕਦਾਈਂ ਵਾਵਾਂ ਹੱਥ ਸੁਗਮ-ਸੁਨੇਹੇ ਪਹੁੰਚਾਉਂਦੀ ਅਤੇ ਆਪਣਿਆਂ ਦਾ ਹਾਲ-ਚਾਲ ਦੱਸਦੀ। ਕਦੇ ਤੁਸੀਂ ਅਚੇਤ ਰੂਪ ਵਿਚ ਕੋਈ ਸੁਨੇਹਾ ਭੇਜਿਆ? ਜੇ ਨਹੀਂ ਤਾਂ ਹੁਣ ਭੇਜਣਾ, ਤੁਹਾਨੂੰ ਇਸ ਦਾ ਹੁੰਗਾਰਾ ਜ਼ਰੂਰ ਮਿਲੇਗਾ।

ਕੁਦਰਤ ਦੀ ਸਿਆਣਪਾਂ, ਸਮਝਾਂ, ਸੋਚਾਂ ਤੇ ਸਿਰਜਣਾ ਨੇ ਮਨੁੱਖ ਨੂੰ ਕੀ ਨਹੀਂ ਦਿੱਤਾ। ਮਨੁੱਖ ਕੇਹਾ ਅਕ੍ਰਿਤਘਣ ਕਿ ਖ਼ੁਦ ਹੀ ਆਪਣੀ ਬਰਬਾਦੀ ਦੇ ਸਰੋਕਾਰ ਪੈਦਾ ਕਰ ਰਿਹਾ ਅਤੇ ਫਿਰ ਆਪਣੀ ਅਬਾਦੀ ਲੱਭ ਰਿਹਾ। ਯਾਦ ਰੱਖਣਾ ਬਰਬਾਦੀ ਵਿਚੋਂ ਕਦੇ ਅਬਾਦੀ ਨਹੀਂ ਲੱਭਦੀ। ਉਜੜ ਗਈਆਂ ਤਵਾਰੀਖ਼ਾਂ ਅਤੇ ਮਰ-ਮੁੱਕੀਆਂ ਕੌਮਾਂ ਦੇ ਤਾਂ ਨਕਸ਼ ਵੀ ਸਮੇਂ ਦੀ ਤਖ਼ਤੀ ਤੋਂ ਮਿਟ ਜਾਂਦੇ।

ਕਦੇ ਕਦਾਈਂ ਮਨ ਵਿਚ ਕੁਦਰਤ ਵਾਂਗ ਕਲਾਕਾਰੀ ਕਰਨ ਦਾ ਗੁਣ ਪੈਦਾ ਕਰੋ। ਇਹ ਕਲਾਕਾਰੀ ਯਤੀਮ ਬੱਚੇ ਨੂੰ ਦਿੱਤੀ ਹਮਦਰਦੀ, ਖ਼ਾਲੀ ਬਸਤੇ ਵਿਚ ਕਿਤਾਬਾਂ ਦਾ ਦਾਨ, ਗਿਆਨ-ਹੀਣ ਮਸਤਕ ਵਿਚ ਜੋਤ ਜਗਾਉਣ ਦੀ ਜੋਦੜੀ, ਨੰਗੇ ਜਿਸਮ ਲਈ ਕੱਜਣ, ਛੱਤ-ਹੀਣ ਲਈ ਸਿਰ ਦੀ ਛੱਤ, ਕਿਸੇ ਲੋੜਵੰਦ ਦੀਆਂ ਲੋੜਾਂ ਦੀ ਪੂਰਤੀ ਜਾਂ ਮਦਦਗਾਰ ਹੋਣ ਦਾ ਉੱਦਮ ਵੀ ਹੋ ਸਕਦਾ।

ਕੁਝ ਤਾਂ ਕਰੋ। ਕੁਦਰਤ ਤੁਹਾਥੋਂ ਬਹੁਤ ਕੁਝ ਕਰਵਾਉਣਾ ਚਾਹੁੰਦੀ। ਤੁਸੀਂ ਕੀ ਕਰੋਗੇ ਇਹ ਤੁਹਾਡੇ 'ਤੇ ਨਿਰਭਰ। ਕਲਾਕਾਰ ਬਣਨਾ ਤੇ ਕੁਦਰਤ ਦੀ ਕਲਾਕਾਰੀ ਦਾ ਸੁੰਦਰ ਸਰੂਪ ਬਣ, ਸੰਤੁਲਿਤ ਸਮਾਜ ਦਾ ਮਾਣਮੱਤਾ ਸਰਫ਼ ਬਣਨਾ। ਇਹ ਤਾਂ ਤੁਹਾਡੇ 'ਤੇ ਹੀ ਮੁਨੱਸਰ ਕਰਦਾ। ਪਰ ਇਸ ਬਾਰੇ ਸੋਚਣਾ ਜ਼ਰੂਰ।

---

*(ਪਿਛਲੇ ਸਫੇ ਦੀ ਬਾਕੀ)*

* 'ਜਣਨੀ ਜਣੇ ਤਾਂ ਭਗਤ ਜਨ ਜਾਂ ਦਾਤਾ ਜਾਂ ਸੂਰ

ਕੁਲਦੀਪ ਮਾਣਕ ਪੰਜਾਬੀਆਂ ਦਾ ਚਹੇਤਾ ਗਾਇਕ ਬਣ ਗਿਆ। ਮਾਣਕ ਦੇ ਨਾਲ-ਨਾਲ ਦੇਵ ਥਰੀਕੇ ਵਾਲੇ ਦਾ ਨਾਂ ਵੀ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਲੋਕ ਗਾਥਾਵਾਂ ਨੂੰ ਤਾਂ ਭਾਵੇਂ ਹੋਰ ਕਲਾਕਾਰਾਂ ਨੇ ਵੀ ਗਾਇਆ ਪਰ ਜੋ ਝੰਡੇ ਮਾਣਕ ਨੇ ਗੱਡੇ ਹਨ, ਉਥੇ ਤੱਕ ਕੋਈ ਹੋਰ ਨਹੀਂ ਪਹੁੰਚ ਸਕਿਆ। ਅੱਜ ਦੇ ਗਾਇਕ ਮਾਈਕ ਹੱਥ ਵਿਚ ਫੜ ਕੇ ਸਿਗਰਟ-ਬੀੜੀ ਪੀਣ ਵਾਲਿਆਂ ਵਾਂਗੂੰ ਮੂੰਹ ਵਿਚ ਥੁੰਨੀ ਰੱਖਦੇ ਹਨ ਪਰ ਮਾਣਕ ਮਾਈਕ ਹੱਥ ਵਿਚ ਫੜਨ ਦੀ ਗੱਲ ਤਾਂ ਦੂਰ ਰਹੀ ਸਗੋਂ ਉਹ ਮਾਈਕ ਤੋਂ ਹੱਥ, ਦੋ ਹੱਥ ਦੂਰ ਹੀ ਰੱਖਦਾ ਸੀ।

ਜਿੱਥੋਂ ਤੱਕ ਦੋਗਾਣਿਆਂ ਦੀ ਗੱਲ ਹੈ, ਇਸ ਵੰਨਗੀ ਵਿਚ ਵੀ ਮਾਣਕ ਚੋਟੀ ਦੇ ਗਾਇਕਾਂ ਦੇ ਬਰਾਬਰ ਮੜਿੱਕਿਆ ਹੈ, ਸਗੋਂ ਕਈਆਂ ਨਾਲੋਂ ਤਾਂ ਉਸਦਾ ਹੱਥ ਉਪਰ ਰਿਹਾ ਹੈ। ਸਤਿੰਦਰ ਬੀਬਾ ਅਤੇ ਗੁਲਸ਼ਨ ਕੋਮਲ ਨਾਲ ਗਾਏ ਉਸਦੇ ਦੋਗਾਣੇ ਗਾਇਕੀ ਦੇ ਇਤਿਹਾਸ ਵਿਚ ਮੀਲ ਪੱਥਰ ਹਨ।

ਧਾਰਮਿਕ ਗੀਤਾਂ ਵਿਚ ਵੀ ਮਾਣਕ ਕਿਸੇ ਪੱਖੋਂ ਘੱਟ ਨਹੀਂ। ਮਾਣਕ ਦੀ ਗਾਈ ਬੰਦਾ ਬਹਾਦਰ ਦੀ ਵਾਰ 'ਲੈ ਕੇ ਕਲਗੀਧਰ ਤੋਂ ਥਾਪੜਾ' ਸੁਣਨ ਵਾਲਿਆਂ ਦੇ ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ। ਹਰ ਸਟੇਜ ਦਾ ਆਰੰਭ ਉਹ ਏਸੇ ਵਾਰ ਨਾਲ ਕਰਦਾ ਸੀ। ਇਸ ਤੋਂ ਇਲਾਵਾ ਉਸਦੇ ਹੋਰ ਵੀ ਧਾਰਮਿਕ ਗੀਤ ਪ੍ਰਸਿੱਧ ਹੋਏ। ਮਾਣਕ ਦੀ ਧਾਰਮਿਕ ਗਾਇਕੀ ਗਿਣਾਤਮਕ ਪੱਖੋਂ ਭਾਵੇਂ ਘੱਟ ਹੈ, ਪਰ ਗੁਣਾਤਮਕ ਪੱਖੋਂ ਪ੍ਰਭਾਵਸ਼ਾਲੀ ਹੈ।

ਇਸ ਤੋਂ ਇਲਾਵਾ ਉਸ ਨੇ 'ਝੰਡੇ ਖਾਲਸਾ ਰਾਜ ਦੇ' ਕੈਸੇਟ ਵੀ ਕਰਵਾਈ। ਕੁਲਦੀਪ ਮਾਣਕ ਨੇ ਅਨੇਕਾਂ ਪੰਜਾਬੀ ਫਿਲਮਾਂ ਵਿਚ ਗੀਤ ਗਾਏ।

ਕੁਲਦੀਪ ਮਾਣਕ ਨੇ ਸਭ ਤੋਂ ਵੱਧ ਗੀਤ ਦੇਵ ਥਰੀਕਿਆਂ ਵਾਲੇ ਦੇ ਹੀ ਲਿਖੇ ਹੋਏ ਗਾਏ ਹਨ। ਇਸ ਤੋਂ ਇਲਾਵਾ ਗੁਰਮੁੱਖ ਗਿੱਲ, ਬਾਬੂ ਸਿੰਘ ਮਾਨ, ਸਨਮੁੱਖ ਸਿੰਘ ਅਜ਼ਾਦ, ਰਾਮ ਸਿੰਘ ਢਿੱਲੋਂ, ਸੇਵਾ ਸਿੰਘ ਨੌਰਥ, ਚੰਨ ਗੁਰਾਇਆਂ ਵਾਲਾ, ਪਾਲੀ ਦੇਤਵਾਲੀਆ, ਬਲਬੀਰ ਲਹਿਰਾ, ਕਰਨੈਲ ਸਿੰਘ ਜਲਾਲ, ਜੀਤ ਗੋਲੇਵਾਲੀਆ, ਚਮਕੌਰ ਚਮਕ, ਅਲਬੇਲ ਬਰਾੜ, ਬਚਨ ਬੇਦਿਲ, ਦੇਬੀ ਮਖਸੂਸਪੁਰੀ, ਦਲੀਪ ਸਿੱਧੂ, ਜੱਗਾ ਗਿੱਲ, ਜਲੌਰ ਸਿੰਘ ਸਿੱਧੂ, ਮੇਵਾ ਸਿੰਘ ਨੌਰਥ, ਦਲੀਪ ਸਿੰਘ ਕਣਕਵਾਲ, ਸੀਤਾ ਗੋਲੇ ਵਾਲੀਆ ਅਤੇ ਬਿੱਕਰ ਮਹਿਰਾਜ ਆਦਿ ਗੀਤਕਾਰਾਂ ਦੇ ਲਿਖੇ ਹੋਏ ਗੀਤ ਵੀ ਉਸਨੇ ਰਿਕਾਰਡ ਕਰਵਾਏ ਹਨ।

ਉਹ ਅਨੇਕਾਂ ਵਾਰ ਵੱਖ-ਵੱਖ ਦੇਸ਼ਾਂ ਵਿਚ ਵੀ ਗਿਆ ਸੀ। ਪਰਵਾਸੀ ਪੰਜਾਬੀਆਂ ਨੇ ਮਾਣ-ਸਨਮਾਨਾਂ ਦੇ ਨਾਲ-ਨਾਲ ਉਸਨੂੰ ਪੌਂਡਾਂ ਤੇ ਡਾਲਰਾਂ ਨਾਲ ਵੀ ਨਿਹਾਲ ਕੀਤਾ।


ਰੇਡੀਓ 'ਤੇ ਪਹਿਲੀ ਵਾਰ ਮਾਣਕ ਨੇ 1973 ਵਿਚ ਗਾਇਆ। ਦੂਰਦਰਸ਼ਨ ਜਲੰਧਰ ਵਾਲਿਆਂ ਨੇ 1981 ਵਿਚ ਪਹਿਲੀ ਵਾਰ ਆਪ ਬੁਲਾਇਆ ਸੀ। ਦੇਵ ਥਰੀਕਿਆਂ ਵਾਲੇ ਨਾਲ ਮੇਲ ਜੋਲ ਵਧਣ 'ਤੇ ਮਾਣਕ ਨੇ ਆਪਣੀ ਰਿਹਾਇਸ਼ ਥਰੀਕੇ ਪਿੰਡ ਵਿਚ ਹੀ ਕਰ ਲਈ। ਉਥੇ ਹੀ 1975 ਵਿਚ ਉਸਦਾ ਵਿਆਹ ਸਰਵਜੀਤ ਕੌਰ ਨਾਲ ਹੋਇਆ। 1985 ਵਿਚ ਮਾਣਕ ਥਰੀਕਿਆਂ ਤੋਂ ਲੁਧਿਆਣੇ ਆ ਗਿਆ ਅਤੇ ਰਣਧੀਰ ਸਿੰਘ ਨਗਰ ਵਿਚ ਰਿਹਾਇਸ਼ ਕਰ ਲਈ।

ਮਾਣ-ਸਨਮਾਨਾਂ ਦੇ ਮਾਮਲੇ ਵਿਚ ਮਾਣਕ ਕਿਸੇ ਤੋਂ ਪਿੱਛੇ ਨਹੀਂ ਰਿਹਾ। ਉਸਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ-ਸਮੇਂ 'ਤੇ ਸਨਮਾਨਤ ਕੀਤਾ। ਉਸਦੇ ਲਈ ਸਭ ਤੋਂ ਵੱਡਾ ਸਨਮਾਨ ਤਾਂ ਪੰਜਾਬੀਆਂ ਦਾ ਪਿਆਰ ਸੀ। ਅਕਤੂਬਰ 1991 ਵਿਚ ਪ੍ਰੋ. ਮੋਹਣ ਸਿੰਘ ਫਾਊਂਡੇਸ਼ਨ ਵੱਲੋਂ ਪੰਜਾਬੀ ਭਵਨ ਵਿਖੇ ਮਾਣਕ ਦਾ ਸਨਮਾਨ ਹੋਣਾ ਸੀ ਤੇ ਤਤਕਾਲੀ ਰਾਜਪਾਲ ਸੁਰਿੰਦਰ ਨਾਥ ਸ਼ਰਮਾ ਮੁੱਖ ਮਹਿਮਾਨ ਸਨ। ਇਕੱਠ ਬਹੁਤ ਜ਼ਿਆਦਾ ਹੋ ਗਿਆ। ਪੰਜਾਬੀ ਭਵਨ ਦਾ ਓਪਨ ਏਅਰ ਥੀਏਟਰ ਨੱਕੋ-ਨੱਕ ਭਰ ਗਿਆ। ਹੋਰ ਸਮਰੱਥਾ ਨਾ ਹੋਣ ਕਾਰਨ ਓਪਨ ਹਾਲ ਦੇ ਸਾਰੇ ਗੇਟ ਬੰਦ ਕਰ ਦਿੱਤੇ ਗਏ। ਜਿੰਨੀ ਜਨਤਾ ਅੰਦਰ ਸੀ, ਉਸ ਤੋਂ ਦੁੱਗਣੀ ਬਾਹਰ ਸੀ। ਮਾਣਕ ਨੇ ਸਨਮਾਨ ਲੈਣ ਲਈ ਅੰਦਰ ਜਾਣ ਦੀ ਥਾਂ ਲੋਕਾਂ ਦਾ ਬਾਹਰ ਇਕੱਠ ਦੇਖ ਉਥੇ ਹੀ 'ਖਾੜਾ ਲਾ ਲਿਆ। ਅੰਦਰਲਾ ਸਨਮਾਨ ਉਸਦੀ ਪਤਨੀ ਸਰਵਜੀਤ ਨੂੰ ਪ੍ਰਾਪਤ ਕਰਨਾ ਪਿਆ। ਇਹ ਸੀ ਮਾਣਕ ਦਾ ਲੋਕਾਂ ਪ੍ਰਤੀ ਅਤੇ ਲੋਕਾਂ ਦਾ ਮਾਣਕ ਪ੍ਰਤੀ ਸਨੇਹ।

18 ਸਤੰਬਰ 1993 ਵਿਚ ਬੇਅੰਤ ਸਰਕਾਰ ਵੱਲੋਂ ਉਹਨੂੰ ਉਸਦੇ ਪਿੰਡ ਜਲਾਲ ਵਿਖੇ ਇਕ ਕਾਰ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਆ ਗਿਆ। ਇਕ ਵਾਰੀ ਮਾਣਕ ਬਠਿੰਡੇ ਦੀ ਪਾਰਲੀਮੈਂਟ ਸੀਟ ਤੋਂ ਚੋਣ ਲੜਿਆ ਪਰ ਹਾਰ ਗਿਆ ਕਿਉਂਕਿ ਰਾਜਨੀਤੀ ਦੇ 'ਠੇਕੇਦਾਰਾਂ' ਨੇ ਉਹਦੇ ਪੈਰ ਨਹੀਂ ਲੱਗਣ ਦਿੱਤੇ।

ਮਾਣਕ ਦੇ ਦੋ ਬੱਚੇ ਯੁੱਧਵੀਰ ਮਾਣਕ ਅਤੇ ਧੀ ਸ਼ਕਤੀ ਮਾਣਕ ਹਨ। ਯੁੱਧਵੀਰ ਮਾਣਕ ਨੇ ਪਿਓ ਵਾਲੀ ਲਾਈਨ ਹੀ ਫੜੀ। ਉਸਨੇ ਬਾਲ ਗਾਇਕੀ ਤੋਂ ਸ਼ੁਰੂਆਤ ਕਰਕੇ ਜਲਦੀ ਹੀ ਇਸ ਖੇਤਰ ਵਿਚ ਅੱਗੇ ਪੁਲਾਂਘਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਪਰੰਤੂ ਕੁੱਝ ਸਮੇਂ ਬਾਅਦ ਹੀ ਉਹ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਗਿਆ। ਪੁੱਤ ਦੀ ਬਿਮਾਰੀ ਦੇ ਸਦਮੇ ਕਾਰਨ ਮਾਣਕ ਵੀ ਮੰਜੇ ਵਿਚ ਪੈ ਗਿਆ ਤੇ ਆਖਰ 30 ਨਵੰਬਰ, 2011 ਨੂੰ ਇਸ ਦੁਨੀਆ ਤੋਂ ਕੂਚ ਕਰ ਗਿਆ।

# ਏਕ ਹੈਂ ਤੋ ਸੇਫ਼ ਹੈਂ



## ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਭਾਰਤ ਵਿਚ ਹਿੰਦੂਆਂ ਦੀ ਆਬਾਦੀ ਵੱਡੀ ਬਹੁ-ਗਿਣਤੀ ਵਿਚ ਹੁੰਦਿਆਂ ਹਿੰਦੂਤਵ ਨੂੰ ਪ੍ਰਣਾਈ ਸੱਤਾਧਾਰੀ ਪਾਰਟੀ ਵਲੋਂ ਅੱਜ-ਕਲ੍ਹ 'ਏਕ ਹੈਂ ਤੋ ਸੇਫ਼ ਹੈਂ" ਨਾਹਰਾ ਜ਼ੋਰ-ਸ਼ੋਰ ਨਾਲ ਲਾਇਆ ਜਾ ਰਿਹਾ ਹੈ। ਇਹ ਨਾਹਰਾ ਭਾਰਤ ਵਿਚ ਹਿੰਦੂਆਂ ਨੂੰ ਘੱਟ ਗਿਣਤੀ ਮੁਸਲਮਾਨਾਂ ਦਾ ਭੈਅ ਦਿਖਾ ਕੇ ਲਾਇਆ ਜਾ ਰਿਹਾ ਹੈ। ਇਸ ਮੁਹਿੰਮ ਦੌਰਾਨ ਮੁਸਲਮਾਨੀ ਹਕੂਮਤਾਂ ਦੁਆਰਾ ਹਿੰਦੂਆਂ ਉਪਰ ਹੋਏ ਕਥਿਤ ਅਤਿਆਚਾਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਦੇਸ਼ ਵਿਚ ਕਿੰਨੀਆਂ ਮੁਸਲਮਾਨੀ ਹਕੂਮਤਾਂ ਰਹੀਆਂ ਪਰ ਹਿੰਦੂ ਧਰਮ ਸੇਫ਼ ਰਿਹਾ। ਜੇ ਭਲਾ ਪਿਛਲੀਆਂ ਵਿਚ ਹਿੰਦੂਆਂ 'ਤੇ ਏਨੇ ਜ਼ੁਲਮ ਢਹੇ ਹੁੰਦੇ ਤਾਂ ਇਸ ਵਿਚ ਅੱਜ ਬੁਰੀ ਤਰ੍ਹਾਂ ਖੂੰਜੇ ਲਾਏ ਜਾ ਰਹੇ ਮੁਸਲਮਾਨਾਂ ਦਾ ਕੀ ਕਸੂਰ? ਇਸ ਨਾਹਰੇ ਦਾ ਮੰਤਵ ਚੋਣਾਂ ਵਿਚ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਵੋਟਾਂ ਬਟੋਰਨਾਂ ਹੀ ਹੈ ਤੇ ਵੱਡੇਰਾ ਮਕਸਦ ਕਾਰਪੋਰੇਟ ਵਿਵਸਥਾ, ਜਿਸ ਦੀ ਨੁਮਾਇੰਦਗੀ ਅਦਾਨੀ ਅੰਬਾਨੀ ਕਰਦੇ ਹਨ, ਦੇ ਸੇਫ ਭਰਨਾ ਹੈ। ਮਹਾਂਰਾਸ਼ਟਰ ਚੋਣਾਂ ਦੇ ਨਤੀਜੇ ਦੱਸ ਰਹੇ ਹਨ ਕਿ ਇਹ ਨਾਹਰਾ ਕਾਰਗਰ ਸਾਬਿਤ ਹੋ ਰਿਹਾ ਹੈ। ਇਸ ਸਿਲਸਿਲੇ ਵਿਚ ਪਿਛਲੇ ਦਿਨੀਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇੱਕ ਪਰੈੱਸ ਕਾਨਫਰੰਸ ਕਰ ਕੇ ਇੰਕਸ਼ਾਫ਼ ਕੀਤਾ ਕਿ ਅਸੀਂ ਅਦਾਨੀ ਅੰਬਾਨੀ ਵਗੈਰਾ ਦੇ ਕਾਰੋਬਾਰ ਵਧਣ ਦੇ ਬਿਲਕੁਲ ਖਿਲਾਫ਼ ਨਹੀਂ, ਅਸੀਂ ਖਿਲਾਫ਼ ਹਾਂ ਸਿਰਫ਼ ਤੇ ਸਿਰਫ਼ ਇਨ੍ਹਾਂ ਨੂੰ ਚੋਰਾਨਾ ਢੰਗ ਨਾਲ ਸਾਰੇ ਬਿਜ਼ਨੈਸ ਸੌਂਪ ਦੇਣ ਦੇ। ਇਹ ਗੱਲ ਮਹਾਰਾਸ਼ਟਰ ਵਿਚ ਧਰਾਵੀ ਮੁੱਦੇ ਦੇ ਪ੍ਰਸੰਗ ਵਿਚ ਹੋ ਰਹੀ ਸੀ। ਮੁੰਬਈ ਵਿਚ ਧਰਾਵੀ ਦੁਨੀਆ ਭਰ ਦੀ ਸਭ ਤੋਂ ਵੱਡੀ ਠੱਠੀ ਹੈ, ਜਿਸ ਦੇ ਦੋ ਕੁ ਵਰਗ ਮੀਲ ਇਲਾਕੇ ਵਿਚ ਕੋਈ ਪੰਦਰਾਂ ਵੀਹ ਲੱਖ ਲੋਕ ਤੂੜੇ ਹੋਏ ਹਨ। ਇਨ੍ਹਾਂ ਲੋਕਾਂ ਦੇ ਹੈਵਾਨੀ ਵਸੇਬੇ ਨੂੰ ਸੁਧਾਰਨ ਦੇ ਬਹਾਨੇ 'ਪੁਨਰ ਵਿਕਾਸ ਪ੍ਰੋਜੈਕਟ' ਅੰਬਾਨੀ ਨੂੰ ਦਿੱਤਾ ਜਾ ਰਿਹਾ ਹੈ ਤੇ ਡਰ ਹੈ ਕਿ ਏਥੋਂ ਦੇ 15 ਲੱਖ ਲੋਕਾਂ ਦਾ ਉਜਾੜਾ ਹੋਵੇਗਾ। ਅਮਰੀਕਾ ਵਲੋਂ ਭ੍ਰਿਸ਼ਟ ਤਰੀਕੇ ਅਪਣਾ ਕੇ ਅਮਰੀਕੀ ਨਿਵੇਸ਼ਕਾਂ ਨੂੰ ਵਰਗਲਾਉਣ ਦੇ ਦੋਸ਼ ਕਾਰਨ ਵਰੰਟ-ਪ੍ਰਾਪਤ ਅਦਾਨੀ ਪ੍ਰਤੀ ਰਾਹੁਲ ਦੀ ਜਤਾਈ ਚਿੰਤਾ ਹੋਰ ਉਘੜ ਜਾਂਦੀ ਹੈ।

ਰਾਹੁਲ ਇਸ ਕਾਨਫਰੰਸ ਦੌਰਾਨ ਇਕ ਸੇਫ਼ (ਤਿਜੋਰੀ) ਲੈ ਆਏ। ਇਸ ਵਿਚੋਂ ਉਨ੍ਹਾਂ ਮਦਾਰੀਆਂ ਵਾਂਗ ਦੋ ਪੋਸਟਰ ਕੱਢ ਕੇ ਦਿਖਾਏ ਜਿਨ੍ਹਾਂ ਵਿਚੋਂ ਇੱਕ ਵਿਚ ਆਦਾਨੀ ਤੇ ਮੋਦੀ ਦੀ ਤਸਵੀਰ ਸੀ ਤੇ ਹੇਠਾਂ 'ਏਕ ਹੈਂ ਤੋ ਸੇਫ਼ ਹੈਂ" ਲਿਖਿਆ ਹੋਇਆ ਸੀ। ਰਾਹੁਲ ਇਹ ਦਰਸਾਉਣਾ ਚਾਹੁੰਦੇ ਸਨ ਕਿ ਇਸ ਨਾਹਰੇ ਦਾ ਅਸਲ ਮਕਸਦ 'ਮੋਦਾਨੀ' ਕਹੀ ਜਾਂਦੀ ਅਦਾਨੀ-ਮੋਦੀ ਜੁੰਡਲੀ ਦੇ ਇਜਾਰੇਦਾਰਾਨਾ ਹਿਤਾਂ ਨੂੰ ਸੇਫ਼ ਰੱਖਣਾ ਹੈ। ਇਸ ਤਰਾਂ ਉਨ੍ਹਾਂ ਨਾਹਰੇ ਵਿਚਲੇ ਸ਼ਬਦ ਸੇਫ਼ ਨੂੰ ਤਿਜੋਰੀ ਦੇ ਅਰਥਾਂ ਨਾਲ ਜੋੜ ਦਿੱਤਾ। ਦੂਜੇ ਪੋਸਟਰ ਵਿਚ ਧਰਾਵੀ ਦਾ ਨਕਸ਼ਾ ਸੀ ਜਿਸ ਦੀ ਇਬਾਰਤ ਸੀ, 'ਧਰਾਵੀ ਕਾ ਭਵਿਸ਼ਯ ਸੇਫ਼ ਨਹੀਂ, 15 ਲੱਖ ਲੋਗੋਂ ਕੋ ਵਿਸਥਾਪਿਤ ਕੀਯਾ ਜਾਏਗਾ'। ਮੋਦਾਨੀ ਤੋਂ ਯਾਦ ਆਇਆ, ਅਮਰੀਕੀ ਰਾਸ਼ਟਰਪਤੀ ਨਿਕਸਨ ਤੇ ਉਸ ਦੇ ਸਟੇਟ ਸੈਕਟਰੀ ਕਿਸਿੰਗਰ ਵਿਚਾਰਾਂ ਤੇ ਅਮਲਾਂ ਵਿਚ ਏਨਾ ਘਿਉ ਖਿਚੜੀ ਸਨ ਕਿ ਮੀਡੀਆ ਨੇ ਉਨ੍ਹਾਂ ਦੇ ਨਾਂ ਜੋੜ ਕੇ ਸੰਯੁਕਤ ਨਾਂ 'ਨਿਕਸਿੰਗਰ' ਬਣਾ ਦਿੱਤਾ ਸੀ। ਯੂਨੀਵਰਸਿਟੀ ਪੜ੍ਹਦਿਆਂ ਮੇਰੇ ਨਾਲ ਦੋ ਮੋਟੇ ਹਮ-ਸ਼ਕਲ ਭਰਾ ਪੜ੍ਹਦੇ ਸਨ ਜੋ ਇੱਕ ਦੂਜੇ ਨਾਲ ਚਿਪਕੇ ਹੀ ਰਹਿੰਦੇ ਸਨ। ਜਮਾਤੀਆਂ ਨੇ ਦੋਨਾਂ ਦਾ ਸਾਂਝਾ ਨਾਂ 'ਥਣ' ਰੱਖ ਦਿੱਤਾ।

ਰਾਹੁਲ ਦੇ ਜਵਾਬ ਵਿਚ ਬੀਜੇਪੀ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਵੀ ਇੱਕ ਪ੍ਰੈੱਸ ਕਾਨਫਰੰਸ ਕਰ ਕੇ ਦੋ ਪੋਸਟਰ ਲੈ ਆਏ। ਇੱਕ ਵਿਚ ਲਿਖਿਆ ਹੋਇਆ ਸੀ, 'ਮਾਲ ਤਿਜੋਰੀ ਕੇ ਅੰਦਰ, ਦੋਨੋਂ ਬੇਲ ਪਰ ਬਾਹਰ'। ਮਤਲਬ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫਸੇ ਮਾਂ ਪੁੱਤ ਸੋਨੀਆ ਤੇ ਰਾਹੁਲ ਜ਼ਮਾਨਤ ਲੈ ਕੇ ਬਾਹਰ ਹਨ। ਦੂਜੇ ਪੋਸਟਰ ਦੇ ਸ਼ਬਦਾਂ, 'ਛੋਟਾ ਪੋਪਟ, ਕਰ ਦੀ ਆਪਨੀ, ਪਾਰਟੀ ਚੌਪਟ' ਨਾਲ ਰਾਹੁਲ ਨੂੰ ਪੋਪਟ ਦੀ ਛੇੜ ਪਾਈ ਗਈ। ਮਰਾਠੀ, ਗੁਜਰਾਤੀ ਅਤੇ ਰਾਜਸਥਾਨੀ ਭਾਸ਼ਾਵਾਂ ਵਿਚ ਤੋਤੇ ਨੂੰ ਪੋਪਟ ਕਿਹਾ ਜਾਂਦਾ ਹੈ ਜਿਸ ਦਾ ਬਾਂਦਰ, ਗਧੇ ਜਾਂ ਉਲੂ ਦੀ ਤਰ੍ਹਾਂ ਵਿਸਤ੍ਰਿਤ ਅਰਥ ਮੂਰਖ, ਬੁੱਧੂ ਹੈ। ਤੋਤਾ ਇੱਕੋ ਰੱਟ ਲਾਈ ਰੱਖਦਾ ਹੈ, ਨਾਲੇ ਪਿੰਜਰੇ ਵਿਚ ਬੰਦ ਰਹਿਣ ਕਰਕੇ ਦੁਨੀਆ ਤੋਂ ਬੇਖਬਰ, ਮਾਨੋਂ ਬੁੱਧੂ ਹੁੰਦਾ ਹੈ। ਇਨ੍ਹਾਂ ਭਾਸ਼ਾਵਾਂ ਵਿਚ ਮੂਰਖ ਬਣਨ ਲਈ ਪੋਪਟ ਬਣਨਾ ਉਕਤੀ ਵਰਤੀ ਜਾਂਦੀ ਹੈ। ਦਰਅਸਲ ਕਿਸੇ ਵੇਲੇ ਸ਼ਿਵ ਸੈਨਾ ਦੇ ਬਾਨੀ ਬਾਲ ਠਾਕਰੇ ਨੇ ਰਾਹੁਲ ਨੂੰ 'ਛੋਟਾ ਪੋਪਟ' ਕਿਹਾ ਸੀ। ਅੱਜ-ਕਲ੍ਹ ਭਾਰਤੀ ਰਾਜਨੀਤੀ ਵਿਚ ਕਿਸੇ ਲੀਡਰ ਦੇ ਨਾਂ 'ਤੇ ਕੁਨਾਂ ਪਾਉਣ ਦਾ ਨਖਿੱਧ ਰੁਝਾਨ ਵਧ ਰਿਹਾ ਹੈ, ਹਿੰਦੂਤਵ ਸ਼ਕਤੀਆਂ ਇਸ ਰੁਝਾਨ ਵਿਚ ਸਭ ਤੋਂ ਮੂਹਰੀ ਹਨ। ਸ਼ੁਰੂ ਵਿਚ ਰਾਹੁਲ ਦੀ ਵਿਵਹਾਰਕ ਰਾਜਨੀਤੀ ਵਿਚ ਘੱਟ ਪਕੜ ਹੋਣ ਕਾਰਨ ਇਨ੍ਹਾਂ ਸ਼ਕਤੀਆਂ ਨੇ ਉਸ ਦਾ ਮੌਜੂ ਉਡਾਉਂਦਾ ਨਾਂ ਪੱਪੂ ਪ੍ਰਚਲਤ ਕਰਨ ਲਈ ਕਰੋੜਾਂ ਰੁਪਏ ਖਰਚੇ। ਫਿਰ ਮੋਦੀ ਨੇ ਲੋਕ ਸਭਾ ਵਿਚ ਰਾਹੁਲ ਨੂੰ ਬਾਲ ਬੁੱਧੀ ਕਿਹਾ। ਮੋਦੀ ਦੀ ਗੋਦੀ ਵਿਚ ਬੈਠ ਗਏ ਭਾਰਤੀ ਮੀਡੀਏ ਦਾ ਨਾਂ ਗੋਦੀ ਮੀਡੀਆ ਪੱਤਰਕਾਰ ਰਵੀਸ਼ ਕੁਮਾਰ ਨੇ ਧਰਿਆ ਸੀ। ਇਸ ਦਾ ਕਾਫ਼ੀਆ ਮੋਦੀ ਨਾਲ ਮਿਲਦਾ ਹੈ। ਸੰਬਿਤ ਹੁੱਬ ਕੇ ਦੱਸ ਰਹੇ ਸਨ ਕਿ ਰਾਹੁਲ ਨੂੰ ਹੁਣ ਉਸ ਦੇ ਕਹਿਣ 'ਤੇ ਭਾਰਤੀ ਲੋਕ ਪੱਪੂ ਤੋਂ ਅਗਲੇਰੀ ਉਪਾਧੀ ਪੋਪਟ ਨਾਲ ਨਿਵਾਜਣਾ ਸ਼ੁਰੂ ਕਰ ਦੇਣਗੇ। ਸੰਬਿਤ ਨੇ ਰਾਹੁਲ 'ਤੇ ਸਭ ਤੋਂ ਵੱਧ ਤਨਜ਼ ਇਸ ਗੱਲ 'ਤੇ ਕੱਸਿਆ ਕਿ ਉਸ ਨੂੰ ਇਹ ਨਹੀਂ ਪਤਾ ਕਿ ਬਚਾਉਣ ਦੇ ਅਰਥਾਂ ਵਾਲੇ ਅੰਗਰੇਜ਼ੀ ਲਫਜ਼ ਸੇਫ਼ ਤੇ ਤਿਜੋਰੀ ਦੇ ਅਰਥਾਂ ਵਾਲੇ ਸੇਫ਼ ਅੱਡ ਅੱਡ ਸੰਕਲਪ ਹਨ, ਇਨ੍ਹਾਂ ਨੂੰ ਜੋੜਿਆ ਨਹੀਂ ਜਾ ਸਕਦਾ। ਸੰਬਿਤ ਨੇ ਉਲਟਾ ਇਲਜ਼ਾਮ ਲਾਇਆ ਕਿ ਨਹਿਰੂ-ਗਾਂਧੀ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਰਾਜਨੀਤੀ ਕਰਦੇ ਹੋਏ ਆਪਣੀਆਂ ਹੀ ਤਿਜੋਰੀਆਂ ਭਰਦੇ ਰਹੇ ਹਨ। ਚਲੋ ਦੇਖਦੇ ਹਾਂ, ਕੀ ਦੋਵੇਂ ਸੇਫ਼ ਵਾਕਈ ਅਣਜੋੜ ਹਨ?

ਪਹਿਲਾਂ ਥੋੜ੍ਹਾ ਇਹ ਵੀ ਵਿਚਾਰ ਕਰ ਲਈਏ ਕਿ ਅੱਜ ਕਲ੍ਹ ਭਾਰਤੀ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਬੁਰੀ ਤਰ੍ਹਾਂ ਦੁਭਾਸ਼ਕ ਬਣਦੀ ਜਾ ਰਹੀ ਹੈ। ਗੁਰੂ ਨਾਨਕ ਨੇ 'ਬੋਲੀ ਅਵਰ ਤੁਮਾਰੀ' ਕਿਹਾ ਸੀ। ਅੱਜ ਕਲ੍ਹ ਫਿਕਰਿਆਂ ਵਿਚ ਬੇਤਹਾਸ਼ਾ ਅੰਗਰੇਜ਼ੀ ਦੇ ਸ਼ਬਦ ਅੜੋਸੇ ਜਾ ਰਹੇ ਹਨ। ਏਥੋਂ ਤੱਕ ਕਿ ਸਬੰਧਕ, ਯੋਜਕ ਤੇ ਕਿਰਿਆ ਵਜੋਂ ਜਾਣੇ ਜਾਂਦੇ ਸ਼ਬਦਾਂ ਵਿਚ ਵੀ। ਇਸ ਪ੍ਰਵਿਰਤੀ ਨੂੰ ਕੋਡ ਮਿਕਸਿੰਗ ਕਿਹਾ ਜਾਂਦਾ ਹੈ। ਇਕ ਮਿਸਾਲ ਹੈ ਹਿੰਦੀ ਦੀ ਫਿਲਮ 'ਜਬ ਵੀ ਮੈਟ'। 'ਏਕ ਹੈਂ ਤੋ ਸੇਫ਼ ਹੈਂ ਨਾਹਰੇ ਵਿਚ 'ਸੇਫ' ਪਰੋ ਕੇ ਕੁਝ ਅਜਿਹਾ ਹੀ ਕੀਤਾ ਗਿਆ ਹੈ। ਦੂਜੇ ਪਾਸੇ ਸੱਤਾਧਾਰੀ ਪਾਰਟੀ ਭਾਰਤੀ ਭਾਸ਼ਾਵਾਂ ਵਿਚ ਘੁਲ ਮਿਲ ਚੁੱਕੇ ਫਾਰਸੀ, ਅਰਬੀ ਸ਼ਬਦ ਪਾਠ-ਪੁਸਤਕਾਂ ਵਿਚੋਂ ਧੜਾ ਧੜ ਕਢਵਾ ਰਹੀ ਹੈ। ਸਭ ਸਮਝਦੇ ਹਨ ਅੰਗਰੇਜ਼ੀ ਸ਼ਬਦ ਸੇਫ਼ ਦਾ ਮਤਲਬ 'ਸੁਰੱਖਿਅਤ, ਸਲਾਮਤ' ਹੁੰਦਾ ਹੈ। ਪਰ ਕਾਬਲੇ ਗ਼ੌਰ ਹੈ ਕਿ ਤਿਜੋਰੀ (ਪੰਜਾਬੀ ਵਿਚ ਤਿਜੌਰੀ) ਦੇ ਅਰਥਾਂ ਵਾਲਾ ਸੇਫ਼ ਵੀ ਦਰਅਸਲ ਸੁਰੱਖਿਅਤ ਦੇ ਅਰਥਾਂ ਵਾਲਾ ਸੇਫ਼ ਹੀ ਹੈ। ਏਥੇ ਸੇਫ਼ ਉਹ 'ਪਾਤਰ ਹੈ ਜਿਸ ਵਿਚ ਕੀਮਤੀ ਸ਼ੈਆਂ ਸੁਰੱਖਿਅਤ ਰੱਖੀਆਂ ਜਾਣ'। ਵਿਸ਼ੇਸ਼ਣ ਵਜੋਂ ਸੇਫ਼ ਸ਼ਬਦ 14ਵੀਂ ਸਦੀ ਵਿਚ ਅੰਗਰੇਜ਼ੀ ਵਿਚ ਦਾਖਿਲ ਹੋਇਆ। ਉਦੋਂ ਇਸ ਵਿਚ ਰੱਬ ਨੇ ਬਚਾਇਆ, ਰਾਮ ਰੱਖਾ, ਉਧਾਰ ਕੀਤਾ, ਮੁਕਤ ਦੇ ਅਰਥ ਵੀ ਸਨ। ਇਹ ਫਰਾਂਸੀਸੀ ਵਿਚੋਂ ਆਇਆ ਸੀ ਜਿਸ ਵਿਚ ਇਸ ਦਾ ਮੁੱਖ ਭਾਵ ਸੀ, ਜਿਸ ਦੀ ਮੁਕਤੀ ਪੱਕੀ ਹੋਵੇ। ਇਹ ਅੰਤਮ ਤੌਰ 'ਤੇ ਸਿਹਤਮੰਦ, ਤੰਦਰੁਸਤ, ਅਰੋਗ ਦੇ ਅਰਥਾਂ ਵਾਲੇ ਲਾਤੀਨੀ ਸ਼ਬਦ salvus ਤੋਂ ਨਿਕਲਿਆ ਸੀ। ਇਸ ਭਾਰੋਪੀ ਸ਼ਬਦ ਦਾ ਮੂਲ *sol ਮਿਥਿਆ ਗਿਆ ਹੈ ਤੇ ਇਸ ਦਾ ਅਰਥ ਸਮੁੱਚਾ, ਸਾਰਾ, ਸਗਲਾ, ਮੁਕੰਮਲ ਨਿਸ਼ਚਿੱਤ ਕੀਤਾ ਗਿਆ ਹੈ। ਸਿਹਤਮੰਦ, ਤੰਦਰੁਸਤ ਦੇ ਭਾਵ ਇਸ ਤੱਥ ਤੋਂ ਉਭਰਦੇ ਹਨ ਕਿ ਸਰੀਰ ਆਪਣੀ ਮੂਲ ਸਮੁੱਚਤਾ ਵਿਚ ਕਾਇਮ ਹੈ, ਇਸ ਵਿਚ ਬੀਮਾਰੀ, ਚੋਟ ਆਦਿ ਦੀ ਕੋਈ ਖੋਟ ਨਹੀਂ। ਅਸਲ ਵਿਚ ਹੋਰ ਮੂਲ ਤੋਂ ਬਣਿਆ ਅੰਗਰੇਜ਼ੀ whole ਵਿਚ ਵੀ ਤੰਦਰੁਸਤ, ਨਿਰੋਗ, ਬੀਮਾਰੀ ਜਾਂ ਕਿਸੇ ਵੀ 'ਮਾਰ ਤੋਂ ਬਚਿਆ' ਦੇ ਭਾਵ ਹਨ, health ਸ਼ਬਦ ਇਸੇ ਨਾਲ ਸਬੰਧਤ ਹੈ।

ਸਮੁੱਚਾ, ਸੁਰੱਖਿਅਤ ਦੇ ਅਰਥਾਂ ਦੇ ਮੂਲ *sol ਦੀ ਸੰਤਾਨ ਵੱਲ ਨਜ਼ਰ ਮਾਰੀਏ। ਪਹਿਲਾਂ ਅੰਗਰੇਜ਼ੀ ਦੀ ਵਾਰੀ: ਕੈਥੋਲਿਕ, ਮੁਢਲੇ ਤੌਰ ਇਸ ਗਰੀਕ ਸ਼ਬਦ ਦੇ ਅਰਥ ਸਨ, ਸਰ-ਪ੍ਰਮਾਣਿਤ, ਅਰਥਾਤ ਜਗਤ ਭਰ ਵਿਚ ਮੰਨਿਆ ਜਾਂਦਾ। ਹੋਲੋਕੌਸਟ: ਜੋ ਸਾਰੇ ਦਾ ਸਾਰਾ ਜਲਾਇਆ ਗਿਆ (caust = ਜਲਾਉਣਾ, ਪਹਿਲੀਆਂ ਵਿਚ ਜਲਾ ਕੇ ਦਿੱਤੀ ਬਲੀ), ਸੈਲਿਊਟ (ਪੰਜਾਬੀ ਸਲੂਟ) ਮੁਢਲੇ ਤੌਰ 'ਤੇ ਲਾਤੀਨੀ ਸ਼ਬਦ ਹੈ ਜਿਸ ਦਾ ਮੁੱਖ ਭਾਵ ਹੈ 'ਕਿਸੇ ਦੀ ਸਲਾਮਤੀ ਦੀ ਕਾਮਨਾ'। ਸਬੱਬ ਦੀ ਗੱਲ ਹੈ ਕਿ ਅਰਬੀ ਤੋਂ ਆਏ 'ਸਲਾਮਤ' ਸ਼ਬਦ ਵਿਚ ਵੀ ਸਮੁੱਚਤਾ ਦਾ ਭਾਵ ਹੈ ਤੇ ਨਾਲ ਲਗਦੇ ਸਲਾਮ ਵਿਚ ਵੀ ਸੈਲਿਊਟ ਜਿਹੇ ਤੰਦਰੁਸਤੀ, ਸ਼ਾਂਤੀ ਦੀ ਕਾਮਨਾ ਦੇ ਭਾਵ ਹਨ। ਸੌਲਿਡ (solid): ਠੋਸ, ਸਾਲਮ, ਸਾਬਿਤ ਸਬੂਤ, ਅਖੰਡ, ਅਣਵੰਡਿਆ। ਅਵੇਸਤਾ ਅਤੇ ਪੁਰਾਣੀ ਫਾਰਸੀ ਵਿਚ 'ਹਰੂਵਾ' ਜਿਹਾ ਸ਼ਬਦ ਹੈ ਜਿਸ ਵਿਚ ਸਮੁੱਚਤਾ, ਅਰੋਗਤਾ, ਤੰਦਰੁਸਤੀ, ਸਲਾਮਤੀ ਦਾ ਆਸ਼ਾ ਹੈ। ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਰਚ-ਮਿਚ ਗਿਆ 'ਹਰ' ਸ਼ਬਦ ਇਸ ਤੋਂ ਬਣਿਆ, 'ਹਰ ਦਿਨੁ ਹਰਿ ਸਿਮਰਨੁ ਮੇਰੇ ਭਾਈ'- ਗੁਰੂ ਅਰਜਨ, 'ਉਸ ਦਾ ਨਾਮ ਚਿਤਾਰਨ ਵਾਲਾ, ਹਰ ਮੈਦਾਨ ਨਾ ਹਰਦਾ'-ਮੁਹੰਮਦ ਬਖਸ਼।

ਸਜਾਤੀ ਸੰਸਕ੍ਰਿਤ ਸ਼ਬਦ *ਸਰਵਹ ਵਿਚ ਵੀ ਸਮੁੱਚਤਾ, ਸਲਾਮਤੀ, ਨਿਰੋਗਤਾ ਦੇ ਭਾਵ ਹਨ। ਭਾਵੇਂ ਇਸ ਸ਼ਬਦ ਦੇ ਮੁਖ ਅਰਥ ਸਾਰੇ, ਹਰ ਕੋਈ, ਦੇ ਨਾਲ ਨਾਲ ਸਮੁੱਚਾ, ਸਾਰਾ ਪੂਰਾ, ਸੰਪੂਰਨ, ਮੁਕੰਮਲ ਵੀ ਹੈ। ਨਾਂਵ ਦੇ ਤੌਰ 'ਤੇ ਤਾਂ ਇਸ ਦਾ ਅਰਥ ਸਾਰਾ ਸਰੀਰ ਹੈ। ਪੰਜਾਬੀ ਵਿਚ ਇਸ ਦਾ ਰੂਪ ਸਰਵ/ਸਰਬ ਖੂਬ ਵਰਤਿਆ ਜਾਂਦਾ ਹੈ: 'ਸਰਬ ਰੋਗ ਕਾ ਔਖਧੁ ਨਾਮ', 'ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ'- ਗੁਰੂ ਨਾਨਕ। ਸਰਬੱਤ ਦਾ ਭਲਾ, ਸਰਵ ਵਿਆਪਕ, ਸਰਵੋ ਸਰਵਾ, ਸਰਬ ਸ਼ਕਤੀਮਾਨ, ਸਰਬਾਂਗੀ, ਸਰਬੱਗ ਆਦਿ ਇਸ ਤੋਂ ਬਣੇ ਕੁਝ ਹੋਰ ਸੰਯੁਕਤ ਸ਼ਬਦ ਹਨ। ਅਸਲ ਵਿਚ ਪੰਜਾਬੀ ਅਤੇ ਹੋਰ ਭਾਰਤੀ ਆਰਿਆਈ ਭਾਸ਼ਾਵਾਂ ਦਾ ਸ਼ਬਦ 'ਸਾਰਾ' ਵੀ ਸਰਵ ਤੋਂ ਹੀ ਵਿਉਤਪਤ ਹੋਇਆ ਹੈ, ਬੱਸ ਆਖਰੀ ਵ ਧੁਨੀ ਦੀ ਥਾਂ ਆ ਧੁਨੀ ਨੇ ਲੈ ਲਈ ਹੈ, 'ਆਪੇ ਬਖਸਿ ਕਰੇ ਜੀਅ ਸਾਰਾ'- ਗੁਰੂ ਅਰਜਨ। ਇਸੇ ਤਰ੍ਹਾਂ ਪੰਜਾਬੀ 'ਸਭ' ਹਿੰਦੀ 'ਸਬ' ਸ਼ਬਦ ਵੀ ਸਰਵ ਦੇ ਹੀ ਪੁੱਤਰ ਹਨ। ਬੱਸ ਰ ਧੁਨੀ ਅਲੋਪ ਹੋ ਗਈ ਹੈ। ਇਸ ਦਾ ਪ੍ਰਾਕ੍ਰਿਤ ਰੂਪ ਸੱਬ ਹੈ, ਪੰਜਾਬੀ ਦੀ ਟੋਨ ਆ ਜਾਣ ਨਾਲ ਇਹ ਸਭ ਬਣਿਆ, 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' -ਗੁਰੂ ਨਾਨਕ। ਲਹਿੰਦੀ ਵਿਚ ਸ ਧੁਨੀ ਹ ਵਿਚ ਵਟਣ ਨਾਲ ਹਭ ਸ਼ਬਦ ਸਾਹਮਣੇ ਆਉਂਦਾ ਹੈ, 'ਜਾ ਮੂੰ ਆਵਹਿ ਚਿਤਿ ਤੂ ਤਾ ਹਭੇ ਸੁਖ ਲਹਾਉ'-ਡਖਣੇ। ਮੇਰੇ ਪਿੰਡ ਵਾਲੇ ਘਰ ਦੇ ਸਾਹਮਣੇ ਬਣੇ ਇੱਕ ਪੁਰਾਣੇ ਮੰਦਿਰ ਦੇ ਦਰਵਾਜ਼ੇ ਉਪਰ ਲੱਗੀ ਸਿਲ 'ਤੇ ਉਕਰਿਆਹੋਇਆ ਸੀ, 'ਸਵ ਆਸਾਵ ਅਛਰੂ ਤੇ ਲੇ' ਮੈਨੂੰ ਇਸ ਦਾ ਮਤਲਬ ਬਹੁਤ ਬਾਅਦ ਵਿਚ ਸਮਝ ਆਇਆ: ਮੰਦਿਰ ਬਣਾਉਣ ਦਾ 'ਸਾਰਾ ਹਿਸਾਬ ਅਛਰੂ ਤੋਂ ਲਿਆ'। ਇਸ ਤੋਂ ਪਤਾ ਲਗਦਾ ਹੈ ਕਿ ਆਮ ਲੋਕ ਸਭ ਨੂੰ ਸਵ ਬੋਲਦੇ ਸਨ ਜੋ ਕਿ ਸਰਵ ਦੇ ਵਧੇਰੇ ਨੇੜੇ ਹੈ। ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ, ਸੇਫ਼ ਲਈ ਆਮ ਵਰਤਿਆ ਜਾਂਦਾ ਸਾਡਾ ਦੇਸੀ ਜਾਪਦਾ ਸ਼ਬਦ 'ਤਿਜੋਰੀ' ਅਸਲ ਵਿਚੋਂ ਮੂਲੋਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਹੈ 'treasury' ਦਾ ਵਟਿਆ ਰੂਪ ਹੈ ਜੋ ਅੱਗੋਂ treasure (ਖਜ਼ਾਨਾ) ਤੋਂ ਬਣਿਆ ਹੈ। ਇਸ ਸ਼ਬਦ ਦੇ ਵੀ ਸਾਡੀਆਂ ਭਾਸ਼ਾਵਾਂ ਵਿਚ ਸਕੇ ਸੋਹਦਰੇ ਮਿਲਦੇ ਹਨ ਪਰ ਇਹ ਲੰਮੀ ਕਹਾਣੀ ਹੈ ਜੋ ਅੱਜ ਦੇ ਵਿਸ਼ੇ ਤੋਂ ਬਾਹਰ ਹੈ। ਏਨਾ ਕੁ ਇਸ਼ਾਰਾ ਕਾਫ਼ੀ ਹੈ ਕਿ ਇਹ ਸਾਡੇ ਰੱਖਣਾ ਦੇ ਅਰਥਾਂ ਵਾਲੇ 'ਧਰਨਾ' ਸ਼ਬਦ ਦਾ ਸਜਾਤੀ ਹੈ।




---

# ਅੰਦਰੂਨੀ ਜੋਸ਼ ਲਈ ਖਾਓ ਖਜੂਰ

***'ਅੰਦਰੂਨੀ ਤਾਕਤ ਤੇ ਜੋਸ਼ ਬਰਕਰਾਰ ਰੱਖਣ ਲਈ ਠੰਢੇ ਮੌਸਮ 'ਚ ਸੁਆਦੀ ਫਲ ਖਜੂਰ ਗਰਮ ਦੁੱਧ ਨਾਲ ਲੈ ਸਕਦੇ ਹੋ। ਪੁਰਾਣੇ ਰੋਗਾਂ ਨਾਲ ਪੀੜਤ ਲੋਕ ਆਪਣੇ ਡਾਕਟਰ ਦੀ ਸਲਾਹ ਨਾਲ ਇਸਤੇਮਾਲ ਕਰਨ'।***



ਅਨਿਲ ਧੀਰ

ਸਰੀਰ ਤੇ ਮਨ ਦੇ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਣ ਲਈ ਠੰਢੇ ਮੌਸਮ ਦਾ ਫਲ ਖਜੂਰ ਖਾਣ ਦਾ ਸਮਾਂ ਆ ਗਿਆ ਹੈ। ਵਿਸ਼ਵ ਭਰ ਵਿਚ ਠੰਢ ਦੇ ਮੌਸਮ ਵਿਚ ਸਰੀਰ ਅੰਦਰ ਗਰਮੀ ਮਹਿਸੂਸ ਕਰਨ ਲਈ ਸੁਆਦੀ ਫਲ ਖਜੂਰ ਦੀ ਆਪਣੀ ਹੀ ਮਹੱਤਤਾ ਹੈ। ਹਜ਼ਾਰਾਂ ਸਾਲਾਂ ਤੋਂ ਮੱਧ ਪੂਰਬ ਅਤੇ ਸਿੰਧ ਘਾਟੀ ਵਿਚ ਖਜੂਰ ਭੋਜਨ ਦਾ ਖਾਸ ਹਿੱਸਾ ਰਹੀ ਹੈ। ਮੱਧ ਪੂਰਬ ਤੇ ਉੱਤਰੀ ਅਫਰੀਕਾ ਦੇ ਦੇਸ਼ ਮੁੱਖ ਉਤਪਾਦਕ ਰਹੇ ਹਨ। ਸਾਲਾਨਾ ਵਿਸ਼ਵ ਉਤਪਾਦਨ 8.5 ਮਿਲੀਅਨ ਮੀਟ੍ਰਿਕ ਦੇ ਬਰਾਬਰ ਹੈ।

ਇਰਾਕ, ਈਰਾਨ, ਅਰਬ, ਉੱਤਰੀ ਅਫਰੀਕਾ ਪੱਛਮ ਤੋਂ ਮੋਰਾਕੋ ਤੱਕ ਅਤੇ ਖਜੂਰ ਮੇਡਜੂਲ, ਡੇਗਲਟ ਨੌਰਥ ਅਮਰੀਕਾ ਤੇ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਦੱਖਣੀ ਫਲੋਰਿਡਾ ਵਿਚ ਅਤੇ ਮੈਕਸੀਕੋ ਵਿਚ ਸਨੌਰਾ ਤੇ ਬਾਜਾ ਕੈਲੀਫੋਰਨੀਆ ਵਿਚ ਕਾਸ਼ਤ ਕੀਤੀ ਜਾ ਰਹੀ ਹੈ। ਇਸਦਾ ਇਸਤੇਮਾਲ ਘਰੇਲੂ ਰਸੋਈ, ਮਿਠਾਈਆਂ ਤੇ ਬੇਕਰੀ ਪ੍ਰੋਡਕਟਸ ਵਿਚ ਕੀਤਾ ਜਾ ਰਿਹਾ ਹੈ।

100 ਗ੍ਰਾਮ ਫਲ ਖਜੂਰ ਵਿਚ ਕੈਲੋਰੀਜ਼-277, ਕਾਰਬਜ਼-75 ਗ੍ਰਾਮ, ਫਾਈਬਰ-7 ਗ੍ਰਾਮ, ਪ੍ਰੋਟੀਨ-2 ਗ੍ਰਾਮ, ਪੋਟਾਸ਼ੀਅਮ-20%, ਮੈਗਨੀਸ਼ੀਅਮ-14%, ਕੌਪਰ-18%, ਮੈਂਗਨੀਜ਼-15%, ਆਇਰਨ-5% ਅਤੇ ਵਿਟਾਮਿਨ ਬੀ-6 12%, ਬੋਰਾਨ, ਕੋਬਾਲਟ, ਫਲੋਰਾਈਨ, ਸੇਲੇਨੀਅਮ, ਜ਼ਿੰਕ ਵਗੈਰਾ ਮਿਲਦਾ ਹੈ। ਖਜੂਰ ਅੰਦਰ ਐਂਟੀ-ਆਕਸੀਡੈਂਟ, ਯਾਨਿ ਜੋ ਆਕਸੀਕਰਨ ਦੀ ਪ੍ਰਕਿਰਿਆ ਰੋਕ ਕੇ ਸਰੀਰ ਅੰਦਰ ਸੈੱਲਾਂ ਨੂੰ ਸੇਫ ਕਰ ਕੇ ਖਤਰਨਾਕ ਰੈਡੀਕਲਸ ਨੂੰ ਘੱਟ ਕਰਦਾ ਹੈ।

ਸਰੀਰਕ ਤੇ ਮਾਨਸਿਕ ਕਮਜ਼ੋਰੀ ਦੂਰ ਕਰਨ ਲਈ ਬੱਚੇ, ਔਰਤਾਂ, ਨੌਜਵਾਨ ਤੇ ਸੀਨੀਅਰਜ਼ ਤੰਦਰੁਸਤੀ ਲਈ ਇਸਦਾ ਫਾਇਦਾ ਲੈ ਸਕਦੇ ਹਨ। ਖਜੂਰ ਅੰਦਰ ਮੌਜੂਦ ਤੱਤ ਇਮੀਊਨਿਟੀ ਦੇ ਨਾਲ ਸਰੀਰਕ ਤੇ ਮਾਨਸਿਕ ਤਾਕਤ ਦਿੰਦੇ ਹਨ।



* ਸ਼ਾਦੀ-ਸ਼ੁਦਾ ਜੋੜਿਆਂ ਦੀ ਆਮ ਸਮੱਸਿਆ ਬਾਂਝਪਨ, ਜਿਸਦਾ ਕਾਰਨ ਤੰਬਾਕੂਨੋਸ਼ੀ, ਅਲਕੋਹਲ ਦਾ ਵੱਧ ਸੇਵਨ, ਰੇਡੀਏਸ਼ਨ ਦੇ ਵੱਧ ਐਕਸਪੋਜ਼ਰ ਵਗੈਰਾ ਮੰਨਿਆ ਜਾ ਰਿਹਾ ਹੈ। ਤੰਦਰੁਸਤ ਬੱਚੇ ਲਈ ਔਰਤ-ਮਰਦ ਰੋਜ਼ਾਨਾ 5-5 ਖਜੂਰਾਂ ਗਰਮ ਦੁੱਧ ਨਾਲ ਇਸਤੇਮਾਲ ਕਰ ਸਕਦੇ ਹਨ।

* ਖਜੂਰ ਅੰਦਰ ਮੌਜੂਦ ਤੱਤ ਬੀਟਾ ਡੀ-ਗਲੂਕਨ ਖਤਰਨਾਕ ਬਿਮਾਰੀ ਕੈਂਸਰ ਵਿਚ ਸਰੀਰ ਅੰਦਰ ਟਿਊਮਰ ਦੇ ਵਧਣ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ।

* ਕਮਜ਼ੋਰੀ ਕਾਰਨ ਚੱਕਰ ਆਉਣ ਦੀ ਹਾਲਤ ਵਿਚ ਸਰਦੀ ਦੇ ਮੌਸਮ ਵਿਚ 5-7 ਬਿਨਾ ਗੁਠਲੀ ਖਜੂਰ ਦੁੱਧ ਵਿੱਚ ਉਬਾਲ ਕੇ ਜਾਂ ਗਰਮ ਦੁੱਧ ਨਾਲ ਲਗਾਤਾਰ ਸੇਵਨ ਕਰੋ।

* ਕਬਜ਼ ਦੀ ਹਾਲਤ ਵਿਚ ਰਾਤ ਨੂੰ ਸੌਣ ਵੇਲੇ ਬਿਨਾ ਗੁਠਲੀ 6 ਖਜੂਰਾਂ 1 ਕੱਪ ਪਾਣੀ ਵਿਚ ਰਾਤ ਭਰ ਭਿਉਂ ਕੇ ਰੱਖੋ। ਸਵੇਰੇ ਜਾਗਦੇ ਹੀ ਬਿਨਾ ਬਰੱਸ਼ ਕੀਤੇ ਇਹ ਪਾਣੀ ਪੀਣ ਤੇ ਨਾਲ ਚਮਚੇ ਨਾਲ ਖਜੂਰ ਦੇ ਦਾਨੇ ਵੀ ਖਾ ਲੈਣ ਨਾਲ ਰਾਹਤ ਮਿਲਦੀ ਹੈ।

* ਪਿੱਠ ਦਰਦ ਦੀ ਹਾਲਤ ਵਿਚ 1 ਕੱਪ ਪਾਣੀ ਵਿਚ 5 ਖਜੂਰਾਂ ਬਿਨਾ ਗੁਠਲੀ, 1 ਚਮਚ ਮੇਥੀ ਪਾਊਡਰ ਮਿਕਸ ਕਰ ਕੇ ਉਬਾਲੋ। ਪਾਣੀ ਅੱਧਾ ਰਹਿ ਜਾਣ 'ਤੇ ਗੁਨਗੁਨਾ ਕਰ ਕੇ ਸਵੇਰੇ ਸ਼ਾਮ ਲਗਾਤਾਰ ਪੀਓ।

* ਕਮਜ਼ੋਰ ਪਾਚਣ ਸ਼ਕਤੀ ਵਾਲੇ ਅੱਧਾ ਚਮਚ ਅਜਵੈਨ 1 ਕੱਪ ਪਾਣੀ ਵਿਚ ਉਬਾਲੋ। ਇਸ ਪਾਣੀ ਨਾਲ ਸਵੇਰੇ ਸ਼ਾਮ 3-4 ਖਜੂਰਾਂ ਦਾ ਸੇਵਨ ਕਰੋ।

* ਗਠੀਆ ਤੋਂ ਪ੍ਰੇਸ਼ਾਨ ਬਿਨਾ ਗੁਠਲੀ 5 ਖਜੂਰਾਂ ਦੇ ਅੱਧਾ ਚਮਚ ਗਰਮ ਦੇਸੀ ਘਿਓ ਵਿਚ ਮਿਕਸ ਕਰਕੇ ਸੁਆਦ ਮੁਤਾਬਕ ਨਮਕ ਮਿਕਸ ਕਰ ਕੇ ਸਵੇਰੇ ਸ਼ਾਮ ਲਗਾਤਾਰ ਇਸਤੇਮਾਲ ਕਰੋ।

* ਚਲ ਰਹੀ ਖੋਜ ਅਨੁਸਾਰ ਖਜੂਰ ਸਰੀਰ ਅੰਦਰ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦੀ ਹੈ ਜੋ ਗਲੂਕੋਜ਼ ਦੇ ਲੈਵਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ। ਫਲ ਖਜੂਰ ਡਾਇਬਟੀਜ਼ ਦੀਆਂ ਮੌਜੂਦ ਸਿੰਥੈਟਿਕ ਦਵਾਈਆਂ ਦਾ ਬਦਲ ਬਣ ਸਕਦਾ ਹੈ।

* ਝੜਦੇ ਵਾਲਾਂ ਨੂੰ ਰੋਕਣ ਲਈ ਖਜੂਰ ਅੰਦਰ ਮੌਜੂਦ ਤੱਤਾਂ 'ਤੇ ਰਿਸਰਚ ਕੀਤੀ ਜਾ ਰਹੀ ਹੈ। ਖਜੂਰ ਵਿਚ ਮੌਜੂਦ ਆਇਰਨ ਆਦਿ ਤੱਤਾਂ ਕਾਰਨ ਬਲੱਡ ਸਰਕੂਲੇਸ਼ਨ ਵਧਾ ਕੇ ਖੋਪੜੀ ਨੂੰ ਪੋਸ਼ਣ ਮਿਲਦਾ ਹੈ।

***ਨੋਟ: ਕ੍ਰੋਨਿਕ ਬਿਮਾਰੀਆਂ ਦੇ ਸ਼ਿਕਾਰ, ਸੀਨੀਅਰਜ਼, ਡਾਇਬਟੀਜ਼ ਦੇ ਰੋਗੀ ਅਤੇ ਗਰਭਵਤੀ ਔਰਤਾਂ ਨੂੰ ਖਜੂਰ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।***

# ਨਿਵੇਕਲੀਆਂ ਫਿਲਮਾਂ ਵਾਲਾ ਫਰਹਾਨ ਅਖਤਰ






*ਫਿਲਮ 'ਅਗਨੀ' ਦਾ ਪੋਸਟਰ।*

ਅਦਾਕਾਰ ਅਤੇ ਫਿਲਮਸਾਜ਼ ਫ਼ਰਹਾਨ ਅਖ਼ਤਰ ਨੇ ਕਿਹਾ ਕਿ ਉਸ ਦਾ ਮਕਸਦ ਹਮੇਸ਼ਾ ਨਿਵੇਕਲੀਆਂ ਫਿਲਮਾਂ ਬਣਾਉਣਾ ਹੈ ਅਤੇ ਉਸ ਦੀ ਅਗਲੀ ਫਿਲਮ 'ਅਗਨੀ' ਅੱਗ ਬੁਝਾਊ ਕਰਮਚਾਰੀਆਂ ਦੀ ਅਜਿਹੀ ਕਹਾਣੀ ਪੇਸ਼ ਕਰੇਗੀ ਜੋ ਪਹਿਲਾਂ ਕਦੇ ਨਹੀਂ ਦੇਖੀ ਗਈ। ਇਸ ਫਿਲਮ ਦੇ ਨਿਰਦੇਸ਼ਕ ਰਾਹੁਲ ਢੋਲਕੀਆ ਹਨ। ਫਿਲਮ ਨੂੰ ਪ੍ਰਾਈਮ ਵੀਡੀਓ ਦੇ ਸਹਿਯੋਗ ਨਾਲ ਫਰਹਾਨ ਅਖ਼ਤਰ ਅਤੇ ਰਿਤੇਸ਼ ਸਿਧਵਾਨੀ ਦੇ ਐਕਸਲ ਐਂਟਰਟੇਨਮੈਂਟ ਨੇ ਬਣਾਇਆ ਹੈ। ਫਰਹਾਨ ਅਖਤਰ ਨੇ ਕਿਹਾ, "ਐਕਸਲ ਵਿਚ ਐਮਾਜ਼ਨ ਨਾਲ ਭਾਈਵਾਲੀ ਤਹਿਤ ਅਸੀਂ ਲੰਮੇ ਸਮੇਂ ਤੋਂ ਨਵੇਂ-ਨਵੇਂ ਪ੍ਰੋਜੈਕਟ ਬਣਾਉਣ ਦਾ ਯਤਨ ਕੀਤਾ ਹੈ ਤੇ ਵੱਖ-ਵੱਖ ਕਹਾਣੀਆਂ ਲੈ ਕੇ ਆਏ ਹਾਂ। ਇਹ ਕਹਾਣੀਆਂ ਆਮ ਜਾਂ ਕਿਸੇ ਅਜਿਹੇ ਫਾਰਮੂਲੇ ਤੋਂ ਵੱਖਰੀਆਂ ਹਨ ਜਿਸ ਦਾ ਰੁਝਾਨ ਚੱਲ ਰਿਹਾ ਹੈ।"

ਫਰਹਾਨ ਅਖ਼ਤਰ ਨੇ 'ਅਗਨੀ' ਦਾ ਟਰੇਲਰ ਲਾਂਚ ਕਰਨ ਮੌਕੇ ਦੱਸਿਆ, "ਅਸੀਂ ਸਦਾ ਚੰਗੇ ਕਾਰਜਾਂ ਲਈ ਕੋਸ਼ਿਸ਼ ਕਰਦੇ ਰਹਿੰਦੇ ਹਾਂ; ਕਦੇ ਅਸੀਂ ਸਫਲ ਹੁੰਦੇ ਹਾਂ ਤੇ ਕਦੇ ਨਹੀਂ ਵੀ ਹੁੰਦਾ ਪਰ ਸਾਡਾ ਸੁਹਿਰਦ ਅਤੇ ਸੰਜੀਦਾ ਯਤਨ ਜਾਰੀ ਰਹਿੰਦਾ ਹੈ। ਸਾਨੂੰ ਉਮੀਦ ਹੈ ਕਿ ਜਦੋਂ ਇਹ ਫਿਲਮ 'ਅਗਨੀ' ਆਵੇਗੀ ਤਾਂ ਅਸੀਂ ਸਾਰੇ ਇਸ ਨੂੰ ਦੇਖਾਂਗੇ। ਰਾਹੁਲ ਅਤੇ ਉਸ ਦੀ ਟੀਮ ਨੇ ਫਿਲਮ ਵਿਚ ਉਹ ਕੁਝ ਪੇਸ਼ ਕੀਤਾ ਹੈ ਜੋ ਵਾਕਈ ਦਿਲ ਨੂੰ ਛੂਹਣ ਵਾਲਾ ਹੈ।"

ਫਰਹਾਨ ਅਖਤਰ ਹੁਣ ਤੱਕ ਬਹੁਤ ਸਾਰਿਆਂ ਫਿਲਮਾਂ ਵਿਚ ਕੰਮ ਕਰ ਚੁੱਕਾ ਹੈ ਪਰ ਉਸ ਨੂੰ ਵਧੇਰੇ ਮਸ਼ਹੂਰੀ ਫਿਲਮ 'ਭਾਗ ਮਿਲਖਾ ਭਾਗ' ਕਰ ਕੇ ਮਿਲੀ ਸੀ। ਇਹ ਫਿਲਮ ਮਸ਼ਹੂਰ ਦੌੜਾਕ ਮਿਲਖਾ ਸਿੰਘ ਦੇ ਜੀਵਨ 'ਤੇ ਆਧਾਰਿਤ ਸੀ। ਇਸ ਮੌਕੇ ਫਿਲਮਸਾਜ਼ ਰਾਹੁਲ ਢੋਲਕੀਆ ਨੇ ਕਿਹਾ ਕਿ ਇਹ ਫਿਲਮ ਅੱਗ ਬੁਝਾਊ ਕਰਮਚਾਰੀਆਂ ਦੇ ਯੋਗਦਾਨ ਬਾਰੇ ਚਾਨਣਾ ਪਾਵੇਗੀ ਅਤੇ ਦੱਸੇਗੀ ਕਿ ਜ਼ਿੰਦਗੀ ਵਿਚ ਮਨੁੱਖਤਾ ਨਾਲ ਖੜ੍ਹਨ ਦਾ ਕੀ ਮਤਲਬ ਹੁੰਦਾ ਹੈ।

***-ਜਗਜੀਤ ਸਿੰਘ ਸੇਖੋਂ***



# 'ਟਾਇਟੈਨਿਕ' ਵਾਲੇ ਕੇਟ ਤੇ ਲਿਊ

ਸਾਲ 1997 ਵਿਚ ਆਈ ਮਿਸਾਲੀ ਫਿਲਮ 'ਟਾਇਟੈਨਿਕ' ਦੀ ਮਸ਼ਹੂਰ ਜੋੜੀ ਕੇਟ ਵਿੰਸਲੈੱਟ ਅਤੇ ਲਿਓਨਾਰਡੋ ਡੀਕੈਪਰੀਓ, ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਹਾਰਮਨੀ ਗੋਲਡ ਥੀਏਟਰ ਵਿਚ ਕੇਟ ਵਿੰਸਲੈੱਟ ਦੀ ਨਵੀਂ ਫਿਲਮ ਇਕੱਠੀ 'ਲੀ' ਦੇ ਪ੍ਰੀਮੀਅਰ ਮੌਕੇ ਮਿਲੀ ਤਾਂ ਦੋਹਾਂ ਨੇ ਇਕ-ਦੂਜੇ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਦੋਵੇਂ ਇਕ-ਦੂਜੇ ਉਤੇ ਇੰਝ ਮੁਹੱਬਤਾਂ ਨਿਛਾਵਰ ਕਰ ਰਹੇ ਸਨ ਜਿਵੇਂ ਕੋਈ ਦੋ ਜੀਅ ਜਨਮ-ਜਨਮਾਂਤਰਾਂ ਤੋਂ ਵਿਛੜੇ ਹੋਣ ਅਤੇ ਹੁਣੇ-ਹੁਣੇ ਹੀ ਮਿਲੇ ਹੋਣ। ਉਨ੍ਹਾਂ ਦੇ ਇਕ-ਦੂਜੇ ਲਈ ਇਸ ਪਿਆਰ-ਮੁਹੱਬਤ ਨੂੰ ਦੇਖ ਕੇ ਸਾਰੇ ਸਰਸ਼ਾਰ ਹੋ ਰਹੇ ਸਨ। ਯਾਦ ਰਹੇ ਕਿ ਇਨ੍ਹਾਂ ਦੋਹਾਂ ਲਈ 'ਟਾਈਟੈਨਿਕ' ਬੜੀ ਫਿਲਮ ਸਾਬਿਤ ਹੋਈ ਸੀ ਅਤੇ ਇਹ ਫਿਲਮ ਸੰਸਾਰ ਪੱਧਰ 'ਤੇ ਦੇਖੀ ਗਈ ਸੀ। ਇਸ ਫਿਲਮ ਤੋਂ ਬਾਅਦ ਦੋਵੇਂ ਫਿਲਮੀ ਦੁਨੀਆ ਵਿਚ ਛਾ ਗਏ ਅਤੇ ਮਗਰੋਂ ਉਨ੍ਹਾਂ ਆਪੋ-ਆਪਣਾ ਮੁਕਾਮ ਬਣਾਇਆ। ਉਹ ਆਖਦੇ ਹਨ ਕਿ ਉਨ੍ਹਾਂ ਦਾ ਅੱਜ ਵਾਲਾ ਮੁਕਾਮ 'ਟਾਇਟੈਨਿਕ' ਵਰਗੀ ਫਿਲਮ ਨਾਲ ਹੀ ਸੰਭਵ ਸੀ। ਉਹ ਇਸ ਇਕੋ ਫਿਲਮ ਨਾਲ ਬਹੁਤ ਸਾਰਾ ਸਫਰ ਇਕੋ ਝਟਕੇ ਨਾਲ ਤੈਅ ਕਰ ਆਏ ਸਨ। 'ਟਾਇਟੈਨਿਕ' ਫਿਲਮਸਾਜ਼ ਜੇਮਸ ਕੈਮਰੂਨ ਨੇ ਬਣਾਈ ਸੀ।

***-ਕੁਦਰਤ ਕੌਰ***

# ਨਵੇਂ ਅਦਾਕਾਰਾਂ ਦਾ ਮੁਦਈ ਮਨੋਜ

**ਰੇਸ਼ਮ ਸਿੰਘ**



ਮਸ਼ਹੂਰ ਅਦਾਕਾਰ ਮਨੋਜ ਬਾਜਪਾਈ ਦਾ ਕਹਿਣਾ ਹੈ ਕਿ ਉਸ ਨੂੰ ਨਵੇਂ ਅਦਾਕਾਰਾਂ ਨਾਲ ਕੰਮ ਕਰ ਕੇ ਬੜਾ ਆਨੰਦ ਆਉਂਦਾ ਹੈ ਬਲਕਿ ਉਹ ਤਾਂ ਕਹਿੰਦਾ ਹੈ ਕਿ ਉਸ ਨੂੰ ਨਵੇਂ ਕਲਾਕਾਰਾਂ ਨਾਲ ਕੰਮ ਕਰਦਿਆਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਹ ਆਖਦਾ ਹੈ, "ਨਵੇਂ ਕਲਾਕਾਰ ਅਸਲ ਵਿਚ ਮੇਰੀ ਰੂਹ ਦੀ ਖ਼ੁਰਾਕ ਹਨ। ਇਨ੍ਹਾਂ ਅੰਦਰਲੀ ਜਗਿਆਸਾ ਮੈਨੂੰ ਹੋਰ ਵਧੀਆ ਕੰਮ ਲਈ ਪ੍ਰੇਰਦੀ ਹੈ। ਇਹ ਲੋਕ ਮੇਰੀ ਪ੍ਰੇਰਨਾ ਦਾ ਸਰੋਤ ਹਨ।"

ਯਾਦ ਰਹੇ ਕਿ ਮਨੋਜ ਬਾਜਪਾਈ ਦੀ ਨਵੀਂ ਫਿਲਮ 'ਡਿਸਪੈਚ' 13 ਦਸੰਬਰ ਨੂੰ ਰਿਲੀਜ਼ ਹੋ ਰਹੀ ਹੈ ਅਤੇ ਇਸ ਵਿਚ ਨਵੀਂ ਅਦਾਕਾਰਾ ਅਰਚਿਤਾ ਅਹਿਮ ਭੂਮਿਕਾ ਨਿਭਾਅ ਰਹੀ ਹੈ। ਫਿਲਮ ਦੇ ਨਿਰਦੇਸ਼ਕ ਕਨੂ ਬਹਿਲ ਹਨ। ਮਨੋਜ ਦਾ ਦਾਅਵਾ ਕਿ ਇਸ ਫਿਲਮ ਲਈ ਉਸ ਨੇ ਪੂਰਾ ਜ਼ੋਰ ਲਗਾ ਦਿੱਤਾ ਹੈ। ਉਸ ਨੇ ਆਸ ਪ੍ਰਗਟਾਈ ਕਿ ਇਹ ਫਿਲਮ ਦਰਸ਼ਕਾਂ ਨੂੰ ਪਸੰਦ ਆਵੇਗੀ ਅਤੇ ਉਹ ਫਿਲਮ ਨੂੰ ਹੁੰਗਾਰਾ ਭਰਨਗੇ। ਇਸ ਫਿਲਮ ਵਿਚ ਮਨੋਜ ਅਤੇ ਅਰਚਿਤਾ ਤੋਂ ਇਲਾਵਾ ਸ਼ਹਾਨਾ ਗੋਸਵਾਮੀ, ਆਨੰਦ ਅਲਕੁੰਤੇ ਵਰਗੇ ਅਦਾਕਾਰਾਂ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਕੌਮਾਂਤਰੀ ਭਾਰਤੀ ਫਿਲਮ ਮੇਲੇ ਵਿਚ ਇਹ ਫਿਲਮ ਉਚੇਚੇ ਤੌਰ 'ਤੇ ਦਿਖਾਈ ਗਈ। ਇਹ ਫਿਲਮ ਇਕ ਪੱਤਰਕਾਰ ਦੇ ਜੀਵਨ ਅਤੇ ਕੰਮਕਾਰ ਦੁਆਲੇ ਘੁੰਮਦੀ ਹੈ। ਇਸ ਫਿਲਮ ਵਿਚ ਮੁੰਬਈ ਦੇ ਮਾਹੌਲ ਨੂੰ ਬੜੀ ਬਾਰੀਕੀ ਨਾਲ ਪੇਸ਼ ਕੀਤਾ ਗਿਆ ਹੈ।

# ਸ਼ੂਜੀਤ ਸਰਕਾਰ ਦੀ ਸਰਦਾਰੀ

**ਆਮਨਾ ਕੌਰ**



ਫਿਲਮਸਾਜ਼ ਸ਼ੂਜੀਤ ਸਰਕਾਰ ਨੇ ਕੁਇਜ਼ ਆਧਾਰਿਤ ਰਿਐਲਟੀ ਸ਼ੋਅ 'ਕੌਨ ਬਣੇਗਾ ਕਰੋੜਪਤੀ' (ਕੇ.ਬੀ.ਸੀ.) ਦੇ ਪਹਿਲੇ ਸੀਜ਼ਨ ਦਾ ਨਿਰਦੇਸ਼ਨ ਕੀਤਾ ਸੀ। ਇਹ ਖੁਲਾਸਾ ਸੁਪਰ ਸਟਾਰ ਅਮਿਤਾਭ ਬੱਚਨ ਦੀ ਮੇਜ਼ਬਾਨੀ ਵਿਚ 'ਕੌਨ ਬਣੇਗਾ ਕਰੋੜਪਤੀ' ਦੇ ਨਵੇਂ ਐਪੀਸੋਡ ਦੌਰਾਨ ਹੋਇਆ ਜਿਸ 'ਚ ਸ਼ੂਜੀਤ ਸਰਕਾਰ ਵੀ ਪੁੱਜੇ ਹੋਏ ਸਨ। ਯਾਦ ਰਹੇ ਕਿ ਸ਼ੂਜੀਤ ਸਰਕਾਰ ਦੀ ਨਵੀਂ ਫਿਲਮ 'ਆਈ ਵਾਂਟ ਟੂ ਟਾਕ' ਦੇ 22 ਨਵੰਬਰ ਨੂੰ ਰਿਲੀਜ਼ ਹੋ ਗਈ ਹੈ। ਰਿਐਲਟੀ ਸ਼ੋਅ 'ਕੌਨ ਬਣੇਗਾ ਕਰੋੜਪਤੀ' ਦੇ ਨਿਰਮਾਤਾਵਾਂ ਵੱਲੋਂ ਇੱਕ ਐਪੀਸੋਡ ਦੀ ਕਲਿੱਪ ਸਾਂਝੀ ਕੀਤੀ ਗਈ ਹੈ ਜਿਸ 'ਚ ਅਮਿਤਾਭ ਬੱਚਨ ਦਰਸ਼ਕਾਂ ਨੂੰ ਇਹ ਦੱਸਦੇ ਸੁਣਾਈ ਦਿੰਦੇ ਹਨ ਕਿ ਸ਼ੂਜੀਤ ਸਰਕਾਰ ਇਸ ਪ੍ਰਸਿੱਧ ਸ਼ੋਅ ਦੇ ਪਹਿਲੇ ਨਿਰਦੇਸ਼ਕ ਸਨ।

ਅਮਿਤਾਭ ਬੱਚਨ ਨੇ ਕਿਹਾ, "ਤੁਹਾਨੂੰ ਦੱਸ ਦਈਏ ਕਿ ਜਦੋਂ ਸਾਲ 2000 ਵਿੱਚ 'ਕੇ.ਬੀ.ਸੀ.' ਸ਼ੁਰੂ ਹੋਇਆ ਸੀ ਤਾਂ ਸ਼ੂਜੀਤ ਇਸ ਸ਼ੋਅ ਦੇ ਨਿਰਦੇਸ਼ਕ ਸਨ।"

ਸ਼ੂਜੀਤ ਸਰਕਾਰ ਨੇ ਕਿਹਾ, "ਉਸ ਵਕਤ ਮੈਂ ਆਨਲਾਈਨ ਨਿਰਦੇਸ਼ਨ ਵਿਚ ਸੀ। ਉਹ ਕੰਟਰੋਲ ਰੂਮ ਵਿਚ ਬੈਠੇ ਸਨ ਤੇ ਸਿਧਾਰਥ ਬਾਸੂ ਜਿਸ ਨੂੰ ਅਸੀਂ ਪਿਆਰ ਨਾਲ ਬਾਬੂ ਕਹਿੰਦੇ ਸਾਂ, ਨੇ ਮੈਨੂੰ ਦਿੱਲੀ ਵਿਚ ਉਨ੍ਹਾਂ ਦੀ ਮਦਦ ਲਈ ਅਪੀਲ ਕੀਤੀ ਸੀ ਅਤੇ ਉਹ ਪਹਿਲੀ ਵਾਰ ਕੇ.ਬੀ.ਸੀ. ਲਈ ਮੁੰਬਈ ਆਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਕਦੇ ਮੁੰਬਈ ਨਹੀਂ ਸੀ ਦੇਖਿਆ। ਅਸੀਂ ਕਹਿੰਦੇ ਹਾਂ ਕਿ ਜ਼ਿੰਦਗੀ ਦਾ ਪਹੀਆ ਘੁੰਮਦਾ ਹੈ। ਉੱਥੇ ਮੈਂ ਤੁਹਾਨੂੰ ਮਿਲਿਆ ਤੇ ਤੁਹਾਡੇ ਨਾਲ ਫਿਲਮ ਵੀ ਕੀਤੀ ਅਤੇ ਅੱਜ ਮੈਂ ਇੱਥੇ ਬੈਠਾ ਹਾਂ।"

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 247 Dixon rd Milpitas ca 95035
2. 6388 Broadway Ave Newark CA 94560
3. 475 Hermosa St Lathrop Ca 95330
4. 4415 Margery Dr. Fremont CA 94538
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 1783 Egret ct Hayward CA 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20